Watch
PUNJAB MAIL USA
TV Channel
On IP box, App, Website
For Advertisement
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

REALTYONEGROUP

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR
916-320-9444

Vol. 17, Issue- 741, 16 to 22 Mar. 2023, Ph: 916-320-9444, E-mail: punjabmailusa@yahoo.com, Web: punjabmailusa.com

## ਜੀ-20 ਸੰਮੇਲਨ ਦੀ ਅੰਮ੍ਰਿਤਸਰ 'ਚ ਸ਼ੁਰੂਆਤ




■ ਜੀ-20 ਨਾਲ ਸਬੰਧਿਤ 28 ਮੁਲਕਾਂ ਦੇ ਲਗਭਗ 55 ਡੈਲੀਗੇਟ ਹੋਣਗੇ ਸ਼ਾਮਲ




ਅੰਮ੍ਰਿਤਸਰ/ਚੰਡੀਗੜ੍ਹ, (ਪੰਜਾਬ ਮੇਲ)- ਭਾਰਤ ਦੇ ਇਤਿਹਾਸਕ ਅਤੇ ਧਾਰਮਿਕ ਸ਼ਹਿਰ ਅੰਮ੍ਰਿਤਸਰ ਗੁਰੂ ਨਗਰੀ ਵਿਖੇ ਜੀ-20 ਸੰਮੇਲਨ ਦੀ ਸ਼ੁਰੂਆਤ ਹੋ ਚੁੱਕੀ ਹੈ। ਇਸ ਦੇ ਮੱਦੇਨਜ਼ਰ ਵਿਦੇਸ਼ੀ ਡੈਲੀਗੇਟ ਅੰਮ੍ਰਿਤਸਰ ਵਿਖੇ ਪਹੁੰਚ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਿਦੇਸ਼ ਤੋਂ ਆਉਣ ਵਾਲੇ ਮਹਿਮਾਨਾਂ ਦਾ ਸੁਆਗਤ ਕੀਤਾ ਗਿਆ ਹੈ।

ਭਾਰਤ ਸਰਕਾਰ ਵੱਲੋਂ ਕਾਫੀ ਸਮਾਂ ਪਹਿਲਾਂ ਪੰਜਾਬ ਸਰਕਾਰ ਨੂੰ ਇਸ ਸੰਮੇਲਨ ਸਬੰਧੀ ਸੂਚਿਤ ਕਰ ਦਿੱਤਾ ਗਿਆ ਸੀ ਤੇ ਇਸ ਮੰਤਵ ਲਈ 100 ਕਰੋੜ ਦੀ ਰਾਸ਼ੀ ਵੀ ਜਾਰੀ ਕੀਤੀ ਗਈ ਸੀ। ਸੰਮੇਲਨ 'ਚ ਜੀ-20 ਨਾਲ ਸਬੰਧਿਤ 28 ਮੁਲਕਾਂ ਦੇ ਲਗਭਗ 55 ਡੈਲੀਗੇਟ ਸ਼ਾਮਲ ਹੋਣਗੇ। ਕੇਂਦਰੀ ਸਿੱਖਿਆ ਮੰਤਰਾਲੇ ਵੱਲੋਂ ਕਰਵਾਏ ਜਾ ਰਹੇ ਸੰਮੇਲਨ 'ਚ ਸੈਮੀਨਾਰ, ਪ੍ਰਦਰਸ਼ਨੀਆਂ ਅਤੇ ਵੱਖ-ਵੱਖ ਕਾਰਜ ਸਮੂਹ ਦੀਆਂ ਮੀਟਿੰਗਾਂ ਸ਼ਾਮਲ ਹੋਣਗੀਆਂ। ਜੀ-20 ਦੇ ਸਾਰੇ ਮੈਂਬਰ ਰਲ ਬੈਠਣਗੇ ਅਤੇ ਜੀ-20 ਦੇਸ਼ਾਂ ਦੇ ਨੌਜਵਾਨਾਂ ਦੇ ਭਵਿੱਖ ਲਈ ਕੀ ਕੀਤਾ ਜਾ ਸਕਦਾ, ਇਸ ਲਈ ਵਿਚਾਰਾਂ ਕਰਨਗੇ। ਸਿਖਰ ਸੰਮੇਲਨ ਵਿਚ ਪੈਨਲ ਡਿਸਕਸ਼ਨ ਨੂੰ ਚਾਰ ਪੜਾਵਾਂ ਵਿਚ ਵੰਡਿਆ ਗਿਆ ਹੈ।

ਦੱਸਣਯੋਗ ਹੈ ਕਿ ਇਹ ਜੀ-20 ਸੰਮੇਲਨ ਅੰਮ੍ਰਿਤਸਰ ਦੇ ਖ਼ਾਲਸਾ ਕਾਲਜ ਵਿਖੇ ਹੋ ਰਿਹਾ ਹੈ। ਇਸ ਸੰਮੇਲਨ ਦੌਰਾਨ 15 ਤੋਂ 17 ਮਾਰਚ ਤੱਕ ਸਿੱਖਿਆ ਖੇਤਰ 'ਚ ਹੋਈਆਂ ਨਵੀਆਂ ਖੋਜਾਂ 'ਤੇ ਵਿਚਾਰ ਕੀਤਾ ਜਾਵੇਗਾ। ਇਸ ਤੋਂ ਇਲਾਵਾ ਕੋਰੋਨਾ ਕਾਲ 'ਚ ਪੂਰੀ ਦੁਨੀਆਂ 'ਚ ਸਿੱਖਿਆ ਦੇ ਖੇਤਰ 'ਚ ਹੋ ਚੁੱਕੇ ਨੁਕਸਾਨ 'ਤੇ ਵੀ ਚਰਚਾ ਕੀਤੀ ਜਾਣੀ ਹੈ।

## ਤੇਜ਼ ਝੱਖੜ ਅਤੇ ਭਾਰੀ ਬਾਰਿਸ਼ ਨੇ ਕੈਲੀਫੋਰਨੀਆ ਦਾ ਜਨਜੀਵਨ ਕੀਤਾ ਅਸਤ-ਵਿਅਸਤ

■ ਰਾਸ਼ਟਰਪਤੀ ਵੱਲੋਂ ਮਦਦ ਦਾ ਐਲਾਨ


ਕੈਲੀਫੋਰਨੀਆ 'ਚ ਤੂਫਾਨ ਅਤੇ ਭਾਰੀ ਬਾਰਿਸ਼ ਕਾਰਨ ਪ੍ਰਭਾਵਿਤ ਹੋਏ ਇਲਾਕਿਆਂ ਦੀ ਤਸਵੀਰ।

ਸੈਕਰਾਮੈਂਟੋ, (ਪੰਜਾਬ ਮੇਲ)- ਕੈਲੀਫੋਰਨੀਆ ਵਿਚ ਤੂਫ਼ਾਨ, ਭਾਰੀ ਬਾਰਿਸ਼ ਅਤੇ ਬਰਫਬਾਰੀ ਨੇ ਜਨਜੀਵਨ ਅਸਤ-ਵਿਅਸਤ ਕਰ ਦਿੱਤਾ ਹੈ, ਜਿਸ ਨਾਲ ਬਹੁਤ ਸਾਰੀਆਂ ਸੜਕਾਂ ਅਤੇ ਫਰੀਵੇਅ ਦੇ ਉੱਤੋਂ ਦੀ ਪਾਣੀ ਲੰਘਣਾ ਸ਼ੁਰੂ ਹੋ ਗਿਆ ਹੈ, ਜਿਸ ਕਾਰਨ ਆਵਾਜਾਈ ਵਿਚ ਭਾਰੀ ਵਿਘਨ ਪਿਆ ਹੈ। ਬਹੁਤੇ ਦਰਿਆ ਅਤੇ ਨਹਿਰਾਂ ਖਤਰੇ ਦੇ ਨਿਸ਼ਾਨ ਤੋਂ ਉਪਰ ਚੱਲ ਰਹੇ ਹਨ। ਮੌਸਮ ਵਿਭਾਗ ਵੱਲੋਂ ਹੜ੍ਹ ਦੇ ਖਤਰੇ ਨੂੰ ਦੇਖਦਿਆਂ ਹੋਇਆ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ। ਕਈ ਥਾਵਾਂ 'ਤੇ ਦਰੱਖਤ ਅਤੇ ਢਿੱਗਾਂ ਡਿੱਗਣ ਦੇ ਸਮਾਚਾਰ ਪ੍ਰਾਪਤ ਹੋਏ ਹਨ, ਜਿਸ ਨਾਲ ਰਸਤੇ ਬੰਦ ਹੋ ਗਏ ਹਨ। ਇਸ ਨਾਲ ਬਹੁਤ ਸਾਰੀਆਂ ਇਮਾਰਤਾਂ ਨੂੰ ਵੀ ਨੁਕਸਾਨ ਪੁੱਜਾ ਹੈ। ਕਈ ਥਾਵਾਂ 'ਤੇ ਪਾਣੀ 6 ਫੁੱਟ ਤੋਂ ਵੀ ਵੱਧ ਖੜ੍ਹਾ ਹੈ ਅਤੇ ਬਰਫਬਾਰੀ 8-8 ਫੁੱਟ ਤੱਕ ਪੈ ਚੁੱਕੀ ਹੈ। ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਵੱਲੋਂ ਦਰਿਆਵਾਂ ਅਤੇ ਨਦੀਆਂ ਵਿਚ

■ ਬਾਕੀ ਖਬਰ ਸਫਾ 15 'ਤੇ

## ਗੋਲਡੀ ਬਰਾੜ ਤੇ ਸਚਿਨ ਨੇ ਕਰਵਾਇਆ ਸਿੱਧੂ ਮੂਸੇਵਾਲਾ ਦਾ ਕਤਲ: ਗੈਂਗਸਟਰ ਲਾਰੈਂਸ ਬਿਸ਼ਨੋਈ

■ ਬਿਸ਼ਨੋਈ ਵੱਲੋਂ ਇਕ ਟੀ.ਵੀ. ਚੈਨਲ ਨੂੰ ਦਿੱਤੇ ਇੰਟਰਵਿਊ ਨੇ ਮਚਾਈ ਹਲਚਲ
■ ਬਾਲੀਵੁੱਡ ਐਕਟਰ ਸਲਮਾਨ ਖਾਨ ਨੂੰ ਇਕ ਵਾਰ ਫਿਰ ਦਿੱਤੀ ਧਮਕੀ



ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ 'ਚ ਪੰਜਾਬ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਖ਼ਤਰਨਾਕ ਗੈਂਗਸਟਰ ਲਾਰੈਂਸ ਬਿਸ਼ਨੋਈ ਵੱਲੋਂ ਇਕ ਟੀ.ਵੀ. ਚੈਨਲ ਨੂੰ ਦਿੱਤੇ ਗਏ ਇੰਟਰਵਿਊ ਨੇ ਹਲਚਲ ਮਚਾ ਦਿੱਤੀ ਹੈ। ਇੰਟਰਵਿਊ 'ਚ ਬਿਸ਼ਨੋਈ ਨੇ ਨਾ ਸਿਰਫ ਸਿੱਧੂ ਮੂਸੇਵਾਲਾ ਦੇ ਕਤਲ ਨੂੰ ਸਹੀ ਠਹਿਰਾਇਆ, ਸਗੋਂ ਬਾਲੀਵੁੱਡ ਐਕਟਰ ਸਲਮਾਨ ਖਾਨ ਨੂੰ ਵੀ ਇਕ ਵਾਰ ਫਿਰ ਧਮਕੀ ਦਿੱਤੀ। ਧਿਆਨ ਰਹੇ ਕਿ ਮੌਜੂਦਾ ਸਮੇਂ 'ਚ ਬਿਸ਼ਨੋਈ ਬਠਿੰਡਾ ਜੇਲ੍ਹ ਵਿਚ ਬੰਦ ਹੈ।

ਇੰਟਰਵਿਊ 'ਚ ਲਾਰੈਂਸ ਬਿਸ਼ਨੋਈ ਨੇ ਕਿਹਾ ਹੈ ਕਿ ਸਿੱਧੂ ਮੂਸੇਵਾਲਾ ਦੇ ਨਾਲ ਉਨ੍ਹਾਂ ਦੀ ਕੋਈ ਦੁਸ਼ਮਣੀ ਨਹੀਂ ਸੀ ਪਰ ਵਿੱਕੀ ਮਿੱਡੂਖੇੜਾ, ਜਿਸ ਨੂੰ ਉਹ ਆਪਣਾ ਭਰਾ ਮੰਨਦਾ ਸੀ, ਉਸ ਦਾ ਕਤਲ

■ ਬਾਕੀ ਖਬਰ ਸਫਾ 15 'ਤੇ

## ਅਮਰੀਕਾ ਦੇ ਵੱਡੇ ਬੈਂਕਾਂ 'ਚ ਸ਼ਾਮਲ ਸਿਲੀਕਾਨ ਵੈਲੀ ਬੈਂਕ ਡੁੱਬਿਆ




■ ਬੈਂਕ ਦੇ ਦੀਵਾਲੀਆ ਹੋਣ ਤੋਂ ਬਾਅਦ ਉਸ ਦੀ ਸੰਪਤੀ ਹੋਈ ਜ਼ਬਤ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੇ ਵੱਡੇ ਬੈਂਕਾਂ 'ਚ ਸ਼ਾਮਲ ਸਿਲੀਕਾਨ ਵੈਲੀ ਬੈਂਕ (ਐੱਸ.ਵੀ.ਬੀ.) ਡੁੱਬ ਗਿਆ ਹੈ। ਬੈਂਕ ਦੇ ਦੀਵਾਲੀਆ ਹੋਣ ਤੋਂ ਬਾਅਦ ਉਸ ਦੀ ਸੰਪਤੀ ਜ਼ਬਤ ਕਰ ਲਈ ਗਈ ਹੈ। ਬੈਂਕ ਬੰਦ ਹੋਣ ਕਾਰਨ ਅਮਰੀਕੀ ਬੈਂਕਿੰਗ ਸੈਕਟਰ ਮੁਸ਼ਕਲਾਂ 'ਚ ਘਿਰ ਗਿਆ ਹੈ ਅਤੇ ਇਸ ਦਾ ਅਸਰ ਦੁਨੀਆਂ ਭਰ 'ਚ ਦੇਖਣ ਨੂੰ ਮਿਲਿਆ ਹੈ। ਇਸ ਕਾਰਨ ਭਾਰਤੀ ਸ਼ੇਅਰ ਬਾਜ਼ਾਰ 'ਚ ਸ਼ੁੱਕਰਵਾਰ ਨੂੰ ਗਿਰਾਵਟ ਦਰਜ ਹੋਈ ਅਤੇ ਦੁਨੀਆਂ 'ਚ ਮੰਦੀ ਦਾ ਖ਼ਤਰਾ ਮੁੜ ਸਤਾਉਣ ਲੱਗ ਪਿਆ ਹੈ। ਬੈਂਕ ਬੰਦ ਹੋ ਜਾਣ ਕਾਰਨ ਕਈ ਭਾਰਤੀ ਸਟਾਰਟਅੱਪਸ ਚਿੰਤਿਤ ਹੋ ਗਏ ਹਨ ਕਿਉਂਕਿ ਉਨ੍ਹਾਂ ਵੱਲੋਂ ਉਗਰਾਹੇ ਫੰਡ ਹੁਣ ਫਸ ਸਕਦੇ ਹਨ। ਜਾਣਕਾਰੀ ਮੁਤਾਬਕ ਬੈਂਕ ਨੇ ਭਾਰਤ 'ਚ 21 ਸਟਾਰਟਅੱਪਸ 'ਚ ਪੈਸਾ ਲਗਾਇਆ ਸੀ। ਕੈਲੀਫੋਰਨੀਆ ਦੇ ਡਿਪਾਰਟਮੈਂਟ ਆਫ਼ ਫਾਇਨਾਂਸ਼ੀਅਲ ਪ੍ਰੋਟੈਕਸ਼ਨ ਐਂਡ ਇਨੋਵੇਸ਼ਨ ਨੇ ਬੈਂਕ ਦੀ ਮਾੜੀ ਵਿੱਤੀ ਹਾਲਤ ਨੂੰ ਦੇਖਦਿਆਂ ਇਸ ਨੂੰ ਬੰਦ ਕਰਨ ਦੇ ਨਿਰਦੇਸ਼ ਦਿੱਤੇ ਹਨ। ਸਿਲੀਕਾਨ

■ ਬਾਕੀ ਖਬਰ ਸਫਾ 15 'ਤੇ

### ਸਿਲੀਕਾਨ ਵੈਲੀ ਬੈਂਕ ਤੋਂ ਬਾਅਦ ਸਿਗਨੇਚਰ ਬੈਂਕ ਵੀ ਅਸਥਾਈ ਤੌਰ 'ਤੇ ਬੰਦ

ਨਵੀਂ ਦਿੱਲੀ, (ਪੰਜਾਬ ਮੇਲ)- ਸਿਲੀਕਾਨ ਵੈਲੀ ਬੈਂਕ (ਐੱਸ.ਵੀ.ਬੀ.) ਤੋਂ ਬਾਅਦ ਹੁਣ ਸਿਗਨੇਚਰ ਬੈਂਕ ਨੂੰ ਵੀ ਅਸਥਾਈ ਤੌਰ 'ਤੇ ਬੰਦ ਕਰ ਦਿੱਤਾ ਗਿਆ ਹੈ। ਸਿਗਨੇਚਰ ਬੈਂਕ ਕੋਲ ਕ੍ਰਿਪਟੋਕਰੰਸੀ ਦਾ ਸਟਾਕ ਸੀ। ਇਸ ਦੇ ਖਤਰੇ ਨੂੰ ਦੇਖਦੇ ਹੋਏ ਬੈਂਕ ਨੂੰ ਕੁਝ ਸਮੇਂ ਲਈ ਬੰਦ ਕਰ ਦਿੱਤਾ ਗਿਆ ਹੈ। ਇਸ ਬੈਂਕ ਦੇ ਸ਼ੇਅਰਾਂ 'ਚ ਸ਼ੁੱਕਰਵਾਰ ਨੂੰ ਵੀ ਗਿਰਾਵਟ ਦੇਖਣ ਨੂੰ ਮਿਲੀ। ਸਿਗਨੇਚਰ ਬੈਂਕ ਨਿਊਯਾਰਕ ਵਿਚ ਇੱਕ ਖੇਤਰੀ ਬੈਂਕ ਹੈ। ਨਿਊਯਾਰਕ ਸਟੇਟ ਡਿਪਾਰਟਮੈਂਟ ਆਫ ਫਾਈਨੈਂਸ਼ੀਅਲ ਸਰਵਿਸਿਜ਼ ਅਨੁਸਾਰ ਫੈਡਰਲ ਡਿਪਾਜ਼ਿਟ ਇੰਸ਼ੋਰੈਂਸ ਕਾਰਪੋਰੇਸ਼ਨ (ਐੱਫ.ਡੀ.ਆਈ.ਸੀ.) ਨੇ ਸਿਗਨੇਚਰ ਨੂੰ ਸੰਭਾਲਿਆ, ਜਿਸਦੀ ਪਿਛਲੇ ਸਾਲ ਦੇ ਅੰਤ ਵਿਚ 110.36 ਬਿਲੀਅਨ ਡਾਲਰ ਦੀ ਜਾਇਦਾਦ ਸੀ। ਅਮਰੀਕੀ ਖਜ਼ਾਨਾ ਵਿਭਾਗ ਅਤੇ ਹੋਰ ਬੈਂਕ ਰੈਗੂਲੇਟਰਾਂ ਨੇ ਇੱਕ ਸਾਂਝੇ ਬਿਆਨ ਵਿਚ ਕਿਹਾ, "ਕਰਦਾਤਿਆਂ ਨੂੰ ਸਿਗਨੇਚਰ ਬੈਂਕ ਅਤੇ ਸਿਲੀਕਾਨ ਵੈਲੀ ਬੈਂਕ ਦੇ ਕਿਸੇ ਵੀ ਨੁਕਸਾਨ ਦਾ ਬੋਝ ਨਹੀਂ ਝੱਲਣਾ ਪਵੇਗਾ।"

## ਨੌਕਰੀ ਗਵਾਉਣ ਵਾਲੇ ਐੱਚ1-ਬੀ ਕਰਮਚਾਰੀਆਂ ਲਈ ਗ੍ਰੇਸ ਪੀਰੀਅਡ ਵਧਾਉਣ ਦੀ ਸਿਫ਼ਾਰਸ਼

■ ਬਾਇਡਨ ਦੀ ਸਲਾਹਕਾਰ ਉਪ-ਕਮੇਟੀ ਵੱਲੋਂ ਗ੍ਰੇਸ ਪੀਰੀਅਡ 60 ਦਿਨ ਤੋਂ ਵਧਾ ਕੇ 180 ਦਿਨ ਕਰਨ ਦੀ ਸਿਫ਼ਾਰਸ਼

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੀ ਇਕ ਸਲਾਹਕਾਰ ਉਪ-ਕਮੇਟੀ ਨੇ ਨੌਕਰੀ ਗਵਾਉਣ ਵਾਲੇ ਐੱਚ1-ਬੀ ਵੀਜ਼ਾ ਧਾਰਕ ਕਰਮਚਾਰੀਆਂ ਲਈ ਮੌਜੂਦਾ ਰਿਆਇਤ ਦੀ ਮਿਆਦ (ਗ੍ਰੇਸ ਪੀਰੀਅਡ) 60 ਦਿਨ ਤੋਂ ਵਧਾ ਕੇ 180 ਦਿਨ ਕਰਨ ਦੀ ਸਿਫਾਰਿਸ਼ ਕੀਤੀ ਹੈ, ਤਾਂ ਕਿ ਕਰਮਚਾਰੀਆਂ ਨੂੰ ਨਵੀਂ ਨੌਕਰੀ ਲੱਭਣ ਲਈ

■ ਬਾਕੀ ਖਬਰ ਸਫਾ 15 'ਤੇ

## ਅਮਰੀਕਾ 'ਚ 2021 ਦੌਰਾਨ ਨਫਰਤੀ ਅਪਰਾਧ ਦੇ ਮਾਮਲਿਆਂ 'ਚ ਹੋਇਆ ਵਾਧਾ

■ ਐੱਫ.ਬੀ.ਆਈ. ਨੇ ਕੀਤਾ ਖੁਲਾਸਾ
■ ਜਾਰੀ ਅੰਕੜਿਆਂ ਮੁਤਾਬਕ ਨਫਰਤੀ ਅਪਰਾਧ ਮਾਮਲਿਆਂ 'ਚ 12 ਫੀਸਦੀ ਦਾ ਵਾਧਾ ਹੋਇਆ



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ 2021 ਵਿਚ ਨਫ਼ਰਤੀ ਅਪਰਾਧ ਦੇ ਮਾਮਲਿਆਂ 'ਚ ਇਕ ਵਾਰ ਫਿਰ ਵਾਧਾ ਦਰਜ ਕੀਤਾ ਗਿਆ, ਇਨ੍ਹਾਂ ਵਿਚ ਸਿੱਖ ਵੀ ਭਾਰੀ ਗਿਣਤੀ ਵਿਚ ਸ਼ਾਮਲ ਹਨ। ਇਹ ਜਾਣਕਾਰੀ ਅਮਰੀਕਾ ਦੇ ਨਿਆਂ ਵਿਭਾਗ ਦੀ ਏਜੰਸੀ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐੱਫ.ਬੀ.ਆਈ.) ਨੇ ਦਿੱਤੀ। ਫੈਡਰਲ ਇਨਵੈਸਟੀਗੇਸ਼ਨ ਏਜੰਸੀ ਵੱਲੋਂ ਸੋਮਵਾਰ ਨੂੰ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ ਅਜਿਹੇ ਮਾਮਲਿਆਂ 'ਚ 12 ਫੀਸਦੀ ਦਾ ਵਾਧਾ ਹੋਇਆ ਹੈ, ਜਦਕਿ ਪਿਛਲੀ ਅਧੂਰੀ ਰਿਪੋਰਟ 'ਚ ਕਿਹਾ ਗਿਆ ਸੀ ਕਿ ਮਾਮਲਿਆਂ 'ਚ ਕਮੀ ਆਈ ਹੈ। ਹਾਲਾਂਕਿ ਰਿਪੋਰਟ ਵਿਚ ਨਿਊਯਾਰਕ ਅਤੇ ਲਾਸ ਏਂਜਲਸ ਸਮੇਤ ਦੇਸ਼ ਦੇ ਕੁਝ ਵੱਡੇ ਸ਼ਹਿਰਾਂ ਦੇ ਅੰਕੜੇ ਨਹੀਂ ਹਨ।

ਕੈਲੀਫੋਰਨੀਆ ਸਟੇਟ ਯੂਨੀਵਰਸਿਟੀ-ਸਾਨ ਬਰਨਾਰਡੀਨੋ ਵਿਖੇ ਸੈਂਟਰ ਫਾਰ ਦ ਸਟੱਡੀ ਆਫ ਹੇਟ ਐਂਡ ਕ੍ਰਾਈਮ ਦੇ ਡਾਇਰੈਕਟਰ ਬ੍ਰਾਇਨ ਲੇਵਿਨ ਨੇ ਕਿਹਾ ਕਿ ਦਹਾਕਿਆਂ ਵਿਚ ਨਫ਼ਰਤ ਦੇ ਅਪਰਾਧ ਸਭ ਤੋਂ ਵੱਧ ਹਨ। ਉਨ੍ਹਾਂ ਨੇ ਕਿਹਾ ਕਿ "ਅਸੀਂ ਇੱਕ ਅਜਿਹੇ ਚਿੰਤਾਜਨਕ ਸਮੇਂ ਵਿਚ ਰਹਿ ਰਹੇ ਹਾਂ, ਜਿੱਥੇ ਨਫ਼ਰਤੀ ਅਪਰਾਧ ਵੱਧ ਰਹੇ ਹਨ"। ਐੱਫ.ਬੀ.ਆਈ. ਦੀ ਰਿਪੋਰਟ ਅਨੁਸਾਰ ਪੀੜਤਾਂ ਵਿਚੋਂ ਜ਼ਿਆਦਾਤਰ 64.5 ਪ੍ਰਤੀਸ਼ਤ ਨੂੰ ਉਨ੍ਹਾਂ ਦੀ ਨਸਲ, ਜਾਤੀ ਜਾਂ ਵੰਸ਼ ਕਾਰਨ ਨਿਸ਼ਾਨਾ ਬਣਾਇਆ ਗਿਆ। ਹੋਰ 16 ਪ੍ਰਤੀਸ਼ਤ ਨੂੰ ਉਨ੍ਹਾਂ ਦੀ ਲਿੰਗੀ ਪਸੰਦ ਕਾਰਨ ਅਤੇ 14 ਪ੍ਰਤੀਸ਼ਤ ਨੂੰ ਧਾਰਮਿਕ ਪੱਖਪਾਤ ਕਾਰਨ ਨਿਸ਼ਾਨਾ ਬਣਾਇਆ ਗਿਆ। ਅਜਿਹੇ ਅਪਰਾਧ ਅਕਸਰ ਡਰਾਉਣ-ਧਮਕਾਉਣ ਅਤੇ ਹਮਲੇ ਦੁਆਰਾ ਕੀਤੇ ਜਾਂਦੇ ਹਨ। ਨਫਰਤ ਦੇ

■ ਬਾਕੀ ਖਬਰ ਸਫਾ 15 'ਤੇ

## ਮੈਕਸੀਕੋ ਤੋਂ ਅਮਰੀਕਾ ਦਾਖਲ ਹੋਣ ਵਾਲਿਆਂ 'ਤੇ ਹੋਈ ਸਖਤੀ

■ ਬਾਰਡਰ 'ਤੇ ਇਕੱਠੀ ਹੋਈ ਭਾਰੀ ਭੀੜ



ਵਾਸ਼ਿੰਗਟਨ, (ਪੰਜਾਬ ਮੇਲ)- ਮੈਕਸੀਕੋ ਨਾਲ ਲੱਗਦੀ ਯੂ.ਐੱਸ, ਸਰਹੱਦ 'ਤੇ ਪ੍ਰਵਾਸੀਆਂ ਦੇ ਇੱਕ ਵੱਡੇ ਸਮੂਹ ਨੇ ਐਤਵਾਰ ਨੂੰ ਸੰਯੁਕਤ ਰਾਜ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ। ਯੂ.ਐੱਸ, ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਨੇ ਦੱਸਿਆ ਕਿ ਐਤਵਾਰ ਦੁਪਹਿਰ ਨੂੰ ਵੱਡੀ ਭੀੜ ਇਕੱਠੀ ਹੋਈ ਅਤੇ ਇਸਨੂੰ "ਮਾਸ ਐਂਟਰੀ ਕਰਨ ਦੇ ਸੰਭਾਵੀ ਖ਼ਤਰੇ" ਵਜੋਂ ਦੇਖਿਆ ਗਿਆ ਸੀ। ਇਨ੍ਹਾਂ ਵਿਚੋਂ ਜ਼ਿਆਦਾਤਰ ਪ੍ਰਵਾਸੀ ਵੈਨੇਜ਼ੁਏਲਾ ਤੋਂ ਹਨ। ਉਨ੍ਹਾਂ ਨੇ ਸੁਰੱਖਿਆ ਘੇਰਾ ਤੋੜਨ ਦੀ ਕੋਸ਼ਿਸ ਕੀਤੀ ਪਰ ਅਮਰੀਕੀ ਸੁਰੱਖਿਆ ਬਲਾਂ ਨੇ ਉਨ੍ਹਾਂ ਨੂੰ ਅੱਗੇ ਨਹੀਂ ਵਧਣ ਦਿੱਤਾ। ਇਹ ਲੋਕ ਅਮਰੀਕਾ ਵਿਚ ਸ਼ਰਨ ਦੀ ਮੰਗ ਕਰ ਰਹੇ ਹਨ। ਪੁਲਿਸ ਦੁਆਰਾ ਖਦੇੜਨ ਦੀ ਕੋਸ਼ਿਸ਼ ਦੌਰਾਨ ਕੁਝ ਲੋਕ ਜ਼ਖ਼ਮੀ ਵੀ ਹੋ ਗਏ। ਇਨ੍ਹਾਂ ਲੋਕਾਂ ਨਾਲ ਬੱਚੇ ਵੀ ਸਨ।

ਸਮਾਚਾਰ ਏਜੰਸੀ ਰਾਇਟਰਜ਼ ਦੁਆਰਾ ਇਕ ਵੀਡੀਓ ਫੁਟੇਜ ਜਾਰੀ ਕੀਤਾ ਗਿਆ ਹੈ, ਜਿਸ ਵਿਚ ਸੈਂਕੜੇ ਲੋਕ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਦੇ ਦੇਖੇ ਜਾ ਸਕਦੇ ਹਨ। ਵੀਡੀਓ 'ਚ ਕੰਡਿਆਲੀ ਤਾਰ ਅਤੇ ਸੰਤਰੀ ਪਲਾਸਟਿਕ ਦੀਆਂ ਰੁਕਾਵਟਾਂ ਦਿਖਾਈਆਂ ਗਈਆਂ ਹਨ, ਜੋ ਸੰਯੁਕਤ ਰਾਜ ਵਿਚ ਅਮਰੀਕਾ ਦੇ ਪੁਲ ਵੱਲ ਜਾਣ ਨੂੰ ਰੋਕਣ ਲਈ ਲਗਾਈਆਂ ਜਾ ਰਹੀਆਂ ਹਨ। ਰਾਇਟਰਜ਼ ਨੇ ਰਿਪੋਰਟ ਦਿੱਤੀ ਕਿ ਕੁਝ ਪ੍ਰਵਾਸੀਆਂ 'ਤੇ ਪੁਲ ਤੋਂ ਪਹਿਲਾਂ ਸੀ.ਬੀ.ਪੀ. ਦੁਆਰਾ ਮਿਰਚ ਸਪਰੇਅ ਕੀਤੀ ਗਈ ਸੀ। ਬਹੁਤ ਸਾਰੇ ਪ੍ਰਵਾਸੀ ਨਵੀਂਆਂ ਨੀਤੀਆਂ ਤੋਂ ਨਿਰਾਸ਼ ਹੋ ਗਏ ਹਨ, ਜੋ ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਲਾਗੂ ਕੀਤੀਆਂ ਗਈਆਂ ਹਨ।

■ ਬਾਕੀ ਖਬਰ ਸਫਾ 15 'ਤੇ

ੴ ਸਤਿਗੁਰ ਪ੍ਰਸਾਦਿ ॥
ਲੱਖ ਖੁਸੀਆਂ ਪਾਤਿਸ਼ਾਹੀਆਂ ਜੇ ਸਤਿਗੁਰੁ ਨਦਰਿ ਕਰੇਇ ॥

# ਸੈਕਰਾਮੈਂਟੋ ਸਿੱਖ ਸੁਸਾਇਟੀ



# ਪਹਿਲਾ ਹੋਲਾ-ਮਹੱਲਾ ਨਗਰ ਕੀਰਤਨ

## 26 ਮਾਰਚ, ਐਤਵਾਰ 2023

### ਪ੍ਰੋਗਰਾਮ

- 13 ਤੋਂ 25 ਮਾਰਚ : ਆਤਮ ਰਸ ਕੀਰਤਨ ਰੋਜ਼ਾਨਾ ਸ਼ਾਮ 6 ਵਜੇ ਤੋਂ 9 ਵਜੇ ਤੱਕ
- 19 ਮਾਰਚ, ਦਿਨ ਐਤਵਾਰ ਸਵੇਰੇ 10 ਵਜੇ ਤੋਂ 2 ਵਜੇ ਤੱਕ ਦੀਵਾਨ ਸਜਣਗੇ
- ਨਿਸ਼ਾਨ ਸਾਹਿਬ ਸੇਵਾ 25 ਮਾਰਚ, ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ
- 26 ਮਾਰਚ, ਦਿਨ ਐਤਵਾਰ, ਆਰੰਭ ਨਗਰ ਕੀਰਤਨ ਸਵੇਰੇ 10 ਵਜੇ
- ਪਹੁੰਚ ਰਹੇ ਜੱਥੇ : ਭਾਈ ਪਿੰਦਰਪਾਲ ਸਿੰਘ (ਕਥਾਵਾਚਕ), ਭਾਈ ਹਰਜੀਤਪਾਲ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ, ਭਾਈ ਮਲਕੀਤ ਸਿੰਘ ਜੀ ਹੈਡ ਗ੍ਰੰਥੀ ਅਕਾਲ ਤਖਤ ਸਾਹਿਬ, ਭਾਈ ਹਰਜਿੰਦਰ ਸਿੰਘ ਸ਼੍ਰੀਨਗਰ ਵਾਲੇ, ਭਾਈ ਸਰਬਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸਤਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸੁਖਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅਤੇ ਡਾ. ਗਗਨਦੀਪ ਸਿੰਘ।

- ਸੁਰੱਖਿਆ ਦੇ ਖਾਸ ਪ੍ਰਬੰਧ ਹੋਣਗੇ।
- ਇਸ ਮੌਕੇ ਗਤਕੇ ਦੇ ਜੌਹਰ ਦਿਖਾਏ ਜਾਣਗੇ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ॥
ਸਮੂਹ ਸੰਗਤ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵੱਲੋਂ ਪਹਿਲਾ ਵਿਸ਼ਾਲ ਨਗਰ ਕੀਰਤਨ 26 ਮਾਰਚ ਨੂੰ ਹੋਵੇਗਾ। ਇਸ ਸੰਬੰਧੀ 13 ਮਾਰਚ ਤੋਂ ਸਮਾਗਮ ਸ਼ੁਰੂ ਹੋ ਰਹੇ ਹਨ, ਜਿਸ ਵਿਚ ਦੇਸ਼ਾਂ-ਵਿਦੇਸ਼ਾਂ ਤੋਂ ਕੀਰਤਨੀ ਜੱਥੇ, ਢਾਡੀ ਜੱਥੇ, ਕਵੀਸ਼ਰ ਅਤੇ ਹੋਰ ਸਿੱਖ ਧਾਰਮਿਕ ਆਗੂ ਵਿਸ਼ੇਸ਼ ਤੌਰ 'ਤੇ ਪਹੁੰਚਣਗੇ। ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸ਼ੁੱਭ ਅਵਸਰ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਫਲੋਟ ਬੁੱਕ ਕਰਵਾਉਣ ਲਈ, ਲੰਗਰ ਦੀ ਸੇਵਾ ਲਈ ਜਾਂ ਹੋਰ ਵਲੰਟੀਅਰ ਸੇਵਾ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ ਜੀ।

Lakhvir Singh Aujla 916-826-9800 | Gurinderpal Singh Gill 916-717-2277 | Randhir Singh Nijjar 916-416-9527

## ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ

7676, Bradshaw Road, Sacramento, CA-95829

Copyright@Punjab Mail USA

REALTYONEGROUP
FOR SALE & PURCHASE OF ANY KIND OF PROPERTY



*Space Sponsored by :*
Gurjatinder S. Randhawa
REALTOR CA DRE licence # 01490567
916-320-9444

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।
garysingh123@yahoo.com


CVP Studios & Joga Dhindsa
Present
PUNJABI VIRSA 2023
April 9th (Sunday)
Elk Grove Park
Free Entry
Joga Dhindsa 916-698-8663
Sonu Chatha 916-716-7331
Navi Sooch 916-335-6576
Narinder Thandi 916-813-1442
Babbi Gill 916-882-8384
REALTY ONE GROUP
FOR SALE & PURCHASE OF ANY KIND OF PROPERTY
Space Sponsored by :
Gurjatinder S. Randhawa
REALTOR CA DRE licence # 01490567
916-320-9444
ਕੈਲੀਫੋਰਨੀਆ ਵਿਚ
ਘਰ ਖਰੀਦਣ ਜਾਂ ਵੇਚਣ
ਲਈ ਸੰਪਰਕ ਕਰੋ।
garysingh123@yahoo.com

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

# ਉੱਘੇ ਖੇਡ ਪ੍ਰਮੋਟਰ ਜੌਹਨ ਸਿੰਘ ਗਿੱਲ ਅਤੇ ਮਾਈਕ ਗਿੱਲ ਨੂੰ ਭਾਰੀ ਸਦਮਾ

# ਪਿਤਾ ਜੀ ਸ. ਗੁਲਜ਼ਾਰ ਸਿੰਘ ਗਿੱਲ ਨਹੀਂ ਰਹੇ



## ਸਵ. ਸ. ਗੁਲਜ਼ਾਰ ਸਿੰਘ ਗਿੱਲ

***FUNERAL SERVICE***

**SUNDAY, MARCH 19TH, 2023**
**FUNERAL : 2.00-4.00 PM**
**NORTH SACRAMENTO FUNERAL HOME,**
**725 EL CAMINO AVENUE,**
**SACRAMENTO, CA 95815**

**ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ**

**GURDWARA SAHIB**
**2301 EVERGREEN AVE,**
**WEST SACRAMENTO, CA 95691**

**ਸੈਕਰਾਮੈਂਟੋ, (ਪੰਜਾਬ ਮੇਲ) :** ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਉੱਘੇ ਖੇਡ ਪ੍ਰਮੋਟਰ ਜੌਹਨ ਸਿੰਘ ਗਿੱਲ ਅਤੇ ਮਾਈਕ ਗਿੱਲ ਦੇ ਸਤਿਕਾਰਯੋਗ ਪਿਤਾ ਜੀ ਸ. ਗੁਲਜ਼ਾਰ ਸਿੰਘ ਗਿੱਲ ਜੀ ਮਿਤੀ 14 ਮਾਰਚ ਨੂੰ ਅਕਾਲ ਚਲਾਨਾ ਕਰ ਗਏ ਹਨ। ਉਹ 88 ਵਰ੍ਹਿਆਂ ਦੇ ਸਨ। ਉਹ ਆਪਣ ਪਿੱਛੇ ਪਤਨੀ ਅਤੇ ਭਰੇ-ਪੂਰੇ ਪਰਿਵਾਰ ਨੂੰ ਰੋਂਦੇ ਕੁਰਲਾਉਂਦੇ ਛੱਡ ਗਏ ਹਨ। ਉਹ ਲੰਮੇ ਸਮੇਂ ਤੋਂ ਕੈਲੀਫੋਰਨੀਆ ਦੇ ਸ਼ਹਿਰ ਵੁੱਡਲੈਂਡ ਵਿਚ ਰਹਿ ਰਹੇ ਸਨ। ਉਨ੍ਹਾਂ ਨੇ ਆਪਣਾ ਪੂਰਾ ਜੀਵਨ ਬੜੀ ਸਾਦਗੀ ਨਾਲ ਬਿਤਾਇਆ ਅਤੇ ਉਨ੍ਹਾਂ ਦਾ ਪੰਜਾਬੀ ਭਾਈਚਾਰੇ ਵਿਚ ਬਹੁਤ ਸਤਿਕਾਰ ਸੀ। ਉਨ੍ਹਾਂ ਦਾ ਪਿਛਲਾ ਪਿੰਡ ਚੱਕ ਬਿਲਗਾਂ, ਜ਼ਿਲ੍ਹਾ ਨਵਾਂਸ਼ਹਿਰ ਸੀ। ਗਿੱਲ ਪਰਿਵਾਰ ਦੀ ਪੰਜਾਬੀ ਭਾਈਚਾਰੇ ਵਿਚ ਇਕ ਵਿਲੱਖਣ ਪਹਿਚਾਣ ਹੈ। ਜਿੱਥੇ ਇਸ ਪਰਿਵਾਰ ਵੱਲੋਂ ਨਾਰਥ ਅਮਰੀਕਾ ਵਿਚ ਖੇਡਾਂ ਨੂੰ ਪ੍ਰਫੁਲਿਤ ਕਰਨ ਲਈ ਵੱਡਮੁੱਲਾ ਯੋਗਦਾਨ ਪਾਇਆ ਗਿਆ ਹੈ, ਉੱਥੇ ਸਿੱਖ ਰਾਜਨੀਤੀ ਵਿਚ ਵੀ ਅਹਿਮ ਭੂਮਿਕਾ ਨਿਭਾਈ ਹੈ। ਬਾਪੂ ਗੁਲਜ਼ਾਰ ਸਿੰਘ ਜੀ ਦਾ ਅੰਤਿਮ ਸਸਕਾਰ North Sacramento Funeral Home, 725 El Camino Avenue, Sacramento, CA 95815 ਵਿਖੇ ਐਤਵਾਰ, 19 ਮਾਰਚ ਨੂੰ ਦੁਪਿਹਰ 2.00 ਵਜੇ ਤੋਂ 4.00 ਵਜੇ ਹੋਵੇਗਾ। ਉਪਰੰਤ ਗੁਰਦੁਆਰਾ ਸਾਹਿਬ, 2301 Evergreen Ave, West Sacramento, CA 95691 ਵਿਖੇ ਅੰਤਿਮ ਅਰਦਾਸ ਹੋਵੇਗੀ। ਕੈਲੀਫੋਰਨੀਆਂ ਕਬੱਡੀ ਫੈਡਰੇਸ਼ਨ ਆਫ ਯੂ.ਐਸ.ਏ., ਦੁਨੀਆ ਭਰ ਦੀਆਂ ਸਮੂਹ ਕਬੱਡੀ ਫੈਡਰੇਸ਼ਨਾਂ, ਅਮੈਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੁੱਚੇ ਗੁਰੂ ਘਰਾਂ ਵੱਲੋਂ ਬਾਪੂ ਗੁਲਜ਼ਾਰ ਸਿੰਘ ਜੀ ਦੇ ਵਿਛੋੜੇ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਗਿਆ ਹੈ।

**ਹੋਰ ਜਾਣਕਾਰੀ ਲਈ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਕਰੋ**

**ਜੌਹਨ ਸਿੰਘ ਗਿੱਲ : 916-715-2581 ਅਤੇ ਮਾਈਕ ਗਿੱਲ : 530-682-7751**

# ਨਿਹੰਗ ਪ੍ਰਦੀਪ ਸਿੰਘ ਕਤਲ ਕਾਂਡ ਸੰਬੰਧੀ ਸ੍ਰੀ ਅਨੰਦਪੁਰ ਸਾਹਿਬ ਨਾਲ ਗਏ ਜਿਗਰੀ ਦੋਸਤ ਵੱਲੋਂ ਖੁਲਾਸੇ

**ਗੁਰਦਾਸਪੁਰ, (ਪੰਜਾਬ ਮੇਲ)-** ਸ੍ਰੀ ਅਨੰਦਪੁਰ ਸਾਹਿਬ ਵਿਖੇ ਨਿਹੰਗ ਪ੍ਰਦੀਪ ਸਿੰਘ ਕਤਲ ਕਾਂਡ ਸਮੇਂ ਮ੍ਰਿਤਕ ਨਿਹੰਗ ਦੇ ਨਾਲ ਗਿਆ ਉਸ ਦਾ ਸਾਥੀ ਗੁਰਦਰਸ਼ਨ ਸਿੰਘ ਅਤੇ ਉਸ ਦੇ ਪਿਤਾ ਗੁਰਬਖਸ਼ ਸਿੰਘ ਇਕ ਵਾਰ ਫਿਰ ਮੀਡੀਆ ਸਾਹਮਣੇ ਆਏ ਹਨ। ਕੈਨੇਡਾ ਵਿਚ ਵੀ ਮ੍ਰਿਤਕ ਪ੍ਰਦੀਪ ਸਿੰਘ ਨਾਲ ਰਹਿ ਰਹੇ ਅਤੇ ਅਨੰਦਪੁਰ ਸਾਹਿਬ ਵਾਲੀ ਨਾਲ ਗਏ ਸਾਥੀ ਗੁਰਦਰਸ਼ਨ ਸਿੰਘ ਨੇ ਘਟਨਾ ਬਾਰੇ ਵੱਡੇ ਖੁਲਾਸੇ ਕੀਤੇ ਹਨ। ਗੁਰਦਰਸ਼ਨ ਸਿੰਘ ਨੇ ਇਸ ਗੱਲ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ ਕਿ ਪਹਿਲਾਂ ਹਮਲਾ ਪ੍ਰਦੀਪ ਸਿੰਘ ਵੱਲੋਂ ਕੀਤਾ ਗਿਆ ਸੀ। ਉਸ ਨੇ ਕਿਹਾ ਕਿ ਹੁੱਲੜਬਾਜ਼ ਨੌਜਵਾਨ ਪਹਿਲਾਂ ਹੀ ਹਥਿਆਰਾਂ ਨਾਲ ਲੈਸ ਹੋ ਕੇ ਆਏ ਸਨ ਅਤੇ ਆਪਣੇ ਹਥਿਆਰਾਂ ਨਾਲ ਹੀ ਪ੍ਰਦੀਪ ਸਿੰਘ ਦਾ ਕਤਲ ਕੀਤਾ ਸੀ। ਉਸ ਨੇ ਇਸ ਤੱਥ ਦੇ ਸਬੂਤ ਵਜੋਂ ਇਕ ਵਾਇਰਲ ਵੀਡੀਓ ਵੀ ਮੀਡੀਆ ਨੂੰ ਦਿੱਤੀ ਹੈ। ਉਥੇ ਹੀ ਮ੍ਰਿਤਕ ਪ੍ਰਦੀਪ ਸਿੰਘ ਦੇ ਪਿਤਾ ਨੇ ਕਿਹਾ ਹੈ ਕਿ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਨੂੰ ਇਸ ਘਟਨਾ ਤੋਂ ਸਬਕ ਲੈਣਾ ਚਾਹੀਦਾ ਹੈ ਅਤੇ ਅਜਿਹੇ ਪ੍ਰਬੰਧ ਕਰਨੇ ਚਾਹੀਦੇ ਹਨ ਕਿ ਕੋਈ ਵੀ ਹੁੱਲੜਬਾਜ਼ ਹਥਿਆਰਾਂ ਸਮੇਤ ਧਾਰਮਿਕ ਜੋੜ ਮੇਲਿਆਂ 'ਤੇ ਨਾ ਜਾ ਸਕੇ ਅਤੇ ਧਾਰਮਿਕ ਮਾਹੌਲ ਨੂੰ ਵਿਗਾੜ ਨਾ ਸਕੇ। ਉਨ੍ਹਾਂ ਇਸ ਗੱਲ 'ਤੇ ਵੀ ਰੋਸ ਜ਼ਾਹਰ ਕੀਤਾ ਕਿ ਅਜੇ ਤੱਕ ਪ੍ਰਦੀਪ ਸਿੰਘ ਦਾ ਕੋਈ ਵੀ ਕਾਤਲ ਪੁਲਿਸ ਦੇ ਹੱਥ ਨਹੀਂ ਲੱਗਿਆ ਹੈ।



ਮ੍ਰਿਤਕ ਨਿਹੰਗ ਪ੍ਰਦੀਪ ਸਿੰਘ ਦੇ ਸਾਥੀ ਗੁਰਦਰਸ਼ਨ ਸਿੰਘ ਨੇ ਦੱਸਿਆ ਪ੍ਰਦੀਪ ਕੈਨੇਡਾ ਵਿਚ ਉਨ੍ਹਾਂ ਦੇ ਨਾਲ਼ ਹੀ ਰਹਿੰਦਾ ਸੀ ਅਤੇ ਉਸ ਨੇ 2 ਸਾਲ ਪਹਿਲਾਂ ਆਪਣੇ ਸਾਥੀਆਂ ਅਤੇ ਬਾਬਾ ਬੁੱਢਾ ਦਲ ਤੋਂ ਪ੍ਰਭਾਵਤ ਹੋ ਕੇ ਬਾਣਾ ਪਾਇਆ ਸੀ ਅਤੇ ਸਿੰਘ ਸੱਜ ਗਿਆ ਸੀ। ਉਹ 29 ਸਤੰਬਰ ਨੂੰ ਭਾਰਤ ਆਇਆ ਸੀ ਅਤੇ ਮੈਂ ਕੁਝ ਦਿਨ ਪਹਿਲਾਂ ਹੀ ਭਾਰਤ ਪਰਤਿਆ ਸੀ। ਅਸੀਂ ਇਕ ਮਾਰਚ ਨੂੰ ਇਕੱਠੇ ਸ੍ਰੀ ਅਨੰਦਪੁਰ ਸਾਹਿਬ ਗਏ ਸੀ। ਪ੍ਰਦੀਪ ਸਿੰਘ ਦੇ ਸਾਥੀ ਗੁਰਦਰਸ਼ਨ ਸਿੰਘ ਨੇ ਜ਼ਖਮੀ ਮੁਲਜ਼ਮ ਦੀ ਪਤਨੀ ਦੀ ਇਸ ਗੱਲ ਨੂੰ ਸਿਰੇ ਤੋਂ ਨਕਾਰ ਦਿੱਤਾ ਕਿ ਪਹਿਲਾਂ ਹਮਲਾ ਪ੍ਰਦੀਪ ਸਿੰਘ ਵੱਲੋਂ ਕੀਤਾ ਗਿਆ ਸੀ। ਸਬੂਤ ਵਜੋਂ ਇਕ ਵਾਇਰਲ ਵੀਡੀਓ ਪੱਤਰਕਾਰਾਂ ਨੂੰ ਦਿੰਦੇ ਹੋਏ ਗੁਰਦਰਸ਼ਨ ਸਿੰਘ ਨੇ ਦੱਸਿਆ ਕਿ ਵੀਡੀਓ ਵਿਚ ਸਾਫ ਨਜ਼ਰ ਆ ਰਿਹਾ ਹੈ ਕਿ ਹੁੱਲੜਬਾਜ਼ ਨੌਜਵਾਨ ਆਪਣੇ ਨਾਲ ਹੀ ਹਥਿਆਰ ਲੈ ਕੇ ਆਏ ਸਨ ਅਤੇ ਉਨ੍ਹਾਂ ਹਥਿਆਰਾਂ ਨਾਲ ਹੀ ਉਨ੍ਹਾਂ ਨੇ ਪ੍ਰਦੀਪ ਸਿੰਘ ਦਾ ਕਤਲ ਕੀਤਾ ਸੀ। ਇਸ ਗੱਲ ਵਿਚ ਵੀ ਕੋਈ ਦਮ ਨਹੀਂ ਹੈ ਕਿ ਪ੍ਰਦੀਪ ਸਿੰਘ ਦੀ ਕਿਰਪਾਨ ਖੋਹ ਕੇ ਹੀ ਉਸ ਨੂੰ ਮਾਰਿਆ ਗਿਆ ਹੈ। ਉਸ ਨੇ ਦੱਸਿਆ ਕਿ ਵੀਡੀਓ ਤੋਂ ਸਾਫ ਜ਼ਾਹਰ ਹੈ ਕਿ ਪ੍ਰਦੀਪ ਸਿੰਘ ਨੇ ਆਪਣੀ ਕਿਰਪਾਨ ਨਾਲ ਹਮਲਾਵਰ ਹੁੱਲੜਬਾਜ਼ ਨੌਜਵਾਨਾਂ ਦਾ ਮੁਕਾਬਲਾ ਕੀਤਾ ਅਤੇ ਜਦੋਂ ਉਸ ਦੀ ਕਿਰਪਾਨ ਟੁੱਟ ਗਈ ਤਾਂ ਉਸ ਨੇ ਉੱਠ ਕੇ ਹਮਲਾਵਰ ਨੌਜਵਾਨਾਂ ਵਿਚੋਂ ਇਕ ਨੂੰ ਜੱਫੀ ਪਾ ਲਈ ਸੀ। ਉਸ ਨੇ ਕਿਹਾ ਕਿ ਹੁਣ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਨਿਹੰਗ ਸਿੰਘ ਪ੍ਰਦੀਪ ਸਿੰਘ ਦੇ ਕਾਤਲਾਂ ਨੂੰ ਫੜ ਕੇ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ।

# ਸਾਬਕਾ ਅਮਰੀਕੀ ਉਪ ਰਾਸ਼ਟਰਪਤੀ ਪੈਂਸ ਨੇ ਅਮਰੀਕੀ ਸੰਸਦ 'ਤੇ ਹਮਲੇ ਲਈ ਟਰੰਪ ਨੂੰ ਘੇਰਿਆ

**ਵਾਸ਼ਿੰਗਟਨ, (ਪੰਜਾਬ ਮੇਲ)-** ਸਾਬਕਾ ਉਪ ਰਾਸ਼ਟਰਪਤੀ ਮਾਈਕ ਪੈਂਸ ਨੇ ਅਮਰੀਕੀ ਸੰਸਦ 'ਤੇ 6 ਜਨਵਰੀ ਨੂੰ ਹੋਏ ਹਮਲੇ ਲਈ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਘੇਰਿਆ ਹੈ।



ਪੈਂਸ ਨੇ ਕਿਹਾ ਕਿ ਟਰੰਪ ਦੇ ਬੇਤੁਕੇ ਬਿਆਨਾਂ ਕਾਰਨ ਉਨ੍ਹਾਂ ਦੇ ਪਰਿਵਾਰ ਅਤੇ ਸੰਸਦ 'ਚ ਮੌਜੂਦ ਸਾਰੇ ਲੋਕਾਂ ਦੀ ਜਾਨ ਖ਼ਤਰੇ 'ਚ ਪੈ ਗਈ ਸੀ। ਉਨ੍ਹਾਂ ਕਿਹਾ ਕਿ ਇਤਿਹਾਸ ਡੋਨਲਡ ਟਰੰਪ ਨੂੰ ਜਵਾਬਦੇਹ ਠਹਿਰਾਏਗਾ। ਇਸ ਨਾਲ ਦੋਵੇਂ ਆਗੂਆਂ ਦੇ ਸਬੰਧਾਂ 'ਚ ਤਰੇੜ ਆ ਗਈ ਹੈ, ਜਦਕਿ ਉਹ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਲਈ ਰਿਪਬਲਿਕਨ ਨਾਮਜ਼ਦਗੀ ਵਾਸਤੇ ਤਿਆਰੀ ਕਰ ਰਹੇ ਹਨ। ਪੈਂਸ ਨੇ ਰਾਤ ਦੇ ਵਿਸ਼ੇਸ਼ ਭੋਜਨ ਮੌਕੇ ਕਿਹਾ ਕਿ ਰਾਸ਼ਟਰਪਤੀ ਟਰੰਪ ਗਲਤ ਸੀ। ਇਸ ਸਮਾਗਮ 'ਚ ਸਿਆਸਤਦਾਨਾਂ ਅਤੇ ਪੱਤਰਕਾਰਾਂ ਨੇ ਵੀ ਹਾਜ਼ਰੀ ਭਰੀ। ਕਦੇ ਟਰੰਪ ਦੇ ਵਫ਼ਦਾਰ ਰਹੇ ਪੈਂਸ ਨੇ ਅਜੇ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਲਈ ਰਿਪਬਲਿਕਨ ਪਾਰਟੀ 'ਚ ਨਾਮਜ਼ਦਗੀ ਦਾ ਦਾਅਵਾ ਪੇਸ਼ ਨਹੀਂ ਕੀਤਾ ਹੈ ਪਰ ਮੰਨਿਆ ਜਾਂਦਾ ਹੈ ਕਿ ਉਹ ਇਸ ਲਈ ਆਧਾਰ ਤਿਆਰ ਕਰ ਰਹੇ ਹਨ। ਜ਼ਿਕਰਯੋਗ ਹੈ ਕਿ 6 ਜਨਵਰੀ, 2021 ਨੂੰ ਟਰੰਪ ਨੇ ਪੈਂਸ 'ਤੇ ਦਬਾਅ ਬਣਾਇਆ ਸੀ ਕਿ ਉਹ ਰਾਸ਼ਟਰਪਤੀ ਜੋਅ ਬਾਇਡਨ ਦੀ ਜਿੱਤ ਨੂੰ ਰੱਦ ਕਰਨ। ਪੈਂਸ ਨੇ ਇਸ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਦੰਗਾਕਾਰੀ ਸੰਸਦ ਅੰਦਰ ਦਾਖ਼ਲ ਹੋ ਗਏ, ਜਿਨ੍ਹਾਂ 'ਚੋਂ ਕੁਝ 'ਮਾਈਕ ਪੈਂਸ ਨੂੰ ਫਾਹੇ ਟੰਗਣ' ਦੇ ਨਾਅਰੇ ਲਗਾ ਰਹੇ ਸਨ।

**ਕਿਹਾ: ਟਰੰਪ ਕਾਰਨ ਮੇਰੇ ਪਰਿਵਾਰ ਦੀ ਜਾਨ ਖ਼ਤਰੇ 'ਚ ਪੈ ਗਈ ਸੀ**

# ਅਮਰੀਕੀ ਰਾਸ਼ਟਰਪਤੀ ਵੱਲੋਂ 2 ਭਾਰਤੀ-ਅਮਰੀਕੀ ਨਾਗਰਿਕ 'ਵਪਾਰ ਨੀਤੀ ਅਤੇ ਗੱਲਬਾਤ' ਸਲਾਹਕਾਰ ਕਮੇਟੀ ਲਈ ਨਾਮਜ਼ਦ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਸ਼ੁੱਕਰਵਾਰ ਨੂੰ 2 ਭਾਰਤੀ-ਅਮਰੀਕੀ ਨਾਗਰਿਕ ਫਲੈਕਸ ਦੀ ਮੁੱਖ ਕਾਰਜਕਾਰੀ ਅਧਿਕਾਰੀ ਰੇਵਤੀ ਅਦਵੈਤੀ ਅਤੇ ਨੈਚੁਰਲ ਰਿਸੋਰਸ ਡਿਫੈਂਸ ਕੌਂਸਲ ਦੇ ਸੀ.ਈ.ਓ. ਮਨੀਸ਼ ਬਾਪਨਾ ਨੂੰ 'ਵਪਾਰ ਨੀਤੀ ਅਤੇ ਗੱਲਬਾਤ' ਦੀ ਸਲਾਹਕਾਰ ਕਮੇਟੀ ਲਈ ਨਾਮਜ਼ਦ ਕੀਤਾ ਹੈ। ਬਾਇਡਨ ਨੇ ਸ਼ੁੱਕਰਵਾਰ ਨੂੰ ਸਲਾਹਕਾਰ ਕਮੇਟੀ ਵਿਚ 14 ਲੋਕਾਂ ਨੂੰ ਨਿਯੁਕਤ ਕਰਨ ਦਾ ਸੰਕੇਤ ਦਿੱਤਾ। ਇਹ ਕਮੇਟੀ ਅਮਰੀਕੀ



ਵਪਾਰ ਨੀਤੀ ਦੇ ਵਿਕਾਸ, ਲਾਗੂ ਕਰਨ ਅਤੇ ਪ੍ਰਸ਼ਾਸਨ ਦੇ ਮਾਮਲਿਆਂ 'ਤੇ ਅਮਰੀਕੀ ਵਪਾਰ ਪ੍ਰਤੀਨਿਧੀਆਂ ਨੂੰ ਸਮੁੱਚੀ ਨੀਤੀ ਸਲਾਹ ਪ੍ਰਦਾਨ ਕਰਦੀ ਹੈ। ਵ੍ਹਾਈਟ ਹਾਊਸ ਨੇ ਕਿਹਾ ਕਿ 2019 ਵਿਚ ਫਲੈਕਸ ਦੇ ਸੀ.ਈ.ਓ. ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਅਦਵੈਤੀ ਕੰਪਨੀ ਦੀ ਰਣਨੀਤਕ ਦਿਸ਼ਾ ਨਿਰਧਾਰਤ ਕਰਨ ਅਤੇ ਫਲੈਕਸ ਨੂੰ ਬਦਲਾਅ ਦੇ ਜ਼ਰੀਏ ਮੋਹਰੀ ਬਣਾਈ ਰੱਖਣ ਲਈ ਜ਼ਿੰਮੇਵਾਰ ਰਹੀ ਹੈ। ਇਹ ਕੰਪਨੀ ਨਿਰਮਾਣ ਵਿਚ ਇੱਕ ਨਵੇਂ ਯੁੱਗ ਨੂੰ ਪਰਿਭਾਸ਼ਤ ਕਰ ਰਹੀ ਹੈ। ਉਨ੍ਹਾਂ ਨੂੰ ਲਗਾਤਾਰ 4 ਸਾਲ ਫਾਰਚਿਊਨ ਦੀ ਉਦਯੋਗ ਵਿਚ ਸਭ ਤੋਂ ਸ਼ਕਤੀਸ਼ਾਲੀ ਔਰਤਾਂ ਅਤੇ ਬਿਜਨੈੱਸ ਟੂਡੇ ਦੀ ਭਾਰਤ ਵਿਚ ਸਭ ਤੋਂ ਸ਼ਕਤੀਸ਼ਾਲੀ ਔਰਤਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ।

# ਇਮਰਾਨ ਖਾਨ ਦੀ ਗ੍ਰਿਫਤਾਰੀ ਨੂੰ ਲੈ ਕੇ ਪੀ.ਟੀ.ਆਈ. ਸਮਰਥਕਾਂ ਤੇ ਪੁਲਿਸ ਵਿਚਕਾਰ ਝੜਪ

**ਲਾਹੌਰ, (ਪੰਜਾਬ ਮੇਲ)-** ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਪੀ.ਟੀ.ਆਈ. ਮੁਖੀ ਇਮਰਾਨ ਖਾਨ ਦੀ ਗ੍ਰਿਫਤਾਰੀ ਨੂੰ ਲੈ ਕੇ ਦੇਸ਼ ਦੇ ਵੱਡੇ ਸ਼ਹਿਰਾਂ ਵਿਚ ਪੁਲਿਸ ਅਤੇ ਕਾਰਕੁਨਾਂ ਵਿਚਾਲੇ ਝੜਪਾਂ ਹੋਈਆਂ ਹਨ। ਇਸ ਝੜਪ 'ਚ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਕਈ ਸਮਰਥਕ ਜ਼ਖਮੀ ਹੋ ਗਏ ਹਨ। ਇਸ ਤੋਂ ਇਲਾਵਾ ਹਿੰਸਾ ਵਿਚ ਪੁਲਿਸ ਅਧਿਕਾਰੀਆਂ ਨੂੰ ਵੀ ਸੱਟਾਂ ਲੱਗੀਆਂ ਹਨ।




ਦਰਅਸਲ ਪੀ.ਟੀ.ਆਈ. ਪ੍ਰਧਾਨ ਇਮਰਾਨ ਖਾਨ ਦੇ ਸੱਦੇ 'ਤੇ ਮੰਗਲਵਾਰ ਨੂੰ ਪਾਕਿਸਤਾਨ ਦੇ ਵੱਡੇ ਸ਼ਹਿਰਾਂ 'ਚ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ। ਇਸ ਦੌਰਾਨ ਲਾਹੌਰ ਸਥਿਤ ਉਨ੍ਹਾਂ ਦੀ ਜ਼ਮਾਨ ਪਾਰਕ ਸਥਿਤ ਰਿਹਾਇਸ਼ ਦੇ ਬਾਹਰ ਪੁਲਿਸ ਅਤੇ ਪਾਰਟੀ ਵਰਕਰਾਂ ਵਿਚਾਲੇ ਝੜਪ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਕਾਰਕੁਨਾਂ ਨੂੰ ਕਾਬੂ ਕਰਨ ਲਈ ਪੁਲਿਸ ਨੇ ਜ਼ਮਾਨ ਪਾਰਕ 'ਚ ਰੁਕ-ਰੁਕ ਕੇ ਅੱਥਰੂ ਗੈਸ ਦੇ ਗੋਲੇ ਛੱਡੇ ਅਤੇ ਸਮਰਥਕਾਂ 'ਤੇ ਲਾਠੀਚਾਰਜ ਕੀਤਾ।

ਸਰਕਾਰੀ ਬੁਲਾਰੇ ਅਤੇ ਗਵਾਹਾਂ ਨੇ ਦੱਸਿਆ ਕਿ ਇਮਰਾਨ ਖਾਨ ਦੀ ਸੰਭਾਵਿਤ ਗ੍ਰਿਫਤਾਰੀ ਤੋਂ ਪਹਿਲਾਂ ਦੇਸ਼ ਦੇ ਕਈ ਸ਼ਹਿਰਾਂ 'ਚ ਪ੍ਰਦਰਸ਼ਨਾਂ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਇਸ 'ਚ ਦੋਵੇਂ ਧਿਰਾਂ ਦੇ ਕਈ ਲੋਕ ਜ਼ਖਮੀ ਹੋ ਗਏ ਹਨ। ਸਰਕਾਰੀ ਬੁਲਾਰੇ ਆਮਿਰ ਮੀਰ ਨੇ ਰਾਇਟਰਜ਼ ਨਿਊਜ਼ ਏਜੰਸੀ ਨੂੰ ਦੱਸਿਆ ਕਿ ਅਦਾਲਤ ਦੇ ਹੁਕਮਾਂ 'ਤੇ ਇਮਰਾਨ ਖਾਨ ਨੂੰ ਗ੍ਰਿਫਤਾਰ ਕਰਨ ਲਈ ਇਸਲਾਮਾਬਾਦ ਤੋਂ ਪੁਲਿਸ ਦੀ ਇਕ ਟੀਮ ਪਹੁੰਚੀ ਸੀ, ਜਦੋਂ ਉਨ੍ਹਾਂ ਦੇ ਸਮਰਥਕ ਇਮਰਾਨ ਦੀ ਰਿਹਾਇਸ਼ ਦੇ ਬਾਹਰ ਇਕੱਠੇ ਹੋਏ ਸਨ। ਡਾਨ ਦੀ ਰਿਪੋਰਟ ਮੁਤਾਬਕ ਪੀ.ਟੀ.ਆਈ. ਵਰਕਰਾਂ ਨੇ ਇਮਰਾਨ ਖਾਨ ਦੀ ਰਿਹਾਇਸ਼ ਦੇ ਨਾਲ-ਨਾਲ ਕੈਨਾਲ ਰੋਡ ਵੱਲ ਜਾਣ ਵਾਲੀ ਸੜਕ ਦਾ ਵੀ ਘਿਰਾਓ ਕੀਤਾ।




# ਪ੍ਰਵਾਸੀ ਕਵੀ ਕੁਲਵੰਤ ਸਿੰਘ ਸੇਖੋਂ ਦਾ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਸਨਮਾਨ

■ "ਡਾ. ਗੁਰਭਜਨ ਗਿੱਲ ਨੇ ਦਿੱਤਾ ਸਨਮਾਨ"



ਸਨਮਾਨ ਸਮੇਂ ਤਿਰਲੋਚਨ ਲੋਚੀ, ਕੁਲਵੰਤ ਸੇਖੋਂ, ਜਸਵਿੰਦਰ ਕੌਰ ਅਤੇ ਡਾ. ਗੁਰਭਜਨ ਗਿੱਲ।

**ਫਰਿਜ਼ਨੋ, (ਧਾਲੀਆਂ/ ਮਾਛੀਕੇ/ ਪੰਜਾਬ ਮੇਲ)**- ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਕੈਲੀਫੋਰਨੀਆ ਦੇ ਸ਼ਹਿਰ ਸਟਾਕਟਨ (ਅਮਰੀਕਾ) ਵੱਸਦੇ ਨੌਜਵਾਨ ਪੰਜਾਬੀ ਕਵੀ ਕੁਲਵੰਤ ਸਿੰਘ ਸੇਖੋਂ ਨੂੰ ਦੋਸ਼ਾਲਾ ਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੀਆਂ ਕੁਝ ਪ੍ਰਕਾਸ਼ਨਾਵਾਂ ਭੇਟ ਕਰਕੇ ਪ੍ਰੋ. ਗੁਰਭਜਨ ਸਿੰਘ ਗਿੱਲ (ਡਾ.), ਸਰਦਾਰਨੀ ਜਸਵਿੰਦਰ ਕੌਰ ਗਿੱਲ ਤੇ ਸੁਰੀਲੇ ਪੰਜਾਬੀ ਕਵੀ ਤਿਰਲੋਚਨ ਲੋਚੀ ਨੇ ਸਨਮਾਨਿਤ ਕੀਤਾ। ਕੁਲਵੰਤ ਸਿੰਘ ਸੇਖੋਂ ਦੇ ਜੀਵਨ ਤੇ ਸਾਹਿਤ ਸੇਵਾ ਬਾਰੇ ਪੰਜਾਬੀ ਕਵੀ ਤਿਰਲੋਚਨ ਲੋਚੀ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਅਮਰੀਕਾ ਪ੍ਰਵਾਸ ਕਰਨ ਤੋਂ ਪਹਿਲਾਂ ਵੀ ਉਹ ਜਲੰਧਰ ਦੀਆਂ ਸਾਹਿਤਕ ਸਰਗਰਮੀਆਂ ਵਿਚ ਸ਼ਾਮਲ ਹੁੰਦੇ ਸਨ। ਉਨ੍ਹਾਂ ਦਾ ਜੱਦੀ ਪਿੰਡ ਭਾਵੇ ਜਮਸ਼ੇਰ ਖ਼ਾਸ (ਜਲੰਧਰ) ਹੈ, ਪਰ 1990-91 ਵਿਚ ਉਨ੍ਹਾਂ ਨੇ ਹਰਵਿੰਦਰ ਰਿਆੜ ਤੇ ਕੁਝ ਹੋਰ ਸਾਥੀਆਂ ਨਾਲ ਮਿਲ ਕੇ ਸਾਹਿਤ ਸਭਾ ਜੰਡਿਆਲਾ ਦੀਆਂ ਸਾਹਿਤਕ ਗਤੀਵਿਧੀਆਂ ਰਾਹੀਂ ਆਪਣੀ ਪਛਾਣ ਬਣਾਈ। ਅੱਜਕੱਲ੍ਹ ਕੁਲਵੰਤ ਸੇਖੋਂ ਕੈਲੀਫੋਰਨੀਆ ਦੇ ਸ਼ਹਿਰ ਸਟਾਕਟਨ ਵਿਚ ਰਹਿੰਦਿਆਂ ਇੱਥੋਂ ਦੀਆਂ ਵੱਖ-ਵੱਖ ਸਾਹਿਤਕ ਅਤੇ ਸੱਭਿਆਚਾਰਕ ਮਹਿਫ਼ਲਾਂ ਦਾ ਸ਼ਿੰਗਾਰ ਬਣਦੇ ਹਨ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ (ਡਾ.) ਨੇ ਕਿਹਾ ਕਿ ਸਭ ਪ੍ਰਵਾਸੀ ਲੇਖਕ ਮੇਰੀ ਨਜ਼ਰ ਵਿਚ ਆਪਣੀ ਜਨਮ ਭੂਮੀ ਦੇ ਰਾਜਦੂਤ ਹਨ, ਜੋ ਸਿਰਫ਼ ਆਪਣੇ ਪਰਿਵਾਰ ਦੀ ਪਰਵਰਿਸ਼ ਲਈ ਹੀ ਵਿਦੇਸ਼ 'ਚ ਨਹੀਂ ਰਹਿੰਦੇ, ਸਗੋਂ ਮਾਂ ਬੋਲੀ ਦੇ ਪਸਾਰ, ਪਰਸਾਰ ਤੇ ਸੰਚਾਰ ਵਿਚ ਵਡਮੁੱਲਾ ਹਿੱਸਾ ਪਾਉਂਦੇ ਹਨ। ਉਨ੍ਹਾਂ ਕਿਹਾ ਕਿ ਕੁਲਵੰਤ ਸਿੰਘ ਸੇਖੋਂ ਨਾਲ ਮੇਰੀ ਸਾਂਝ ਉਸ ਦੀਆਂ ਲਿਖਤਾਂ ਰਾਹੀਂ ਬਹੁਤ ਪਹਿਲਾਂ ਪੈ ਗਈ ਸੀ ਪਰ ਮੁਲਾਕਾਤ 2006 ਵਿਚ ਪਹਿਲੀ ਵਾਰ ਫਰਿਜ਼ਨੋ ਵਿਚ ਹਰਜਿੰਦਰ ਕੰਗ ਜੀ ਨੇ ਕਰਵਾਈ। ਸੇਖੋਂ ਭਾਵੇਂ ਹੁਣ ਕਈ ਸਾਲਾਂ ਤੋਂ ਸਟਾਕਟਨ ਵੱਸਦਾ ਹੈ ਪਰ ਉਸ ਦੀ ਸ਼ਾਇਰੀ ਪੂਰੇ ਵਿਸ਼ਵ ਵਿਚ ਪੜ੍ਹੀ ਤੇ ਸਲਾਹੀ ਜਾਂਦੀ ਹੈ।

ਕੁਲਵੰਤ ਸਿੰਘ ਸੇਖੋਂ ਨੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਆਦਰ ਦੇਣ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਤੁਹਾਡੀ ਆਸ ਉਮੀਦ 'ਤੇ ਪੂਰਾ ਉੱਤਰਨ ਦਾ ਯਤਨ ਕਰਾਂਗਾ। ਸੇਖੋਂ ਨੇ ਦੱਸਿਆ ਕਿ ਉਸ ਦੀਆਂ ਕਵਿਤਾਵਾਂ ਤੇ ਗ਼ਜ਼ਲਾਂ ਦਾ ਸੰਗ੍ਰਹਿ ਵੀ ਨੇੜ ਭਵਿੱਖ ਵਿਚ ਛਪ ਰਿਹਾ ਹੈ। ਵਿਦੇਸ਼ਾਂ ਵਿਚ ਕਿਰਤ ਕਰਦਿਆਂ ਸਾਹਿਤ ਸਿਰਜਣਾ ਨੂੰ ਨਾਲ ਤੋਰਨਾ ਭਾਵੇਂ ਆਸਾਨ ਕੰਮ ਨਹੀਂ ਪਰ ਇਸ ਨੂੰ ਲਗਾਤਾਰ ਕਰਦੇ ਰਹਿਣਗੇ ਕਿਉਂਕਿ ਇਹ ਕਾਰਜ ਉਨ੍ਹਾਂ ਲਈ ਮਿਸ਼ਨ ਵਾਂਗ ਪਵਿੱਤਰ ਹੈ। ਕੁਲਵੰਤ ਸਿੰਘ ਸੇਖੋਂ ਨੇ ਇਸ ਮੌਕੇ ਆਪਣੀਆਂ ਕੁਝ ਰਚਨਾਵਾਂ ਵੀ ਸੁਣਾਈਆਂ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਕਵੀ ਕੁਲਵੰਤ ਸੇਖੋਂ ਦੇ ਬਹੁਤ ਸਾਰੇ ਗੀਤ ਨਾਮਵਰ ਗਾਇਕਾ ਨੇ ਗਾਏ ਅਤੇ ਰਿਕਾਰਡ ਕਰਵਾਏ ਹਨ। ਜੋ ਸੱਚਮੁੱਚ ਪੰਜਾਬੀ ਸੱਭਿਆਚਾਰ ਅਤੇ ਪਰਿਵਾਰਕ ਗੀਤ ਹਨ। ਭਵਿੱਖ ਵਿਚ ਉਮੀਦ ਕੀਤੀ ਕਰਦੇ ਹਾਂ ਕਿ ਕੁਲਵੰਤ ਸੇਖੋਂ ਹੋਰ ਨਵੀਆਂ ਲਿਖਤਾਂ ਰਾਹੀਂ ਇਸੇ ਤਰ੍ਹਾਂ ਪੰਜਾਬੀ ਸਾਹਿਤ ਜਗਤ ਨਾਲ ਜੁੜੇ ਰਹਿਣਗੇ।

## ਟੈਕਸਾਸ ਦੇ ਇਕ ਘਰ 'ਚ 3 ਸਾਲ ਦੀ ਬੱਚੀ ਨੇ ਆਪਣੀ 4 ਸਾਲਾ ਭੈਣ ਨੂੰ ਮਾਰੀ ਗੋਲੀ, ਹੋਈ ਮੌਤ

ਹਿਊਸਟਨ, (ਪੰਜਾਬ ਮੇਲ)- ਟੈਕਸਾਸ ਦੇ ਇੱਕ ਘਰ ਵਿਚ ਇੱਕ 3 ਸਾਲਾ ਬੱਚੀ ਨੇ ਗ਼ਲਤੀ ਨਾਲ ਆਪਣੀ 4 ਸਾਲਾ ਭੈਣ ਨੂੰ ਗੋਲੀ ਮਾਰ ਦਿੱਤੀ, ਜਿਸ ਨਾਲ ਉਸ ਦੀ ਮੌਤ ਹੋ ਗਈ। ਪੁਲਿਸ ਨੇ ਇਹ ਜਾਣਕਾਰੀ ਦਿੱਤੀ। ਹੈਰਿਸ ਕਾਉਂਟੀ ਦੇ ਸ਼ੈਰਿਫ ਐਡ ਗੋਂਜਾਲੇਜ਼ ਨੇ ਦੱਸਿਆ ਕਿ ਹਿਊਸਟਨ ਦੇ ਬੈਮਲ ਨੌਰਥ ਹਿਊਸਟਨ ਰੋਡ 'ਤੇ ਸਥਿਤ ਇਕ ਘਰ 'ਚ ਰਾਤ ਕਰੀਬ 8 ਵਜੇ ਬੱਚੀ ਆਪਣੇ ਬੈੱਡਰੂਮ 'ਚ ਸੀ, ਜਦੋਂਕਿ ਪਰਿਵਾਰ ਦੇ 5 ਹੋਰ ਮੈਂਬਰ ਘਰ ਦੇ ਦੂਜੇ ਹਿੱਸੇ 'ਚ ਸਨ। ਉਨ੍ਹਾਂ ਦੱਸਿਆ, "3 ਸਾਲਾ ਬੱਚੀ ਦੇ ਹੱਥ ਇਕ ਬੰਦੂਕ ਲੱਗ ਗਈ। ਪਰਿਵਾਰ ਨੇ ਅਚਾਨਕ ਗੋਲੀ ਚੱਲਣ ਦੀ ਆਵਾਜ਼ ਸੁਣੀ। ਉਹ ਕਮਰੇ ਵੱਲ ਭੱਜੇ ਅਤੇ ਜਦੋਂ ਉਹ ਉੱਥੇ ਪਹੁੰਚੇ ਤਾਂ ਦੇਖਿਆ ਕਿ 4 ਸਾਲਾ ਬੱਚੀ ਮ੍ਰਿਤਕ ਪਈ ਹੋਈ ਸੀ।' ਅਧਿਕਾਰੀ ਨੇ ਕਿਹਾ ਕਿ ਜ਼ਿਲ੍ਹਾ ਅਟਾਰਨੀ ਦਾ ਦਫ਼ਤਰ ਹੁਣ ਇਹ ਫ਼ੈਸਲਾ ਕਰੇਗਾ ਕਿ ਕੀ ਇਸ ਮਾਮਲੇ ਵਿਚ ਕਿਸੇ ਬਾਲਗ ਵਿਰੁੱਧ ਪੁਲਿਸ ਜਾਂਚ ਦੇ ਆਧਾਰ 'ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ ਜਾਂ ਨਹੀਂ।

## ਅਮਰੀਕਾ ਨੂੰ ਦੁਬਾਰਾ ਮਹਾਂਸ਼ਕਤੀ ਬਣਾਉਣ ਹੈ, ਤਾਂ ਜ਼ਿਆਦਾ ਬੱਚੇ ਪੈਦਾ ਕਰਨ ਦੀ ਜ਼ਰੂਰਤ : ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਵਿਚ ਘਟਦੀ ਮੰਗ ਨੂੰ ਲੈ ਕੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਅਜੀਬ ਦਲੀਲ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਮੰਗ ਘਟਣ ਦਾ ਕਾਰਨ ਪ੍ਰਵਾਸੀਆਂ ਦੀ ਵਧਦੀ ਆਬਾਦੀ ਹੈ। ਇਸ ਕਾਰਨ ਅਮਰੀਕੀ ਮੂਲ ਦੇ ਲੋਕਾਂ ਵਿਚ ਖਪਤ ਘੱਟ ਹੋ ਗਈ ਹੈ। ਉਨ੍ਹਾਂ ਨੇ ਇਹ ਵੀ ਦਲੀਲ ਦਿੱਤੀ ਕਿ ਜੇਕਰ ਮੰਗ ਵਧਾਉਣੀ ਹੈ ਅਤੇ ਅਮਰੀਕਾ ਨੂੰ ਦੁਬਾਰਾ ਮਹਾਂਸ਼ਕਤੀ ਬਣਾਉਣਾ ਹੈ, ਤਾਂ ਅਮਰੀਕਾ ਦੇ ਲੋਕਾਂ ਨੂੰ ਜ਼ਿਆਦਾ ਬੱਚੇ ਪੈਦਾ ਕਰਨੇ ਚਾਹੀਦੇ ਹਨ। ਇਸ ਸਮੇਂ ਅਮਰੀਕਾ ਦੀ ਆਬਾਦੀ ਲਗਭਗ 33.19 ਕਰੋੜ ਹੈ। ਇਸ ਸਦੀ ਦੇ ਸ਼ੁਰੂ ਵਿਚ ਇਹ 28.22 ਕਰੋੜ ਸੀ। ਮਤਲਬ ਲਗਭਗ 17 ਫੀਸਦੀ ਦਾ ਵਾਧਾ।



ਦੂਜੇ ਪਾਸੇ ਰੂਸ ਵੀ ਆਬਾਦੀ ਵਧਾਉਣ 'ਤੇ ਜ਼ੋਰ ਦੇ ਰਿਹਾ ਹੈ। ਇਸ ਦੀ ਆਬਾਦੀ 14.34 ਕਰੋੜ ਹੈ ਅਤੇ ਇਸ ਸਦੀ ਦੇ ਸ਼ੁਰੂ ਵਿਚ ਇਸ ਦੀ ਆਬਾਦੀ 14.66 ਕਰੋੜ ਸੀ। ਯਾਨੀ ਕਿ ਲਗਭਗ 2.2 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਆਬਾਦੀ ਵਧਾਉਣ ਦੀ ਯੋਜਨਾਵਾਂ ਸ਼ੁਰੂ ਕਰ ਦਿੱਤੀਆਂ ਹਨ। ਉਨ੍ਹਾਂ ਨੇ 2025 ਤੱਕ ਦੇਸ਼ ਵਿੱਚ ਜਨਮ ਦਰ ਅੱਧਾ ਫੀਸਦੀ ਵਧਾਉਣ ਦਾ ਟੀਚਾ ਰੱਖਿਆ ਹੈ। ਇਸ ਦੇ ਲਈ ਵੱਡੇ ਪਰਿਵਾਰਾਂ ਨੂੰ ਟੈਕਸ ਵਿਚ ਛੋਟ ਤੋਂ ਲੈ ਕੇ ਕਈ ਹੋਰ ਲਾਭ ਦਿੱਤੇ ਜਾ ਰਹੇ ਹਨ।

## ਹਥਿਆਰਾਂ 'ਤੇ ਲਗਾਮ ਕੱਸਣ ਲਈ ਅਮਰੀਕੀ ਰਾਸ਼ਟਰਪਤੀ ਜਾਰੀ ਕਰ ਸਕਦੇ ਨੇ ਨਵੇਂ ਹੁਕਮ

■ ਹਥਿਆਰ ਖਰੀਦਣ ਵਾਲੇ ਵਿਅਕਤੀ ਦਾ ਪਿਛੋਕੜ ਜਾਂਚਣ ਬਾਰੇ ਹੋ ਰਿਹੈ ਵਿਚਾਰ

**ਵਾਸ਼ਿੰਗਟਨ, (ਪੰਜਾਬ ਮੇਲ)**- ਰਾਸ਼ਟਰਪਤੀ ਜੋਅ ਬਾਇਡਨ ਅਮਰੀਕਾ 'ਚ ਹਥਿਆਰ ਖ਼ਰੀਦਣ ਲਈ ਵਿਅਕਤੀ ਦਾ ਪਿਛੋਕੜ ਜਾਂਚਣ ਬਾਰੇ ਹੁਕਮ ਜਾਰੀ ਕਰ ਸਕਦੇ ਹਨ। ਇਸ ਤਹਿਤ ਬੰਦੂਕ ਖ਼ਰੀਦਣ ਵਾਲੇ ਵਿਅਕਤੀ ਬਾਰੇ ਹੋਰ ਜਾਣਕਾਰੀ ਇਕੱਤਰ ਕੀਤੀ ਜਾਵੇਗੀ। ਇਸ ਦਾ ਮੰਤਵ ਹਥਿਆਰ ਰੱਖਣ ਨੂੰ ਬਿਹਤਰ ਤੇ ਵੱਧ ਸੁਰੱਖਿਅਤ ਬਣਾਉਣਾ ਹੈ। ਹਥਿਆਰਾਂ ਨਾਲ ਹੁੰਦੀ ਹਿੰਸਾ 'ਤੇ ਲਗਾਮ ਕੱਸਣ ਲਈ ਇਹ ਬਾਇਡਨ ਦਾ ਨਵਾਂ ਯਤਨ ਹੋਵੇਗਾ। ਵਾਈਟ ਹਾਊਸ ਦੇ ਇਕ ਅਧਿਕਾਰੀ ਨੇ ਨਾਂ ਨਾ ਛਾਪਣ ਦੀ ਸ਼ਰਤ ਉਤੇ ਦੱਸਿਆ ਕਿ 'ਐਗਜ਼ੈਕਟਿਵ ਆਰਡਰ' ਉਤੇ ਵਿਚਾਰ ਹੋ ਰਿਹਾ ਹੈ। ਜ਼ਿਕਰਯੋਗ ਹੈ ਕਿ ਜਨਵਰੀ ਵਿਚ ਇਕ ਬੰਦੂਕਧਾਰੀ ਨੇ ਲਾਸ ਏਂਜਲਸ 'ਚ 20 ਲੋਕਾਂ ਨੂੰ ਗੋਲੀ ਮਾਰ ਦਿੱਤੀ ਸੀ, ਜਿਨ੍ਹਾਂ ਵਿਚੋਂ 11 ਦੀ ਮੌਤ ਹੋ ਗਈ ਸੀ। ਬਾਇਡਨ ਲਗਾਤਾਰ ਬੰਦੂਕ ਹਿੰਸਾ 'ਤੇ ਲਗਾਮ ਕੱਸਣ ਦੀ ਗੱਲ ਕਰਦੇ ਰਹੇ ਹਨ ਪਰ ਮੱਧਕਾਲੀ ਚੋਣਾਂ ਵਿਚ ਮਿਲੀ ਹਾਰ ਕਾਰਨ ਉਨ੍ਹਾਂ ਦੀਆਂ ਯੋਜਨਾਵਾਂ ਸਿਰੇ ਨਹੀਂ ਚੜ੍ਹ ਸਕੀਆਂ ਸਨ। ਪਰ 2024 ਦੀਆਂ ਚੋਣਾਂ ਨੇੜੇ ਆਉਣ ਕਾਰਨ ਉਹ ਮੁੜ ਤੋਂ ਕਾਨੂੰਨਾਂ ਵਿਚ ਬਦਲਾਅ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ। ਕੈਲੀਫੋਰਨੀਆ ਵਿਚ ਦਿੱਤੇ ਇਕ ਭਾਸ਼ਣ 'ਚ ਵੀ ਬਾਇਡਨ ਨੇ 'ਅਸਾਲਟ ਹਥਿਆਰਾਂ' 'ਤੇ ਪਾਬੰਦੀ ਦਾ ਸੱਦਾ ਦਿੱਤਾ ਸੀ। ਦੱਸਣਯੋਗ ਹੈ ਕਿ ਅਮਰੀਕਾ ਵਿਚ ਗੋਲੀਬਾਰੀ ਦੀਆਂ ਘਟਨਾਵਾਂ ਆਮ ਵਾਪਰਦੀਆਂ ਰਹਿੰਦੀਆਂ ਹਨ, ਜਿਨ੍ਹਾਂ ਵਿਚ ਕਈ ਲੋਕਾਂ ਦੀ ਮੌਤ ਹੋ ਚੁੱਕੀ ਹੈ।

Mann & Associates Insurance Services, Inc.

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



Inderjeet Singh Mann
CA Lic# 0H82488

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn t qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem

COVERED CALIFORNIA | Certified Insurance Agent

Designed By Punjab Mail USA

Ph.: (916) 900-2000



EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਅਮਰੀਕਾ 'ਚ ਪੁਲਿਸ ਨਾਲ ਹੋਏ ਮੁਕਾਬਲੇ ਦੌਰਾਨ ਸ਼ੱਕੀ ਦੀ ਮੌਤ; 3 ਪੁਲਿਸ ਅਫਸਰ ਜ਼ਖਮੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**-ਲਾਸ ਏਂਜਲਸ ਪੁਲਿਸ ਵਿਭਾਗ ਦੇ 3 ਅਫਸਰ ਉਸ ਵੇਲੇ ਜ਼ਖਮੀ ਹੋ ਗਏ, ਜਦੋਂ ਉਹ ਪੈਰੋਲ ਉਪਰ ਰਿਹਾਅ ਹੋਏ ਇਕ ਸ਼ੱਕੀ ਦੀ ਭਾਲ ਵਿਚ ਸਨ। ਲਾਸ ਏਂਜਲਸ ਪੁਲਿਸ ਵਿਭਾਗ ਦੇ ਕਮਾਂਡਰ ਸਟੇਸੀ ਸਪੈਲ ਨੇ ਕਿਹਾ ਹੈ ਕਿ ਸ਼ੱਕੀ ਵਿਅਕਤੀ ਇਕ ਸ਼ੈੱਡ ਵਿਚ ਲੁੱਕਿਆ ਹੋਇਆ ਸੀ। ਪੁਲਿਸ ਅਫਸਰਾਂ ਨੇ ਉਸ ਨੂੰ ਬਾਹਰ ਆਉਣ ਲਈ ਕਿਹਾ ਪਰੰਤੂ ਸ਼ੱਕੀ ਨੇ ਬਾਹਰ ਆਉਣ ਦੀ ਬਜਾਏ ਪੁਲਿਸ ਉਪਰ ਗੋਲੀ ਚਲਾ ਦਿੱਤੀ, ਜਿਸ ਦੌਰਾਨ 3



**ਲਾਸ ਏਂਜਲਸ 'ਚ ਸ਼ੱਕੀ ਨਾਲ ਮੁਕਾਬਲੇ ਦੌਰਾਨ ਮੌਕੇ ਉਪਰ ਨਜ਼ਰ ਆ ਰਹੀ ਪੁਲਿਸ।**

ਪੁਲਿਸ ਅਫਸਰ ਜ਼ਖਮੀ ਹੋ ਗਏ। ਪੁਲਿਸ ਅਫਸਰਾਂ ਵੱਲੋਂ ਜਵਾਬੀ ਕਾਰਵਾਈ ਕੀਤੀ ਗਈ। ਇਸ ਦੌਰਾਨ ਸ਼ੱਕੀ ਵਿਅਕਤੀ ਵੀ ਮਾਰਿਆ ਗਿਆ। ਸਪੈਲ ਨੇ ਕਿਹਾ ਹੈ ਕਿ ਅਜੇ ਇਹ ਸਪੱਸ਼ਟ ਨਹੀਂ ਹੈ ਕਿ ਸ਼ੱਕੀ ਦੀ ਮੌਤ ਕਿਸ ਤਰ੍ਹਾਂ ਹੋਈ ਹੈ। ਜ਼ਖਮੀ ਪੁਲਿਸ ਅਫਸਰਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ, ਜਿਥੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਪੁਲਿਸ ਵਿਭਾਗ ਦੇ ਅਸਿਸਟੈਂਟ ਚੀਫ ਅਲਫਰੈਡ ਲਬਰਾਡਾ ਅਨੁਸਾਰ ਕਿੰਨੇ ਪੁਲਿਸ ਅਫਸਰਾਂ ਨੇ ਜਵਾਬੀ ਕਾਰਵਾਈ ਦੌਰਾਨ ਗੋਲੀਆਂ ਚਲਾਈਆਂ, ਇਹ ਅਜੇ ਜਾਂਚ ਦਾ ਵਿਸ਼ਾ ਹੈ।

## ਡੇਰਾ ਸਿਰਸਾ ਮੁਖੀ ਖ਼ਿਲਾਫ਼ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਹੇਠ ਕੇਸ ਦਰਜ

**ਜਲੰਧਰ, (ਪੰਜਾਬ ਮੇਲ)**- ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਵਿਰੁੱਧ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਹੇਠ ਥਾਣਾ ਪਤਾਰਾ ਵਿਚ ਮਾਮਲਾ ਦਰਜ ਕੀਤਾ ਗਿਆ ਹੈ। ਸ੍ਰੀ ਗੁਰੂ ਰਵਿਦਾਸ ਟਾਈਗਰ ਫੋਰਸ ਦੇ ਪ੍ਰਧਾਨ ਜੱਸੀ ਤੱਲਣ ਵੱਲੋਂ ਦਿਹਾਤੀ ਪੁਲਿਸ ਨੂੰ ਕੀਤੀ ਗਈ ਸ਼ਿਕਾਇਤ ਵਿਚ ਕਿਹਾ ਗਿਆ ਕਿ ਡੇਰਾ ਮੁਖੀ ਆਪਣੇ ਧਾਰਮਿਕ ਚੈਨਲ 'ਤੇ ਗੁਰੂ ਰਵਿਦਾਸ ਅਤੇ ਭਗਤ ਕਬੀਰ ਬਾਰੇ ਤੱਥਾਂ ਤੋਂ ਰਹਿਤ ਮਨਘੜਤ ਸਾਖੀਆਂ ਸੁਣਾ ਕੇ ਦੋਵੇਂ ਧਾਰਮਿਕ ਰਹਿਬਰਾਂ ਦਾ ਅਪਮਾਨ ਕਰ ਰਿਹਾ ਹੈ

## ਅਮਰੀਕੀ ਸੈਨਟ ਵੱਲੋਂ ਅਰੁਨ ਸੁਬਰਾਮਨੀਅਨ ਦੀ ਡਿਸਟ੍ਰਿਕਟ ਜੱਜ ਵਜੋਂ ਨਿਯੁਕਤੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕੀ ਸੈਨਟ ਵੱਲੋਂ ਭਾਰਤੀ-ਅਮਰੀਕੀ ਅਰੁਨ ਸੁਬਰਾਮਨੀਅਨ ਦੀ ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਦੇ ਡਿਸਟ੍ਰਿਕਟ ਜੱਜ ਵਜੋਂ ਨਿਯੁਕਤੀ ਦੀ ਪੁਸ਼ਟੀ ਕਰ ਦੇਣ ਦੀ ਖ਼ਬਰ ਹੈ। ਉਹ ਪਹਿਲੇ ਦੱਖਣ ਏਸ਼ੀਆਈ ਹੋਣਗੇ ਜੋ ਇਸ ਬੈਂਚ ਉਪਰ ਸੇਵਾ ਨਿਭਾਉਣਗੇ। ਸੈਨਟ ਨੇ 58-37 ਵੋਟਾਂ ਦੇ ਫਰਕ ਨਾਲ ਉਨ੍ਹਾਂ ਦੀ ਡਿਸਟ੍ਰਿਕਟ ਜੱਜ ਵਜੋਂ ਨਿਯੁਕਤੀ ਦੀ ਪੁਸ਼ਟੀ ਕੀਤੀ। ਸੈਨੇਟਰ ਚਾਰਲਸ ਸ਼ੂਮਰ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਸੁਬਰਾਮਨੀਅਨ ਭਾਰਤੀ ਪ੍ਰਵਾਸੀ ਦਾ ਪੁੱਤਰ ਹੈ, ਜਿਸ ਦਾ ਕਰੀਅਰ ਲੋਕਾਂ ਨੂੰ



**ਅਰੁਨ ਸੁਬਰਾਮਨੀਅਨ**

ਸਮਰਪਿਤ ਰਿਹਾ ਹੈ। ਸੁਬਰਾਮਨੀਅਮ ਦਾ ਜਨਮ ਪਿਟਸਬਰਗ, ਪੈਨਸਿਲਵੇਨੀਆ 'ਚ 1979 ਵਿਚ ਹੋਇਆ ਸੀ। ਉਸ ਦੇ ਮਾਂ-ਬਾਪ 1970ਵਿਆਂ ਦੇ ਸ਼ੁਰੂ ਵਿਚ ਭਾਰਤ ਤੋਂ ਆ ਕੇ ਅਮਰੀਕਾ ਵੱਸ ਗਏ ਸਨ।

## ਅਮਰੀਕੀ ਰਾਸ਼ਟਰਪਤੀ ਵੱਲੋਂ 6.9 ਖਰਬ ਡਾਲਰ ਦਾ ਸਾਲਾਨਾ ਬਜਟ ਪੇਸ਼

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਸਾਲ 2024 ਲਈ 6.9 ਖਰਬ ਡਾਲਰ ਦਾ ਸਾਲਾਨਾ



ਬਜਟ ਪੇਸ਼ ਕੀਤਾ ਹੈ। ਬਜਟ ਵਿਚ ਅਮੀਰਾਂ 'ਤੇ ਮੋਟੇ ਟੈਕਸ ਲਾਉਣ ਦੇ ਨਾਲ ਸਮਾਜਿਕ ਉਪਰਾਲਿਆਂ ਅਤੇ ਬੁਨਿਆਦੀ ਢਾਂਚੇ ਦੀ ਉਸਾਰੀ ਲਈ ਚੋਖਾ ਪੈਸਾ ਖਰਚਣ ਦੀ ਤਜਵੀਜ਼ ਰੱਖੀ ਗਈ ਹੈ। ਉਧਰ ਰਿਪਬਲਿਕਨਾਂ ਜਿਨ੍ਹਾਂ ਕੋਲ ਪ੍ਰਤੀਨਿਧ ਸਦਨ 'ਚ ਬਹੁਗਿਣਤੀ ਹੈ, ਨੇ ਬਜਟ ਨੂੰ 'ਨਾਨ ਸਟਾਰਟਰ' ਕਰਾਰ ਦਿੱਤਾ ਹੈ। ਅਮਰੀਕੀ ਸਦਰ ਬਾਇਡਨ ਨੇ ਫਿਲਾਡੈਲਫੀਆ ਵਿਚ ਕੀਤੀ ਰੈਲੀ ਦੌਰਾਨ ਜ਼ੋਰ ਦੇ ਕੇ ਆਖਿਆ ਕਿ ਇਹ ਬਜਟ ਇਸ ਗੱਲ ਦੀ ਝਾਤ ਹੈ ਕਿ ਮਿਹਨਤਕਸ਼ ਅਮਰੀਕੀਆਂ 'ਤੇ ਬੋਝ ਘਟਾਉਣ ਲਈ 'ਅਸੀਂ ਕੀ ਕਰ ਸਕਦੇ ਹਾਂ' ਤੇ ਇਸ ਸਾਲ ਵਿੱਤੀ ਘਾਟਾ 160 ਅਰਬ ਡਾਲਰ ਦੇ ਕਰੀਬ ਘਟੇਗਾ। ਬਾਇਡਨ ਨੇ ਕਿਹਾ ਕਿ ਉਨ੍ਹਾਂ ਦੇ ਸੱਜਰੇ ਬਜਟ ਨਾਲ ਅਗਲੇ ਦਸ ਸਾਲਾਂ ਵਿਚ ਵਿੱਤੀ ਘਾਟਾ 3 ਖਰਬ ਡਾਲਰ ਘਟਣ ਦੇ ਅਸਾਰ ਹਨ।

## ਬਰੈਂਪਟਨ ਅਦਾਲਤ ਵੱਲੋਂ ਸਾਬਕਾ ਐੱਮ.ਪੀ. ਰਾਜ ਗਰੇਵਾਲ ਦੋਸ਼-ਮੁਕਤ ਕਰਾਰ

**ਬਰੈਂਪਟਨ, (ਪੰਜਾਬ ਮੇਲ)**- ਬਰੈਂਪਟਨ ਈਸਟ ਤੋਂ ਐੱਮ.ਪੀ. ਰਹੇ ਰਾਜ ਗਰੇਵਾਲ, ਜਿਨ੍ਹਾਂ 2018 ਵਿਚ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ, ਨੂੰ ਅਦਾਲਤ ਵੱਲੋਂ ਦੋਸ਼-



ਮੁਕਤ ਕਰਾਰ ਦੇ ਦਿੱਤਾ ਗਿਆ ਹੈ। ਰਾਜ ਗਰੇਵਾਲ 'ਤੇ ਪੰਜ ਚਾਰਜ ਲੱਗੇ ਸਨ, ਜਿਨ੍ਹਾਂ ਵਿਚੋਂ ਤਿੰਨ ਪਹਿਲਾਂ ਹੀ ਵਾਪਸ ਲਏ ਜਾ ਚੁੱਕੇ ਸਨ ਅਤੇ ਬਾਕੀ ਬਚੇ ਦੋ ਕ੍ਰਿਮੀਨਲ ਚਾਰਜਿਜ਼ ਵੀ ਖ਼ਤਮ ਕਰ ਦਿੱਤੇ ਗਏ ਹਨ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਇਸ ਮਾਮਲੇ ਦੇ ਸਬੰਧ ਵਿਚ 9 ਮਹੀਨਿਆਂ ਦੀ ਸੁਣਵਾਈ ਅਦਾਲਤ ਵੱਲੋਂ ਕੀਤੀ ਗਈ ਸੀ। ਇਸ ਦੌਰਾਨ ਬਹੁਤ ਸਾਰੇ ਲੋਕਾਂ ਦੀ ਗਵਾਹੀ ਲਈ ਗਈ ਅਤੇ ਮਾਮਲੇ ਸਬੰਧੀ ਪੁੱਛਗਿੱਛ ਕੀਤੀ ਗਈ ਪਰ ਹੁਣ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਜੱਜ ਵੱਲੋਂ ਰਾਜ ਗਰੇਵਾਲ ਉੱਤੇ ਲੱਗੇ ਸਾਰੇ ਚਾਰਜਿਜ਼ ਨੂੰ ਖਾਰਜ ਕਰ ਦਿੱਤਾ ਗਿਆ ਹੈ। ਇਹ ਦੋਸ਼ ਸਪੈਸ਼ਲ ਪ੍ਰੋਸੀਜਰ ਤਹਿਤ ਖਾਰਜ ਕੀਤੇ ਗਏ ਹਨ। ਇਸ ਪ੍ਰੋਸੀਜਰ ਨੂੰ ਡਾਇਰੈਕਟਿਡ ਵਰਡਿਕਟ ਆਖਿਆ ਜਾਂਦਾ ਹੈ। ਇਹ ਡਾਇਰੈਕਟਿਡ ਵਰਡਿਕਟ ਇਸ ਲਈ ਦਿੱਤਾ ਗਿਆ ਕਿਉਂਕਿ ਕ੍ਰਾਊਨ ਵਕੀਲ ਗਰੇਵਾਲ ਉੱਤੇ ਲੱਗੇ ਇਨ੍ਹਾਂ ਦੋਸ਼ਾਂ ਨੂੰ ਸਿੱਧ ਕਰਨ ਲਈ ਕੋਈ ਵੀ ਸਬੂਤ ਪੇਸ਼ ਨਹੀਂ ਕਰ ਸਕੇ।

## ਆਈ.ਐੱਸ.ਆਈ.ਐੱਸ. ਦੇ ਪ੍ਰਭਾਵ ਹੇਠ ਹੱਤਿਆਵਾਂ ਕਰਨ ਵਾਲੇ ਦੋਸ਼ੀ ਨੂੰ ਮੌਤ ਦੀ ਸਜ਼ਾ ਬਾਰੇ ਸੁਣਵਾਈ ਸ਼ੁਰੂ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- 2017 'ਚ ਨਿਊਯਾਰਕ ਵਿਚ ਕਿਰਾਏ ਉਪਰ ਲਏ ਇਕ ਟਰੱਕ ਹੇਠਾਂ ਦਰੜ ਕੇ 8 ਲੋਕਾਂ ਨੂੰ ਮਾਰ ਦੇਣ ਦੇ ਮਾਮਲੇ 'ਚ ਦੋਸ਼ੀ ਕਰਾਰ ਦਿੱਤੇ ਆਈ.ਐੱਸ.ਆਈ.ਐੱਸ. ਸਮਰਥਕ ਸੇਅਫੂਲੋ ਸਾਈਪੋਵ ਨੂੰ ਮੌਤ ਦੀ ਸਜ਼ਾ ਦੇਣ ਬਾਰੇ ਸੁਣਵਾਈ ਦਾ ਦੂਸਰਾ ਪੜਾਅ ਸੋਮਵਾਰ ਤੋਂ ਸ਼ੁਰੂ ਹੋ ਗਿਆ। ਸੁਣਵਾਈ ਵਾਲੇ ਪੈਨਲ ਵੱਲੋਂ ਦੋਸ਼ੀ ਨੂੰ ਮੌਤ ਦੀ ਸਜ਼ਾ ਜਾਂ ਉਮਰ ਭਰ ਲਈ ਕੈਦ ਦੀ ਸਜ਼ਾ ਦੇਣ ਬਾਰੇ ਨਿਰਣਾ ਲਿਆ ਜਾਵੇਗਾ। ਸਾਈਪੋਵ



**ਸੇਅਫੂਲੋ ਸਾਈਪੋਵ।**

ਜੋ ਉਜ਼ਬੇਕਿਸਤਾਨੀ ਹੈ, ਨੂੰ ਇਸ ਸਾਲ ਜਨਵਰੀ ਵਿਚ ਮੈਨਹਟਨ ਸੰਘੀ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ ਸੀ। ਬੀਤੇ ਵੀਰਵਾਰ ਜਿਊਰੀ ਨੇ ਸੁਣਵਾਈ ਰੋਕ ਦਿੱਤੀ ਸੀ ਤੇ ਐਲਾਨ ਕੀਤਾ ਸੀ ਕਿ ਸੁਣਵਾਈ ਦੁਬਾਰਾ ਸੋਮਵਾਰ ਸ਼ੁਰੂ ਹੋਵੇਗੀ।




# ਕਾਂਗਰਸ ਵੱਲੋਂ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਲਈ ਉਮੀਦਵਾਰ ਦਾ ਐਲਾਨ



**ਜਲੰਧਰ, (ਪੰਜਾਬ ਮੇਲ)-** ਜਲੰਧਰ ਲੋਕ ਸਭਾ ਸੀਟ 'ਤੇ ਹੋਣ ਵਾਲੀ ਜ਼ਿਮਨੀ ਚੋਣ ਲਈ ਕਾਂਗਰਸ ਨੇ ਮਰਹੂਮ ਚੌਧਰੀ ਸੰਤੋਖ ਸਿੰਘ ਦੀ ਪਤਨੀ ਕਰਮਜੀਤ ਕੌਰ ਨੂੰ ਉਮੀਦਵਾਰ ਐਲਾਨਿਆ ਹੈ। ਇਹ ਐਲਾਨ ਕਾਂਗਰਸ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਦੀ ਸਹਿਮਤੀ ਤੋਂ ਬਾਅਦ ਜਨਰਲ ਸਕੱਤਰ ਮੁਕੁਲ ਵਾਸਨਿਕ ਨੇ ਕੀਤਾ। ਹਾਲਾਂਕਿ ਜਲੰਧਰ ਲੋਕ ਸਭਾ ਹਲਕੇ 'ਤੇ ਹੋਣ ਵਾਲੀ ਜ਼ਿਮਨੀ ਚੋਣ ਦਾ ਤਾਰੀਖ਼ ਦਾ ਐਲਾਨ ਚੋਣ ਕਮਿਸ਼ਨ ਵਲੋਂ ਨਹੀਂ ਕੀਤਾ ਗਿਆ ਹੈ। ਪਰ ਇਸ ਐਲਾਨ ਤੋਂ ਪਹਿਲਾਂ ਹੀ ਕਾਂਗਰਸ ਨੇ ਸਭ ਤੋਂ ਪਹਿਲਾਂ ਆਪਣੇ ਉਮੀਦਵਾਰ ਦਾ ਐਲਾਨ ਕਰਕੇ ਚੋਣ ਅਖਾੜਾ ਪੂਰੀ ਤਰ੍ਹਾਂ ਭਖਾ ਦਿੱਤਾ ਹੈ। ਇਹ ਚੋਣਾਂ 6 ਮਹੀਨੇ ਦੇ ਅੰਦਰ ਜੁਲਾਈ 2023 ਤੱਕ ਕਰਵਾਈ ਜਾਣੀ ਹੈ।

ਦੱਸਣਯੋਗ ਹੈ ਕਿ ਜਲੰਧਰ ਲੋਕ ਸਭਾ ਹਲਕੇ ਤੋਂ ਮੈਂਬਰ ਪਾਰਲੀਮੈਂਟ ਅਤੇ ਕਾਂਗਰਸੀ ਆਗੂ ਸੰਤੋਖ ਸਿੰਘ ਚੌਧਰੀ ਦਾ ਬੀਤੀ 14 ਜਨਵਰੀ ਨੂੰ ਉਸ ਸਮੇਂ ਦੇਹਾਂਤ ਹੋ ਗਿਆ ਸੀ, ਜਦੋਂ ਉਹ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਵਿਚ ਸ਼ਿਰਕਤ ਕਰਨ ਪਹੁੰਚੇ ਹੋਏ ਸਨ। ਇਸ ਦੌਰਾਨ ਉਨ੍ਹਾਂ ਨੂੰ ਦਿਲ ਦਾ ਦੌਰਾ ਪੈ ਗਿਆ ਤੇ ਉਨ੍ਹਾਂ ਦੀ ਮੌਤ ਹੋ ਗਈ।

ਇਸੇ ਕਰਕੇ ਜਲੰਧਰ ਲੋਕ ਸਭਾ ਸੀਟ 'ਤੇ ਜ਼ਿਮਨੀ ਚੋਣ ਕਰਵਾਈ ਜਾ ਰਹੀ ਹੈ। ਸੰਤੋਖ ਸਿੰਘ ਚੌਧਰੀ ਦੇ ਦੇਹਾਂਤ ਤੋਂ ਬਾਅਦ ਖਾਲੀ ਹੋਈ ਜਲੰਧਰ ਲੋਕ ਸਭਾ ਸੀਟ 'ਤੇ ਭਾਵੇਂ ਅਜੇ ਤੱਕ ਚੋਣ ਕਮਿਸ਼ਨ ਵਲੋਂ ਚੋਣਾਂ ਦਾ ਐਲਾਨ ਨਹੀਂ ਕੀਤਾ ਗਿਆ ਹੈ ਪਰ ਕਾਂਗਰਸ ਪਾਰਟੀ ਨੇ ਚੋਣਾਂ ਦਾ ਐਲਾਨ ਹੋਣ ਤੋਂ ਪਹਿਲਾਂ ਹੀ ਸਵ. ਸੰਤੋਖ ਚੌਧਰੀ ਦੀ ਪਤਨੀ ਕਰਮਜੀਤ ਕੌਰ ਚੌਧਰੀ ਨੂੰ ਉਮੀਦਵਾਰ ਐਲਾਨ ਦਿੱਤਾ ਹੈ।

## ਮਾਨ ਪਾਰਟੀ ਦੇ ਵਰਕਰ ਗੁਰਦੇਵ ਸਿੰਘ ਦੇ ਘਰ ਪੁਲਿਸ ਵੱਲੋਂ ਰੇਡ

**ਭੁਲੱਥ, (ਪੰਜਾਬ ਮੇਲ)-** ਤਹਿਸੀਲ ਭੁਲੱਥ, ਜ਼ਿਲ੍ਹਾ ਕਪੂਰਥਲਾ ਦੇ ਪਿੰਡ ਮਾਡਲ ਟਾਊਨ ਵਿਚ ਮਾਨ ਪਾਰਟੀ ਦੇ ਵਰਕਰ ਗੁਰਦੇਵ ਸਿੰਘ ਪੁੱਤਰ ਸੁਖਵਿੰਦਰ ਸਿੰਘ ਬਾਰੇ ਪੁੱਛਗਿੱਛ ਕਰਨ ਲਈ ਪੰਜਾਬ ਪੁਲਿਸ ਨੇ ਰੇਡ ਕੀਤੀ। ਪੁਲਿਸ ਨੇ ਗੁਰਦੇਵ ਸਿੰਘ ਦੀ ਘਰਵਾਲੀ ਬਲਵਿੰਦਰ ਕੌਰ ਨਾਲ ਬਦਸਲੂਕੀ ਕੀਤੀ ਅਤੇ ਗੁਰਦੇਵ ਸਿੰਘ ਦੇ ਬੱਚਿਆਂ ਦੇ ਵੀ ਥੱਪੜ ਮਾਰੇ। ਪੁਲਿਸ ਅਨੁਸਾਰ, ਗੁਰਦੇਵ ਸਿੰਘ ਬੰਦੀ ਸਿੰਘ ਦੀ ਰਿਹਾਈ ਲਈ ਲੱਗੇ ਮੋਰਚੇ ਦੀ ਮਦਦ ਕਰ ਰਿਹਾ ਹੈ। ਪਿੰਡ ਮਾਡਲ ਟਾਊਨ ਵਿਚ ਸਹਿਮ ਭਰਿਆ ਮਾਹੌਲ ਬਣਿਆ ਹੋਇਆ ਹੈ। ਪਾਰਟੀ ਦੇ ਵਰਕਰਾਂ ਨੇ ਪੁਲਿਸ ਦੇ ਇਸ ਤਰ੍ਹਾਂ ਦੇ ਵਤੀਰੇ ਦੀ ਨਿਖੇਧੀ ਕੀਤੀ ਹੈ। ਪੁਲਿਸ ਇਸ ਕਰਕੇ ਨਾਰਾਜ਼ ਹੈ ਕਿ ਗੁਰਦੇਵ ਸਿੰਘ ਬੰਦੀ ਸਿੰਘਾਂ ਦੀ ਰਿਹਾਈ ਲਈ ਮੋਰਚੇ ਦੀ ਮਦਦ ਕਰ ਰਿਹਾ ਹੈ।

## ਕੋਟਕਪੂਰਾ ਗੋਲੀ ਕਾਂਡ: ਅਦਾਲਤ ਨੇ ਸੁਖਬੀਰ ਵੱਲੋਂ ਚਲਾਨ ਦੀਆਂ ਨਕਲਾਂ ਲੈਣ ਦੀ ਦਿੱਤੀ ਅਰਜ਼ੀ ਕੀਤੀ ਰੱਦ

**ਫਰੀਦਕੋਟ, (ਪੰਜਾਬ ਮੇਲ)-** ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਇੱਥੇ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿੱਚ ਚਲਾਨ ਦੀਆਂ ਨਕਲਾਂ ਲੈਣ ਲਈ ਦਿੱਤੀ ਅਰਜ਼ੀ ਨੂੰ ਵਧੀਕ ਚੀਫ਼ ਜੁਡੀਸ਼ਲ ਮੈਜਿਸਟਰੇਟ ਅਜੈਪਾਲ ਸਿੰਘ ਨੇ ਰੱਦ ਕਰ ਦਿੱਤਾ ਹੈ। ਸੁਖਬੀਰ ਸਿੰਘ ਬਾਦਲ ਨੇ ਅਰਜ਼ੀ ਦੇ ਕੇ ਮੰਗ ਕੀਤੀ ਸੀ ਕਿ ਜਾਂਚ ਟੀਮ ਵੱਲੋਂ ਉਨ੍ਹਾਂ ਨੂੰ ਕੋਟਕਪੂਰਾ ਗੋਲੀ ਕਾਂਡ ਵਿਚ ਨਾਮਜ਼ਦ ਕਰਕੇ 7 ਹਜ਼ਾਰ ਪੰਨਿਆਂ ਦਾ ਚਲਾਨ ਪੇਸ਼ ਕੀਤਾ ਗਿਆ ਹੈ ਅਤੇ ਉਹ ਇਸ ਕੇਸ ਵਿਚ ਜ਼ਮਾਨਤ ਲੈਣ ਲਈ ਵਧੀਕ ਸੈਸ਼ਨ ਜੱਜ ਦੀ ਅਦਾਲਤ ਵਿਚ ਅਰਜ਼ੀ ਦੇ ਚੁੱਕੇ ਹਨ, ਜਿਸ ਵਿਚ ਬਹਿਸ ਲਈ ਉਨ੍ਹਾਂ ਨੂੰ ਚਲਾਨ ਦੀਆਂ ਨਕਲਾਂ ਦੀ ਜ਼ਰੂਰਤ ਹੈ। ਵਿਸ਼ੇਸ਼ ਜਾਂਚ ਟੀਮ ਨੇ ਸੁਖਬੀਰ ਬਾਦਲ ਦੀ ਅਰਜ਼ੀ ਦਾ ਵਿਰੋਧ ਕਰਦਿਆਂ ਅਦਾਲਤ ਨੂੰ ਦੱਸਿਆ ਕਿ ਕਾਨੂੰਨ ਮੁਤਾਬਿਕ ਮੁਲਜ਼ਮ ਅਦਾਲਤ ਵਿਚ ਪੇਸ਼ ਹੋਣ ਤੋਂ ਬਾਅਦ ਹੀ ਚਲਾਨ ਦੀਆਂ ਨਕਲਾਂ ਹਾਸਲ ਕਰ ਸਕਦਾ ਹੈ। ਅਦਾਲਤ ਨੇ ਸੁਖਬੀਰ ਬਾਦਲ ਨੂੰ ਇਸ ਵੇਲੇ ਚਲਾਨ ਦੀਆਂ ਨਕਲਾਂ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਉਸ ਦੀ ਅਰਜ਼ੀ ਖਾਰਜ ਕਰ ਦਿੱਤੀ।

## ਅਕਾਲੀ ਦਲ ਨੇ ਲੋਕ ਸਭਾ ਚੋਣਾਂ ਲਈ ਲੁਧਿਆਣਾ ਤੋਂ ਵਿਪਨ ਸੂਦ ਕਾਕਾ ਨੂੰ ਐਲਾਨਿਆ ਉਮੀਦਵਾਰ

**ਲੁਧਿਆਣਾ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਨੇ ਹੁਣੇ ਤੋਂ ਹੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਇੱਥੇ ਪੁੱਜੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਦੇ ਮੈਂਬਰਾਂ ਨਾਲ ਮੀਟਿੰਗ ਦੌਰਾਨ ਐਲਾਨ ਕੀਤਾ ਕਿ ਇਸ ਵਾਰ ਅਕਾਲੀ ਦਲ ਵੱਲੋਂ ਵਿਪਨ ਸੂਦ ਕਾਕਾ ਨੂੰ ਲੋਕ ਸਭਾ ਚੋਣਾਂ ਵਿਚ ਲੁਧਿਆਣਾ ਤੋਂ ਚੋਣ ਮੈਦਾਨ ਵਿਚ ਉਤਾਰਿਆ ਜਾਵੇਗਾ। ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਪਨ ਸੂਦ ਕਾਕਾ ਦੇ ਘਰ ਮੀਟਿੰਗ ਲਈ ਆਏ ਸਨ, ਜਿੱਥੇ ਉਨ੍ਹਾਂ ਨੇ ਕਾਕਾ ਸੂਦ ਨੂੰ ਉਮੀਦਵਾਰ ਬਣਾਉਣ ਦੀ ਗੱਲ ਆਖੀ, ਹਾਲਾਂਕਿ ਇਸ ਬਾਰੇ ਵਿਚ ਅਕਾਲੀ ਦਲ ਨੇ ਕੋਈ ਅਧਿਕਾਰਿਕ ਐਲਾਨ ਨਹੀਂ ਕੀਤਾ ਪਰ ਸੁਖਬੀਰ ਸਿੰਘ ਬਾਦਲ ਮੀਡੀਆ ਦੇ ਸਾਹਮਣੇ ਵਿਪਨ ਸੂਦ ਕਾਕਾ ਨੂੰ ਲੋਕ ਸਭਾ ਚੋਣਾਂ ਦੇ ਮੈਦਾਨ ਵਿਚ ਉਤਾਰਨ ਦੀ ਗੱਲ ਆਖ ਗਏ ਹਨ। ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੂਬਾ ਸਰਕਾਰ ਨੂੰ ਹਰ ਫਰੰਟ 'ਤੇ ਫੇਲ੍ਹ ਕਰਾਰ ਦਿੱਤਾ।

## ਫੇਸਬੁੱਕ 'ਮੈਟਾ' ਨੇ 10 ਹਜ਼ਾਰ ਹੋਰ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਿਆ

**ਨਿਊਯਾਰਕ, (ਪੰਜਾਬ ਮੇਲ)-** ਫੇਸਬੁੱਕ ਦੀ ਮਾਲਕ ਕੰਪਨੀ 'ਮੈਟਾ' ਨੇ 10 ਹਜ਼ਾਰ ਹੋਰ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ। ਪੈਸੇ ਬਚਾਉਣ ਲਈ ਕੰਪਨੀ ਪਹਿਲਾਂ ਕੱਢੀਆਂ ਗਈਆਂ ਪੰਜ ਹਜ਼ਾਰ ਅਸਾਮੀਆਂ ਵੀ ਨਹੀਂ ਭਰੇਗੀ। ਕੰਪਨੀ ਨੇ ਕਿਹਾ ਕਿ ਉਹ ਨੌਕਰੀਆਂ ਦੇਣ ਵਾਲੀ ਆਪਣੀ 'ਰਿਕਰੂਟਿੰਗ ਟੀਮ' ਨੂੰ ਵੀ ਛੋਟਾ ਕਰੇਗੀ। ਅਪ੍ਰੈਲ ਵਿਚ ਕੰਪਨੀ ਆਪਣੇ ਤਕਨੀਕੀ ਗਰੁੱਪਾਂ ਨੂੰ ਵੀ ਛੋਟਾ ਕਰੇਗੀ। ਇਸ ਤੋਂ ਇਲਾਵਾ ਮਈ ਵਿਚ ਕਾਰੋਬਾਰੀ ਗਰੁੱਪਾਂ 'ਚ ਵੀ ਛਾਂਟੀ ਹੋਵੇਗੀ। ਫੇਸਬੁੱਕ (ਮੈਟਾ) ਦੇ ਸੀ.ਈ.ਓ. ਮਾਰਕ ਜ਼ੁਕਰਬਰਗ ਨੇ ਕਿਹਾ ਕਿ ਛਾਂਟੀ ਤੋਂ ਬਿਨਾਂ ਕੋਈ ਹੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਕੰਪਨੀ ਦੀ ਸਫ਼ਲਤਾ ਵਿਚ ਯੋਗਦਾਨ ਦੇਣ ਵਾਲੇ ਹਜ਼ਾਰਾਂ ਮਾਹਿਰਾਂ ਨੂੰ ਅਲਵਿਦਾ ਕਹਿਣਾ ਪਵੇਗਾ। ਕੰਪਨੀ ਇਸੇ ਦੌਰਾਨ 'ਮੈਟਾਵਰਸ' ਵਿਚ ਅਰਬਾਂ ਡਾਲਰ ਦਾ ਨਿਵੇਸ਼ ਕਰ ਰਹੀ ਹੈ। ਫਰਵਰੀ ਵਿਚ ਕੰਪਨੀ ਦਾ ਲਾਭ ਤੇ ਮਾਲੀਆ ਲਗਾਤਾਰ ਚੌਥੀ ਤਿਮਾਹੀ ਵਿਚ ਘਟਿਆ ਹੈ। ਵੇਰਵਿਆਂ ਮੁਤਾਬਕ ਕੰਪਨੀ ਦਾ ਆਨਲਾਈਨ ਇਸ਼ਤਿਹਾਰ ਘਟਿਆ ਹੈ ਤੇ ਇਸ ਨੂੰ ਟਿਕਟੌਕ ਵਰਗੇ ਪਲੈਟਫਾਰਮ ਤੋਂ ਵੀ ਟੱਕਰ ਮਿਲ ਰਹੀ ਹੈ।

## ਵਿਜੀਲੈਂਸ ਵੱਲੋਂ ਚਰਨਜੀਤ ਚੰਨੀ ਖ਼ਿਲਾਫ਼ ਲੁੱਕ ਆਊਟ ਨੋਟਿਸ ਜਾਰੀ



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਖ਼ਿਲਾਫ਼ ਸ਼ੁੱਕਰਵਾਰ ਨੂੰ ਵਿਜੀਲੈਂਸ ਬਿਓਰੋ ਨੇ ਲੁਕਆਊਟ ਨੋਟਿਸ ਜਾਰੀ ਹੋਇਆ ਹੈ। ਇਹ ਨੋਟਿਸ ਉਨ੍ਹਾਂ ਦੇ ਖ਼ਿਲਾਫ ਆਮਦਨ ਤੋਂ ਜ਼ਿਆਦਾ ਦੇ ਮਾਮਲੇ ਵਿਚ ਜਾਰੀ ਕੀਤਾ ਗਿਆ ਹੈ। ਲੁੱਕਆਊਟ ਸਰਕੂਲਰ ਜਾਰੀ ਹੋਣ ਤੋਂ ਬਾਅਦ ਹੁਣ ਚੰਨੀ ਵਿਦੇਸ਼ ਨਹੀਂ ਜਾ ਸਕਣਗੇ। ਇਹ ਵੀ ਜ਼ਿਕਰਯੋਗ ਹੈ ਕਿ ਵਿਜੀਲੈਂਸ ਵੱਲੋਂ ਸਾਬਕਾ ਮੁੱਖ ਮੰਤਰੀ ਚੰਨੀ ਖ਼ਿਲਾਫ਼ ਕੁਝ ਮਾਮਲਿਆਂ 'ਚ ਜਾਂਚ ਕੀਤੀ ਜਾ ਰਹੀ ਹੈ, ਜਿਸ ਨੂੰ ਇਸ ਲੁੱਕਆਊਟ ਨੋਟਿਸ ਦਾ ਆਧਾਰ ਬਣਾਇਆ ਗਿਆ ਹੈ। ਜਾਣਕਾਰੀ ਮੁਤਾਬਕ ਵਿਜੀਲੈਂਸ ਬਿਊਰੋ ਵੱਲੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਵਿਦੇਸ਼ ਜਾਣ ਦੀਆਂ ਸੰਭਾਵਨਾਵਾਂ ਨੂੰ ਵੇਖਦੇ ਹੋਏ ਲੁੱਕਆਊਟ ਨੋਟਿਸ ਜਾਰੀ ਕਰਨ ਦਾ ਫ਼ੈਸਲਾ ਲਿਆ ਗਿਆ ਸੀ, ਜਿਸ ਤੋਂ ਬਾਅਦ ਬੀਤੀ 7 ਮਾਰਚ ਨੂੰ ਲੁੱਕਆਊਟ ਨੋਟਿਸ ਜਾਰੀ ਕਰ ਦਿੱਤਾ ਗਿਆ। ਲੁੱਕਆਊਟ ਨੋਟਿਸ ਦੇ ਜ਼ਰੀਏ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਖ਼ਿਲਾਫ਼ ਆਮਦਨ ਤੋਂ ਜ਼ਿਆਦਾ ਜਾਇਦਾਦ ਬਣਾਉਣ ਦੀ ਜਾਂਚ ਅਤੇ ਹੋਰ ਮਾਮਲਿਆਂ ਦਾ ਬਿਓਰਾ ਦਿੰਦੇ ਹੋਏ ਦੇਸ਼ ਦੇ ਸਾਰੇ ਏਅਰਪੋਰਟਸ ਦੀਆਂ ਸੁਰੱਖਿਆ ਟੀਮਾਂ ਨੂੰ ਸੂਚਿਤ ਕੀਤਾ ਗਿਆ ਹੈ ਕਿ ਸਬੰਧਿਤ ਵਿਅਕਤੀ ਨੂੰ ਕਿਸੇ ਵੀ ਦੇਸ਼ ਤੋਂ ਬਾਹਰ ਜਾਣ ਵਾਲੀ ਫਲਾਈਟ ਦੀ ਇਜਾਜ਼ਤ ਨਾ ਦਿੱਤੀ ਜਾਵੇ।



Designed By Punjab Mail USA


# ਸ਼ੇਰ ਦਿਲ ਤੋਂ ਕਮਜ਼ੋਰ ਦਿਲ ਹੋਏ ਪੰਜਾਬੀ!

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬੀ ਹੁਣ ਦਿਲ ਦੇ ਇੰਨੇ ਕਮਜ਼ੋਰ ਹੋ ਗਏ ਹਨ ਕਿ ਉਹ ਨਾ ਤਾਂ ਦਬਾਅ ਝੱਲਣ ਜੋਗੇ ਰਹੇ ਹਨ ਅਤੇ ਨਾ ਹੀ ਹੱਥੀਂ ਕੰਮ ਕਰਨ ਦੇ ਜਨੂੰਨੀ ਹਨ। ਜ਼ਿੰਦਗੀ ਦੇ ਬਦਲੇ ਤੌਰ-ਤਰੀਕੇ ਪੰਜਾਬ ਦੇ ਜੁੱਸੇ ਨੂੰ ਢਾਹੁਣ ਲੱਗੇ ਹਨ। ਸਿਹਤ ਵਿਭਾਗ ਵੱਲੋਂ ਪੇਸ਼ ਤਸਵੀਰ ਬੜੀ ਡਰਾਉਣੀ ਹੈ। ਲੰਘੇ 13 ਵਰ੍ਹਿਆਂ ਦਾ ਅੰਕੜਾ ਦੇਖੀਏ ਤਾਂ ਦਿਲ ਦਾ ਦੌਰਾ ਪੈਣ ਕਰਕੇ ਹਰ ਘੰਟੇ ਔਸਤਨ ਚਾਰ ਪੰਜਾਬੀ ਜ਼ਿੰਦਗੀ ਤੋਂ ਹੱਥ ਧੋ ਬੈਠਦੇ ਹਨ। ਰੋਜ਼ਾਨਾ 98.5 ਮੌਤਾਂ ਤੇ ਹਰ ਮਹੀਨੇ ਔਸਤਨ 3038 ਮੌਤਾਂ ਦਾ ਕਾਰਨ ਦਿਲ ਦਾ ਦੌਰਾ ਬਣਦਾ ਹੈ।

ਸਿਹਤ ਵਿਭਾਗ ਪੰਜਾਬ ਦੇ 'ਮੌਤ ਰਜਿਸਟ੍ਰੇਸ਼ਨ' ਰਿਕਾਰਡ ਅਨੁਸਾਰ ਪੰਜਾਬ ਵਿਚ ਇੱਕ ਜਨਵਰੀ 2010 ਤੋਂ 31 ਦਸੰਬਰ 2022 ਤੱਕ ਦਿਲ ਦੇ ਦੌਰਿਆਂ ਨੇ 4,67,559 ਲੋਕਾਂ ਦੀ ਜਾਨ ਲੈ ਲਈ ਹੈ। ਇਸ ਤੋਂ ਭਾਵ ਹੈ ਕਿ ਹਰ ਵਰ੍ਹੇ ਔਸਤਨ 35,959 ਲੋਕਾਂ ਦੀ ਮੌਤ ਦਿਲ ਦੇ ਦੌਰੇ ਕਾਰਨ ਹੋ ਰਹੀ ਹੈ। ਪਿਛਲੇ ਤਿੰਨ-ਚਾਰ ਮਹੀਨਿਆਂ 'ਚ ਵਿਦੇਸ਼ਾਂ ਵਿਚ ਪੜ੍ਹਾਈ ਲਈ ਗਏ ਨੌਜਵਾਨ ਵੀ ਦਿਲ ਦਾ ਦੌਰਾ ਪੈਣ ਕਰਕੇ ਫ਼ੌਤ ਹੋ ਚੁੱਕੇ ਹਨ। 40 ਸਾਲ ਦੀ ਉਮਰ ਤੋਂ ਘੱਟ ਦੇ ਨੌਜਵਾਨ ਇਸ ਦੀ ਜਕੜ 'ਚ ਆਉਣ ਲੱਗੇ ਹਨ। ਪਹਿਲਾਂ ਅਜਿਹਾ ਬਹੁਤ ਹੀ ਘੱਟ ਹੁੰਦਾ ਸੀ।

ਇਸੇ ਫਰਵਰੀ ਮਹੀਨੇ 'ਚ ਤਲਵਾੜਾ ਦਾ ਤਲਵਿੰਦਰ ਸਿੰਘ ਦਿਲ ਦਾ ਦੌਰਾ ਪੈਣ ਕਰਕੇ ਜ਼ਿੰਦਗੀ ਨੂੰ ਅਲਵਿਦਾ ਆਖ ਗਿਆ। ਉਹ

■ **ਬੀਤੇ 13 ਵਰ੍ਹਿਆਂ 'ਚ ਦਿਲ ਦੇ ਦੌਰੇ ਕਾਰਨ ਸਾਢੇ 4 ਲੱਖ ਤੋਂ ਜ਼ਿਆਦਾ ਲੋਕਾਂ ਦੀ ਗਈ ਜਾਨ**



ਅਮਰੀਕਾ ਵਿਚ ਪੜ੍ਹਨ ਗਿਆ ਸੀ। ਲੁਧਿਆਣਾ ਦਾ ਨੌਜਵਾਨ ਸ਼ਮਸ਼ੇਰ ਸਿੰਘ ਕੈਨੇਡਾ ਵਿਚ ਹਾਰਟ ਅਟੈਕ ਦੀ ਲਪੇਟ ਵਿਚ ਆ ਗਿਆ ਅਤੇ ਪਟਿਆਲਾ ਦਾ 25 ਵਰ੍ਹਿਆਂ ਦਾ ਹਰਸ਼ੀਸ਼ ਸਿੰਘ ਵੀ ਕੈਨੇਡਾ ਵਿਚ ਹਾਰਟ ਅਟੈਕ ਕਾਰਨ ਮੌਤ ਦੇ ਮੂੰਹ ਜਾ ਪਿਆ ਹੈ। ਲਹਿਰਾਗਾਗਾ ਦੇ ਇੱਕ ਪਿੰਡ ਵਿਚ 20 ਸਾਲਾ ਨੌਜਵਾਨ ਇਸੇ ਬਿਮਾਰੀ ਨਾਲ ਮੌਤ ਦਾ ਸ਼ਿਕਾਰ ਹੋ ਗਿਆ। ਜਲੰਧਰ ਤੋਂ ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ ਦੀ ਜਨਵਰੀ ਮਹੀਨੇ ਵਿਚ ਦਿਲ ਦਾ ਦੌਰਾ ਪੈਣ ਕਰਕੇ ਹੀ ਮੌਤ ਹੋਈ ਹੈ। ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੇ ਸਵਾਲ ਦੇ ਜਵਾਬ ਵਿਚ ਵਿਧਾਨ ਸਭਾ 'ਚ ਜੋ ਲਿਖਤੀ ਜਵਾਬ ਆਇਆ ਹੈ, ਉਸ ਅਨੁਸਾਰ ਇਕੱਲੇ ਤਰਨ ਤਾਰਨ ਜ਼ਿਲ੍ਹੇ ਵਿਚ ਇਨ੍ਹਾਂ 13 ਸਾਲਾਂ 'ਚ 43,470 ਲੋਕਾਂ ਦੀ ਮੌਤ ਦਿਲ ਦਾ ਦੌਰਾ ਪੈਣ ਕਾਰਨ ਹੋ ਚੁੱਕੀ ਹੈ। ਇਸ ਜ਼ਿਲ੍ਹੇ 'ਚ ਸਾਲ 2010 ਵਿਚ ਸਿਰਫ਼ 811 ਮੌਤਾਂ ਦਿਲ ਦਾ ਦੌਰਾ ਪੈਣ ਕਰਕੇ ਹੋਈਆਂ ਸਨ, ਜਦੋਂ ਕਿ 2022 ਵਿਚ 4239 ਮੌਤਾਂ ਦਾ ਕਾਰਨ ਦਿਲ ਦਾ ਦੌਰਾ ਬਣਿਆ ਹੈ।

ਸਿਹਤ ਮਾਹਿਰ ਆਖਦੇ ਹਨ ਕਿ ਇਸ ਦੀ ਮਾਰ ਵਿਸ਼ਵ ਪੱਧਰ 'ਤੇ ਹੀ ਹੈ। ਪੰਜਾਬ 'ਚ ਦਿਲ ਦਾ ਰੋਗਾਂ ਦੇ ਪ੍ਰਾਈਵੇਟ ਹਸਪਤਾਲ ਥਾਂ-ਥਾਂ ਖੁੱਲ੍ਹ ਗਏ ਹਨ। ਛੋਟੀ ਉਮਰੇ ਹੀ ਸਟੈਂਟ ਪੈਣ ਲੱਗੇ ਹਨ।

ਕੇਂਦਰੀ ਸਿਹਤ ਸਰਵੇ 'ਚ ਦਿਲ ਦਾ ਦੌਰਾ ਪੈਣ ਦੇ ਮੁੱਖ ਚਾਰ ਕਾਰਨ ਸ਼ਨਾਖ਼ਤ ਕੀਤੇ ਗਏ ਹਨ। ਦਿਲ ਦੇ ਦੌਰੇ ਦਾ ਸਭ ਤੋਂ ਵੱਧ ਖ਼ਤਰਾ ਤੰਬਾਕੂ ਦੀ ਵਧੇਰੇ ਵਰਤੋਂ ਕਰਨ ਵਾਲਿਆਂ ਨੂੰ ਹੈ। ਲੋੜੋਂ ਘੱਟ ਸਰੀਰਕ ਗਤੀਵਿਧੀ ਅਤੇ ਉੱਪਰੋਂ ਪੌਸ਼ਟਿਕ ਖ਼ੁਰਾਕ ਦੀ ਕਮੀ ਵੱਡਾ ਕਾਰਨ ਬਣਦੀ ਹੈ। ਸ਼ਰਾਬ ਨੂੰ ਵੀ ਇਸ ਦਾ ਇਕ ਕਾਰਨ ਸਮਝਿਆ ਜਾਂਦਾ ਹੈ। ਮਾਹਿਰ ਆਖਦੇ ਹਨ ਕਿ ਇਕਦਮ ਭਾਰੀ ਵਰਜ਼ਿਸ਼ ਕਰਨੀ ਵੀ ਘਾਤਕ ਹੈ, ਜਦਕਿ ਪਹਿਲਾਂ ਹਲਕੀ ਵਰਜ਼ਿਸ਼ ਕਰਨੀ ਚਾਹੀਦੀ ਹੈ। ਫਲਾਂ ਤੇ ਸਬਜ਼ੀਆਂ ਦੀ ਵਰਤੋਂ ਘਟਣੀ ਅਤੇ ਜੰਕ ਫੂਡ ਵਧੇਰੇ ਲੈਣ ਦਾ ਰੁਝਾਨ ਵੀ ਬਿਮਾਰੀਆਂ ਨੂੰ ਸੱਦਾ ਦੇ ਰਿਹਾ ਹੈ।

# ਪੰਜਾਬ ਦੇ ਨੇਤਾਵਾਂ ਦੀ ਸੁਰੱਖਿਆ ਸੰਬੰਧੀ ਐਸਟੀਮੇਟ ਕਮੇਟੀ ਦੀ ਰਿਪੋਰਟ 'ਚ ਖੁਲਾਸਾ

**ਜਲੰਧਰ, (ਪੰਜਾਬ ਮੇਲ)-** ਪੰਜਾਬ ਵਿਚ ਕਈ ਅਧਿਕਾਰੀ ਜਾਂ ਆਗੂ ਖ਼ਤਰੇ ਦੀਆਂ ਝੂਠੀਆਂ ਖ਼ਬਰਾਂ ਬਣਾ ਕੇ ਸੁਰੱਖਿਆ ਲਈ ਬੈਠੇ ਹਨ। ਇਸ ਦੀ ਜਾਂਚ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਦੀ ਸੁਰੱਖਿਆ ਵਾਪਸ ਲੈਣੀ ਚਾਹੀਦੀ ਹੈ। ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਪੰਜਾਬ ਦੀ ਬਜਟ ਅਨੁਮਾਨਾਂ ਬਾਰੇ ਬਣਾਈ ਗਈ ਐਸਟੀਮੇਟ ਕਮੇਟੀ ਦੀ ਰਿਪੋਰਟ ਵਿਚ ਇਹ ਖ਼ੁਲਾਸਾ ਹੋਇਆ ਹੈ ਕਿ ਕੁਝ ਲੋਕਾਂ ਨੇ ਜ਼ੈੱਡ ਕੈਟਾਗਿਰੀ ਦੀ ਸੁਰੱਖਿਆ ਦੀਆਂ ਝੂਠੀਆਂ ਰਿਪੋਰਟਾਂ ਤਿਆਰ ਕੀਤੀਆਂ ਹਨ ਅਤੇ ਕੁਝ ਨੇ ਜ਼ੈੱਡ ਪਲੱਸ ਸ਼੍ਰੇਣੀ ਦੀ ਸੁਰੱਖਿਆ ਵੀ ਲੈ ਲਈ ਹੈ। ਕਮੇਟੀ ਨੇ ਇਹ ਵੀ ਸਿਫ਼ਾਰਿਸ਼ ਕੀਤੀ ਹੈ ਕਿ ਜੋ ਵੀ ਵਿਅਕਤੀ ਕਿਸੇ ਵੀ ਧਰਮ ਵਿਰੁੱਧ ਗਲਤ ਬਿਆਨਬਾਜ਼ੀ ਕਰਦਾ ਹੈ ਅਤੇ ਬਾਅਦ ਵਿਚ ਸੁਰੱਖਿਆ ਦੀ ਮੰਗ ਕਰਦਾ ਹੈ, ਉਸ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਵਿਧਾਨ ਸਭਾ ਦੇ ਸਪੀਕਰ ਕਰਤਾਰ ਸਿੰਘ ਸੰਧਵਾ ਵੱਲੋਂ ਐਸਟੀਮੇਟ ਕਮੇਟੀ ਦਾ ਗਠਨ ਕੀਤਾ ਗਿਆ ਸੀ। ਬਣਨ ਸਮੇਂ ਇਸ ਕਮੇਟੀ ਦੇ ਚੇਅਰਮੈਨ ਅਮਨ ਅਰੋੜਾ ਸਨ ਪਰ ਬਾਅਦ ਵਿਚ ਉਨ੍ਹਾਂ ਦੇ ਮੰਤਰੀ ਬਣਨ ਤੋਂ ਬਾਅਦ ਹਰਮੀਤ ਸਿੰਘ ਪਠਾਣ ਮਾਜਰਾ ਨੂੰ ਕਮੇਟੀ ਦਾ ਚੇਅਰਮੈਨ ਨਾਮਜ਼ਦ ਕੀਤਾ ਗਿਆ।

■ **ਕਈ ਅਧਿਕਾਰੀ ਜਾਂ ਆਗੂ ਖ਼ਤਰੇ ਦੀਆਂ ਝੂਠੀਆਂ ਖ਼ਬਰਾਂ ਬਣਾ ਕੇ ਲਈ ਬੈਠੇ ਨੇ ਸੁਰੱਖਿਆ**

ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਦੀ ਅਨੁਮਾਨ ਕਮੇਟੀ ਨੇ ਬੀਤੇ ਦਿਨੀਂ ਆਪਣੀ ਰਿਪੋਰਟ ਪੇਸ਼ ਕੀਤੀ। ਇਸ ਕਮੇਟੀ ਨੇ ਆਪਣੀ ਰਿਪੋਰਟ ਵਿਚ ਇਹ ਵੀ ਕਿਹਾ ਹੈ ਕਿ ਕਮੇਟੀ ਨੇ ਨੋਟ ਕੀਤਾ ਹੈ ਕਿ ਕਈ ਥਾਣਿਆਂ ਵਿਚ ਰਾਤ ਦੀ ਡਿਊਟੀ ਦੌਰਾਨ ਅਧਿਕਾਰੀ, ਕਰਮਚਾਰੀ ਨਸ਼ੇ ਦੀ ਹਾਲਤ ਵਿਚ ਪਾਏ ਜਾਂਦੇ ਹਨ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਦੀ ਬਜਾਏ ਉਨ੍ਹਾਂ ਨਾਲ ਦੁਰਵਿਵਹਾਰ ਕਰਦੇ ਹਨ। ਕਮੇਟੀ ਨੇ ਸਿਫ਼ਾਰਿਸ਼ ਕੀਤੀ ਹੈ ਕਿ ਹਰ ਥਾਣੇ ਵਿਚ ਅਲਕੋਹਲ ਟੈਸਟ ਕਰਨ ਵਾਲੇ ਅਲਕੋਮੀਟਰ ਰੱਖੇ ਜਾਣ ਅਤੇ ਰਾਤ ਨੂੰ ਡਿਊਟੀ 'ਤੇ ਆਉਣ ਵਾਲੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਟੈਸਟ ਕੀਤਾ ਜਾਵੇ। ਕਮੇਟੀ ਨੇ ਇਹ ਵੀ ਸਿਫ਼ਾਰਿਸ਼ ਕੀਤੀ ਹੈ ਕਿ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਅਤੇ ਅੱਤਵਾਦੀ ਗਤੀਵਿਧੀਆਂ ਨੂੰ ਰੋਕਣ ਲਈ ਖ਼ਾਸ ਤੌਰ 'ਤੇ ਸਰਹੱਦ ਦੇ ਨਾਲ ਲੱਗਦੇ ਜ਼ਿਲ੍ਹਿਆਂ ਵਿਚ ਨਵੇਂ ਅਤੇ ਜ਼ਿਆਦਾ ਘੋੜਸਵਾਰ ਵਾਹਨ ਖਰੀਦੇ ਜਾਣ। ਕਮੇਟੀ ਨੇ ਸਾਰੇ ਮੁਲਾਜ਼ਮਾਂ ਨੂੰ ਪੰਜਾਬ ਪੁਲਿਸ ਦੇ ਨਿਯਮਾਂ ਬਾਰੇ ਜਾਣਕਾਰੀ ਦੇਣ ਦੀ ਗੱਲ ਆਖੀ ਹੈ। ਕਮੇਟੀ ਨੇ ਆਪਣੀ ਰਿਪੋਰਟ ਵਿਚ ਲਿਖਿਆ ਹੈ ਕਿ ਵਿਭਾਗ ਵੱਲੋਂ ਹੋਰਨਾਂ ਮੁਲਾਜ਼ਮਾਂ ਨੂੰ ਬਾਈਪਾਸ ਕਰਕੇ ਆਪਣੇ ਚਹੇਤਿਆਂ ਨੂੰ ਤਰੱਕੀਆਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਇਸ ਲਈ ਅਧਿਕਾਰੀਆਂ ਦੀਆਂ ਜ਼ਿੰਮੇਵਾਰੀਆਂ ਤੈਅ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਕਮੇਟੀ ਨੇ ਸਿਫਾਰਿਸ਼ ਕੀਤੀ ਹੈ ਕਿ ਪੰਜਾਬ ਪੁਲਿਸ ਦੇ ਨਿਯਮ ਆਜ਼ਾਦੀ ਤੋਂ ਪਹਿਲਾਂ ਬਣੇ ਸਨ, ਹੁਣ ਹਾਲਾਤ ਬਦਲ ਗਏ ਹਨ ਅਤੇ ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਇਨ੍ਹਾਂ ਨਿਯਮਾਂ ਨੂੰ ਬਦਲਣ ਦੀ ਲੋੜ ਹੈ। ਕਮੇਟੀ ਨੇ ਇਹ ਵੀ ਸਿਫ਼ਾਰਿਸ਼ ਕੀਤੀ ਹੈ ਕਿ ਪੁਲਿਸ ਦੇ ਵੱਖ-ਵੱਖ ਵਿੰਗਾਂ ਵਿਚ ਤਾਲਮੇਲ ਦੀ ਘਾਟ ਹੈ।

# ਭਾਰਤੀ ਫ਼ਿਲਮ 'ਆਰ.ਆਰ.ਆਰ.' ਦੇ ਗੀਤ 'ਨਾਟੂ ਨਾਟੂ' ਨੇ ਆਸਕਰ ਜਿੱਤ ਕੇ ਰਚਿਆ ਇਤਿਹਾਸ

**ਲਾਸ ਏਂਜਲਸ, (ਪੰਜਾਬ ਮੇਲ)-** ਐਤਵਾਰ ਨੂੰ 95ਵੇਂ ਆਸਕਰਸ ਐਵਾਰਡਸ ਦੇ ਆਯੋਜਨ ਮੌਕੇ ਓਵੇਸ਼ਨ ਹਾਲੀਵੁੱਡ ਦੇ ਡੋਲਬੀ ਥਿਏਟਰ 'ਚ ਸਾਲ ਦੀਆਂ ਚਰਚਿਤ ਫ਼ਿਲਮਾਂ ਦੇ ਸਿਤਾਰੇ ਇਕੱਠੇ ਹੋਏ। ਜਿੰਮੀ ਕਿਮੇਲ ਨੇ ਇਸ ਦੌਰਾਨ ਸ਼ੋਅ ਦੀ ਮੇਜ਼ਬਾਨੀ ਕੀਤੀ। 23 ਵੱਖ-ਵੱਖ ਕੈਟਾਗਿਰੀਜ਼ 'ਚ ਆਸਕਰਸ ਐਵਾਰਡਸ ਨੂੰ ਵੰਡਿਆ ਗਿਆ। ਭਾਰਤੀ ਫ਼ਿਲਮ 'ਆਰ.ਆਰ.ਆਰ.' ਦੇ ਗੀਤ 'ਨਾਟੂ ਨਾਟੂ' ਨੇ ਅਕੈਡਮੀ ਐਵਾਰਡਜ਼ 'ਚ ਸਰਵੋਤਮ ਮੂਲ ਗੀਤ ਦੀ ਸ਼੍ਰੇਣੀ 'ਚ ਆਸਕਰ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ। ਇਸ ਕੈਟਾਗਰੀ 'ਚ ਗੀਤ 'ਨਾਟੂ ਨਾਟੂ' ਨੇ ਫ਼ਿਲਮ 'ਟੈੱਲ ਇਟ ਲਾਈਕ ਏ ਵੂਮੈਨ' ਦੇ ਗੀਤ 'ਅਪਲਾਜ', 'ਟੌਪ ਗਨ: ਮਾਵੇਰਿਕ' ਦੇ ਗੀਤ 'ਹੋਲਡ ਮਾਈ ਹੈਂਡ', 'ਬਲੈਕ ਪੈਂਥਰ: ਵਾਕਾਂਡਾ ਫਾਰਐਵਰ' ਦੇ 'ਲਿਫਟ ਮੀ ਅੱਪ' ਅਤੇ "ਐਵਰੀਥਿੰਗ ਐਵਰੀਵੇਅਰ ਆਲ ਐਟ ਵਨਸ" ਦੇ "ਦਿਸ ਇਜ਼ ਏ ਲਾਈਫ" ਨੂੰ ਮਾਤ ਦਿੱਤੀ। ਤੇਲਗੂ ਗੀਤ 'ਨਾਟੂ ਨਾਟੂ' ਦੇ ਸੰਗੀਤਕਾਰ ਐੱਮ.ਐੱਮ. ਕੀਰਵਾਨੀ ਹਨ ਅਤੇ ਇਸ ਨੂੰ ਆਵਾਜ਼ ਕਾਲ ਭੈਰਵ ਅਤੇ ਰਾਹੁਲ ਸਿਪਲੀਗੰਜ ਨੇ ਦਿੱਤੀ ਹੈ। 'ਨਾਟੂ ਨਾਟੂ' ਦਾ ਅਰਥ ਹੈ 'ਨੱਚਣਾ'। ਇਹ ਗੀਤ ਅਭਿਨੇਤਾ ਰਾਮ ਚਰਨ ਅਤੇ ਜੂਨੀਅਰ ਐੱਨ.ਟੀ.ਆਰ. 'ਤੇ ਫ਼ਿਲਮਾਇਆ ਗਿਆ ਹੈ, ਜਿਸ ਵਿਚ ਉਨ੍ਹਾਂ ਦੇ ਡਾਂਸ ਮੂਵਜ਼ ਦੀ ਵੀ ਸ਼ਲਾਘਾ ਕੀਤੀ ਗਈ ਹੈ।




# ਕਰਨਾਟਕ ਚੋਣਾਂ 'ਚ 80 ਸਾਲ ਤੋਂ ਵੱਧ ਉਮਰ ਦੇ ਵੋਟਰਾਂ ਲਈ ਘਰ ਬੈਠੇ ਵੋਟ ਪਾਉਣ ਦੀ ਸਹੂਲਤ ਹੋਵੇਗੀ ਸ਼ੁਰੂ

**ਬੈਂਗਲੁਰੂ, (ਪੰਜਾਬ ਮੇਲ)**- ਚੋਣ ਕਮਿਸ਼ਨ ਨੇ ਕਿਹਾ ਹੈ ਕਿ ਉਸ ਨੇ ਕਰਨਾਟਕ 'ਚ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ 'ਚ 80 ਸਾਲ ਤੋਂ ਵੱਧ ਉਮਰ ਦੇ ਅਤੇ ਅਪਾਹਜ ਵਿਅਕਤੀਆਂ ਲਈ ਘਰ ਬੈਠਿਆਂ ਹੀ ਵੋਟ ਪਾਉਣ ਦੀ ਸਹੂਲਤ ਸ਼ੁਰੂ ਕੀਤੀ ਹੈ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਸ਼ਨੀਵਾਰ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਚੋਣ ਕਮਿਸ਼ਨ ਪਹਿਲੀ ਵਾਰ 80 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਇਹ



ਸਹੂਲਤ ਦੇ ਰਿਹਾ ਹੈ। ਸਾਡੀਆਂ ਟੀਮਾਂ ਫਾਰਮ 12-ਡੀ ਲੈ ਕੇ ਅਜਿਹੇ ਵੋਟਰਾਂ ਕੋਲ ਜਾਣਗੀਆਂ।

ਰਾਜੀਵ ਨੇ ਕਿਹਾ ਕਿ ਉਂਝ ਅਸੀਂ 80 ਸਾਲ ਤੋਂ ਵੱਧ ਉਮਰ ਦੇ ਉਨ੍ਹਾਂ ਲੋਕਾਂ ਜੋ ਇਸ ਸਹੂਲਤ ਦਾ ਲਾਭ ਨਹੀਂ ਲੈਣਾ ਚਾਹੁੰਦੇ, ਨੂੰ ਪੋਲਿੰਗ ਬੂਥ 'ਤੇ ਆਉਣ ਲਈ ਉਤਸ਼ਾਹਿਤ ਕਰਦੇ ਹਾਂ। ਇਸ ਸਬੰਧੀ ਸੀਕ੍ਰੇਸੀ ਬਣਾਈ ਰੱਖੀ ਜਾਵੇਗੀ। ਸਾਰੀ ਪ੍ਰਕਿਰਿਆ 'ਤੇ ਨਜ਼ਰ ਰੱਖੀ ਜਾਵੇਗੀ। ਦਿਵਿਆਂਗ ਲੋਕਾਂ ਲਈ ਇਕ ਮੋਬਾਈਲ ਐਪਲੀਕੇਸ਼ਨ 'ਸਕਸ਼ਮ' ਲਾਂਚ ਕੀਤੀ ਗਈ ਹੈ, ਜਿਸ ਵਿਚ ਉਹ ਲਾਗ-ਇਨ ਕਰਕੇ ਵੋਟ ਪਾਉਣ ਦੀ ਸਹੂਲਤ ਚੁਣ ਸਕਦੇ ਹਨ। ਉਨ੍ਹਾਂ ਕਿਹਾ ਕਿ ਇਕ ਹੋਰ ਮੋਬਾਈਲ ਐਪਲੀਕੇਸ਼ਨ 'ਸੁਵਿਧਾ' ਵਿਕਸਿਤ ਕੀਤੀ ਗਈ ਹੈ, ਜੋ ਉਮੀਦਵਾਰਾਂ ਲਈ ਨਾਮਜ਼ਦਗੀਆਂ ਅਤੇ ਹਲਫੀਆ ਬਿਆਨ ਦਾਇਰ ਕਰਨ ਲਈ ਇਕ ਆਨਲਾਈਨ ਪੋਰਟਲ ਹੈ। ਉਮੀਦਵਾਰ ਮੀਟਿੰਗਾਂ ਅਤੇ ਰੈਲੀਆਂ ਦੀ ਇਜਾਜ਼ਤ ਲੈਣ ਲਈ 'ਸੁਵਿਧਾ' ਪੋਰਟਲ ਦੀ ਵਰਤੋਂ ਕਰ ਸਕਦੇ ਹਨ। ਕਰਨਾਟਕ ਵਿਧਾਨ ਸਭਾ ਚੋਣਾਂ ਦੀ ਸੰਭਾਵਿਤ ਤਰੀਕ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਇਹ 24 ਮਈ ਤੋਂ ਪਹਿਲਾਂ ਹੋਣੀਆਂ ਚਾਹੀਦੀਆਂ ਹਨ। ਉਦੋਂ ਮੌਜੂਦਾ ਵਿਧਾਨ ਸਭਾ ਦਾ ਕਾਰਜਕਾਲ ਖਤਮ ਹੋਣਾ ਹੈ।


## ਬ੍ਰਿਟੇਨ 'ਚ ਗ਼ੈਰ-ਕਾਨੂੰਨੀ ਢੰਗ ਨਾਲ ਦਾਖ਼ਲ ਹੋਣ ਵਾਲੇ ਭਾਰਤੀਆਂ ਦੀ ਗਿਣਤੀ 'ਚ ਵਾਧਾ ਦਰਜ

**ਲੰਡਨ, (ਪੰਜਾਬ ਮੇਲ)**- 'ਇੰਗਲਿਸ਼ ਚੈਨਲ' ਪਾਰ ਕਰਕੇ ਬ੍ਰਿਟੇਨ 'ਚ ਗ਼ੈਰ-ਕਾਨੂੰਨੀ ਢੰਗ ਨਾਲ ਦਾਖ਼ਲ ਹੋਣ ਵਾਲੇ ਭਾਰਤੀਆਂ ਦੀ ਗਿਣਤੀ 'ਚ ਪਿਛਲੇ ਸਾਲ ਵਾਧਾ ਦਰਜ ਕੀਤਾ ਗਿਆ ਅਤੇ ਛੋਟੀਆਂ ਕਿਸ਼ਤੀਆਂ 'ਤੇ ਸਵਾਰ ਹੋ ਕੇ ਕੁੱਲ 683 ਲੋਕ ਦੇਸ਼ 'ਚ ਆਏ, ਜਿਨ੍ਹਾਂ 'ਚ ਜ਼ਿਆਦਾਤਰ ਭਾਰਤੀ ਪੁਰਸ਼ ਸਨ। ਬ੍ਰਿਟੇਨ 'ਚ ਅਨਿਯਮਿਤ ਮਾਈਗ੍ਰੇਸ਼ਨ ਦੇ ਸਬੰਧ 'ਚ ਦੇਸ਼ ਦੇ ਗ੍ਰਹਿ ਵਿਭਾਗ ਦੇ ਪਿਛਲੇ ਸਾਲ ਦੇ ਤਾਜ਼ਾ ਅੰਕੜਿਆਂ ਅਨੁਸਾਰ, ਬ੍ਰਿਟੇਨ 'ਚ ਗ਼ੈਰ-ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰ ਕੇ ਆਉਣ ਵਾਲੇ ਭਾਰਤੀਆਂ ਦੀ ਗਿਣਤੀ ਸਾਲ-ਦਰ-ਸਾਲ ਵਧ ਰਹੀ ਹੈ। ਸਾਲ 2021 'ਚ 67 ਭਾਰਤੀ ਨਾਗਰਿਕ ਛੋਟੀਆਂ ਕਿਸ਼ਤੀਆਂ ਰਾਹੀਂ ਸਰਹੱਦ ਪਾਰ ਕਰ ਕੇ ਆਏ ਸਨ, ਜਦੋਂ ਕਿ 2020 'ਚ ਇਹ ਗਿਣਤੀ 64 ਸੀ ਅਤੇ 2019 ਅਤੇ 2018 'ਚ ਅਜਿਹਾ ਇਕ ਵੀ ਮਾਮਲਾ ਸਾਹਮਣੇ ਨਹੀਂ ਆਇਆ ਸੀ।

ਮਾਈਗ੍ਰੇਸ਼ਨ ਅਤੇ ਗਤੀਸ਼ੀਲਤਾ ਭਾਈਵਾਲੀ (ਐੱਮ.ਐੱਮ.ਪੀ.) ਦੇ ਤਹਿਤ ਬ੍ਰਿਟੇਨ ਦਾ ਭਾਰਤ ਦੇ ਨਾਲ ਇਕ 'ਵਾਪਸੀ' ਸਮਝੌਤਾ ਹੈ, ਜਿਸ ਦਾ ਜ਼ਿਕਰ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਬੀਤੇ ਹਫ਼ਤੇ ਸੰਸਦ 'ਚ ਕੀਤਾ ਸੀ। ਸੁਨਕ ਨੇ ਸਦਨ ਵਿਚ ਕਿਹਾ ਸੀ, 'ਅਸੀਂ ਭਾਰਤ, ਪਾਕਿਸਤਾਨ, ਸਰਬੀਆ, ਨਾਈਜੀਰੀਆ ਅਤੇ ਮਹੱਤਵਪੂਰਨ ਰੂਪ ਨਾਲ ਹੁਣ ਅਲਬਾਨੀਆ ਨਾਲ ਵਾਪਸੀ ਸਮਝੌਤੇ ਕੀਤੇ ਹਨ।' ਭਾਰਤੀ ਮੂਲ ਦੇ ਬ੍ਰਿਟਿਸ਼ ਨੇਤਾ ਨੇ ਕਿਹਾ ਸੀ, 'ਸਾਡੀ ਸਥਿਤੀ ਸਪੱਸ਼ਟ ਹੈ, ਜੇਕਰ ਤੁਸੀਂ ਗ਼ੈਰ-ਕਾਨੂੰਨੀ ਢੰਗ ਨਾਲ ਇੱਥੇ ਪਹੁੰਚਦੇ ਹੋ, ਤਾਂ ਤੁਸੀਂ ਇੱਥੇ ਸ਼ਰਨ ਦਾ ਦਾਅਵਾ ਨਹੀਂ ਕਰ ਸਕੋਗੇ, ਤੁਸੀਂ ਆਧੁਨਿਕ ਦਾਸਤਾ ਪ੍ਰਣਾਲੀ ਦਾ ਹਿੱਸਾ ਨਹੀਂ ਬਣ ਸਕੋਗੇ ਅਤੇ ਤੁਸੀਂ ਮਨੁੱਖੀ ਅਧਿਕਾਰਾਂ ਦੇ ਫਰਜ਼ੀ ਦਾਅਵੇ ਨਹੀਂ ਕਰ ਸਕੋਗੇ।'

## ਰੂਸੀ ਰਾਸ਼ਟਰਪਤੀ ਜੀ-20 ਸਿਖਰ ਸੰਮੇਲਨ 'ਚ ਹਿੱਸਾ ਲੈਣ ਲਈ ਆ ਸਕਦੇ ਨੇ ਭਾਰਤ!

**ਮਾਸਕੋ, (ਪੰਜਾਬ ਮੇਲ)**- **ਰੂਸ** ਦੇ ਰਾਸ਼ਟਰਪਤੀ ਵਲਾਦਿਮੀਰ ਪੁਤਿਨ ਭਾਰਤ ਵਿਚ ਸਤੰਬਰ ਮਹੀਨੇ 'ਚ ਹੋਣ ਵਾਲੇ ਜੀ-20 ਸਿਖਰ ਸੰਮੇਲਨ ਵਿਚ ਭਾਗ ਲੈ ਸਕਦੇ ਹਨ, ਪਰ ਇਸ ਬਾਰੇ ਅਜੇ ਤੱਕ ਕੋਈ ਅੰਤਿਮ ਫ਼ੈਸਲਾ ਨਹੀਂ ਕੀਤਾ ਗਿਆ ਹੈ। ਪੁਤਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਇਹ ਪੁੱਛੇ ਜਾਣ 'ਤੇ ਕਿ ਭਾਰਤ ਵਿਚ ਹੋਣ ਵਾਲੇ ਸਿਖਰ ਸੰਮੇਲਨ ਵਿਚ ਪੁਤਿਨ ਭਾਗ ਲੈ ਸਕਦੇ ਹਨ, ਪੇਸਕੋਵ ਨੇ ਕਿਹਾ ਕਿ, "ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।" ਰੂਸ ਦੀ ਸਰਕਾਰੀ ਸਮਾਚਾਰ ਏਜੰਸੀ 'ਤਾਸ' ਨੇ ਪੇਸਕੋਵ ਦੇ ਹਵਾਲੇ ਤੋਂ ਕਿਹਾ, "ਪਰ



ਇਸ ਬਾਰੇ ਅਜੇ ਕੋਈ ਫ਼ੈਸਲਾ ਨਹੀਂ ਕੀਤਾ ਗਿਆ ਹੈ। ਰੂਸ ਜੀ-20 ਵਿਚ ਆਪਣੀ ਪੂਰਨ ਹਿੱਸੇਦਾਰੀ ਜਾਰੀ ਰੱਖ ਰਿਹਾ ਹੈ ਤੇ ਅਸੀਂ ਇਸ ਨੂੰ ਬਣਾਈ ਰੱਖਣ ਦਾ ਇਰਾਦਾ ਰੱਖਦੇ ਹਾਂ।"

ਇੰਡੋਨੇਸ਼ੀਆ ਦੇ ਬਾਲੀ ਵਿਚ ਪਿਛਲੇ ਸਾਲ ਹੋਏ ਜੀ-20 ਆਗੂਆਂ ਦੇ ਮੰਚ 'ਤੇ ਰੂਸੀ ਨੁਮਾਇੰਦਿਆਂ ਦੀ ਅਗਵਾਈ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਕੀਤੀ ਸੀ। ਪੁਤਿਨ 2020 ਤੇ 2021 ਵਿਚ ਡਿਜੀਟਲ ਤਰੀਕੇ ਨਾਲ ਜੀ20 ਸਿਖਰ ਸੰਮੇਲਨ ਨੂੰ ਸੰਬੋਧਨ ਕੀਤਾ ਸੀ। ਜੀ20 ਦੇ ਮੈਂਬਰ ਦੇਸ਼ਾਂ ਦੇ ਆਗੂਆਂ ਦਾ ਸਿਖਰ ਸੰਮੇਲਨ 9-10 ਸਤੰਬਰ ਨੂੰ ਨਵੀਂ ਦਿੱਲੀ ਵਿਚ ਹੋਣਾ ਹੈ।

## ਚੀਨ ਵੱਲੋਂ 3 ਸਾਲ ਪਹਿਲਾਂ ਕੋਵਿਡ-19 ਦੌਰਾਨ ਲਗਾਈਆਂ ਪਾਬੰਦੀਆਂ ਹਟਾਉਣ ਦਾ ਫੈਸਲਾ

**ਬੀਜਿੰਗ, (ਪੰਜਾਬ ਮੇਲ)**- ਚੀਨ ਨੇ 2020 ਤੋਂ ਬਾਅਦ ਵਿਦੇਸ਼ੀਆਂ ਲਈ ਇਕ ਅਹਿਮ ਐਲਾਨ ਕੀਤਾ। ਚੀਨ ਨੇ ਕਿਹਾ ਕਿ ਉਹ ਬੁੱਧਵਾਰ ਤੋਂ ਵਿਦੇਸ਼ੀਆਂ ਨੂੰ ਸਾਰੀਆਂ ਸ਼੍ਰੇਣੀਆਂ ਦੇ ਵੀਜ਼ੇ ਦੁਬਾਰਾ ਜਾਰੀ ਕਰਨਾ ਸ਼ੁਰੂ ਕਰ ਦੇਵੇਗਾ। ਮਤਲਬ ਕੋਵਿਡ-19 ਦੇ ਫੈਲਾਅ ਨੂੰ ਰੋਕਣ ਲਈ ਤਿੰਨ ਸਾਲ ਪਹਿਲਾਂ ਲਗਾਈਆਂ ਪਾਬੰਦੀਆਂ ਹਟਾਈਆਂ ਜਾਣਗੀਆਂ। ਚੀਨ ਨੇ ਸੋਮਵਾਰ ਨੂੰ ਅਮਰੀਕਾ ਦੇ ਵਾਸ਼ਿੰਗਟਨ ਸਥਿਤ ਆਪਣੇ ਦੇਸ਼ ਦੇ ਦੂਤਘਰ ਤੋਂ ਇਹ ਐਲਾਨ ਕੀਤਾ। ਦੂਤਘਰ ਦੇ ਨੋਟਿਸ ਵਿਚ ਕਿਹਾ ਗਿਆ ਕਿ ਨਵੇਂ ਯਾਤਰਾ ਦਸਤਾਵੇਜ਼ਾਂ ਦੀ ਸਮੀਖਿਆ ਅਤੇ ਪ੍ਰਵਾਨਗੀ ਦੀ ਪ੍ਰਕਿਰਿਆ ਹੁਣ ਸ਼ੁਰੂ ਹੋ ਜਾਵੇਗੀ। ਇਸ ਤੋਂ ਇਲਾਵਾ 28 ਮਾਰਚ, 2020 ਤੋਂ ਪਹਿਲਾਂ ਜਾਰੀ ਵੈਧ ਵੀਜ਼ਾ ਧਾਰਕਾਂ ਨੂੰ ਇਕ ਵਾਰ ਫਿਰ ਚੀਨ ਵਿਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਜਾਵੇਗੀ।

**■ ਵਿਦੇਸ਼ੀਆਂ ਲਈ ਜਾਰੀ ਕੀਤੇ ਜਾਣਗੇ ਸਾਰੀਆਂ ਸ਼੍ਰੇਣੀਆਂ ਦੇ ਵੀਜ਼ੇ**

ਵਿਦੇਸ਼ ਮੰਤਰਾਲੇ ਨੇ ਮੰਗਲਵਾਰ ਨੂੰ ਕਿਹਾ ਕਿ ਚੀਨ ਦੇ ਉਹ ਖੇਤਰ ਜਿਨ੍ਹਾਂ ਨੂੰ ਮਹਾਮਾਰੀ ਤੋਂ ਪਹਿਲਾਂ ਵੀਜ਼ਾ ਦੀ ਜ਼ਰੂਰਤ ਨਹੀਂ ਸੀ, ਉਹ ਵੀਜ਼ਾ-ਮੁਕਤ ਦਾਖਲੇ ਲਈ ਵਾਪਸ ਆ ਜਾਣਗੇ। ਇਸ ਵਿਚ ਹੈਨਾਨ ਦਾ ਦੱਖਣੀ ਟੂਰਿਸਟ ਟਾਪੂ ਅਤੇ ਸ਼ੰਘਾਈ ਦੀ ਬੰਦਰਗਾਹ ਤੋਂ ਲੰਘਣ ਵਾਲੇ ਕਰੂਜ਼ ਜਹਾਜ਼ ਸ਼ਾਮਲ ਹੋਣਗੇ। ਹਾਂਗਕਾਂਗ ਅਤੇ ਮਕਾਊ ਦੇ ਵਿਦੇਸ਼ੀਆਂ ਲਈ ਗੁਆਂਗਡੋਂਗ ਦੇ ਦੱਖਣੀ ਨਿਰਮਾਣ ਕੇਂਦਰ ਵਿਚ ਵੀਜ਼ਾ-ਮੁਕਤ ਦਾਖਲਾ ਵੀ ਮੁੜ ਸ਼ੁਰੂ ਕੀਤਾ ਜਾਵੇਗਾ। ਮੰਤਰਾਲੇ ਨੇ ਇਹ ਵੀ ਕਿਹਾ ਕਿ 28 ਮਾਰਚ, 2020 ਤੋਂ ਪਹਿਲਾਂ ਜਾਰੀ ਵੀਜ਼ਾ ਰੱਖਣ ਵਾਲੇ ਵਿਦੇਸ਼ੀ ਵੀ ਚੀਨ ਵਿਚ ਦਾਖਲ ਹੋ ਸਕਣਗੇ।

## ਭਾਰਤ ਦੀ 'ਦਿ ਐਲੀਫੈਂਟ ਵਿਸਪਰਜ਼' ਨੇ ਜਿੱਤਿਆ ਸਰਵੋਤਮ ਡਾਕੂਮੈਂਟਰੀ ਆਸਕਰ ਪੁਰਸਕਾਰ

**ਲਾਸ ਏਂਜਲਸ (ਅਮਰੀਕਾ), (ਪੰਜਾਬ ਮੇਲ)**- ਤਾਮਿਲ ਭਾਸ਼ਾ ਦੀ ਦਸਤਾਵੇਜ਼ੀ ਫਿਲਮ 'ਦਿ ਐਲੀਫੈਂਟ ਵਿਸਪਰਜ਼' ਨੇ 'ਡਾਕੂਮੈਂਟਰੀ ਸ਼ਾਰਟ ਸਬਜੈੱਕਟ' ਸ਼੍ਰੇਣੀ ਵਿਚ ਭਾਰਤ ਦਾ ਪਹਿਲਾ ਆਸਕਰ ਜਿੱਤਿਆ ਹੈ। ਓ.ਟੀ.ਟੀ. ਪਲੇਟਫਾਰਮ 'ਨੈੱਟਫਲਿਕਸ' ਦੀ ਇਹ ਦਸਤਾਵੇਜ਼ੀ ਦਾ ਨਿਰਦੇਸ਼ਨ ਕਾਰਤਿਕੀ ਗੋਂਸਾਲਵੇਜ਼ ਨੇ ਕੀਤਾ ਹੈ। ਕਾਰਤੀਕੀ ਗੋਂਸਾਲਵੇਜ਼ ਨੇ ਪੁਰਸਕਾਰ ਸਵੀਕਾਰ ਕਰਦੇ ਹੋਏ, ਇਸ ਨੂੰ ਆਪਣੀ ਮਾਤ ਭੂਮੀ ਭਾਰਤ ਨੂੰ ਸਮਰਪਿਤ ਕੀਤਾ। ਗੋਂਸਾਲਵੇਜ਼ ਨੇ ਅਕੈਡਮੀ ਐਵਾਰਡ ਲਈ ਨਿਰਮਾਤਾ ਗੁਨੀਤ ਮੋਂਗਾ ਤੇ ਉਨ੍ਹਾਂ ਦੇ ਪਰਿਵਾਰ ਦਾ ਧੰਨਵਾਦ ਕੀਤਾ।



# ਕੋਟਕਪੂਰਾ ਗੋਲੀ ਕਾਂਡ: ਜਾਂਚ ਟੀਮ ਵੱਲੋਂ ਸਿੱਖ ਧਰਨਾਕਾਰੀਆਂ ਖ਼ਿਲਾਫ਼ ਦਰਜ ਮੁਕੱਦਮੇ ਸਾਜ਼ਿਸ਼ ਕਰਾਰ

## ਸਿੱਖ ਸੰਗਤ ਨੂੰ ਦਿੱਤੀ ਕਲੀਨ ਚਿੱਟ

**ਫਰੀਦਕੋਟ, (ਪੰਜਾਬ ਮੇਲ)-** ਕੋਟਕਪੂਰਾ ਗੋਲੀ ਕਾਂਡ ਤਹਿਤ ਪੁਲਿਸ ਅਧਿਕਾਰੀਆਂ ਵੱਲੋਂ ਸ਼ਾਂਤਮਈ ਰੋਸ ਧਰਨੇ ’ਤੇ ਬੈਠੀ ਸਿੱਖ ਸੰਗਤ ਖ਼ਿਲਾਫ਼ ਦਰਜ ਮੁਕੱਦਮੇ ਨੂੰ ਸਾਜ਼ਿਸ਼ ਦੱਸਦਿਆਂ ਜਾਂਚ ਟੀਮ ਨੇ ਸਿੱਖ ਧਰਨਾਕਾਰੀਆਂ ਨੂੰ ਕਲੀਨ ਚਿੱਟ ਦੇ ਦਿੱਤੀ ਹੈ ਅਤੇ ਨਾਲ ਹੀ ਇਸ ਕੇਸ ਵਿਚ ਆਪਣੀਆਂ ਸ਼ਕਤੀਆਂ ਦੀ ਦੁਰਵਰਤੋਂ ਕਰਕੇ ਬੇਕਸੂਰ ਲੋਕਾਂ ਖ਼ਿਲਾਫ਼ ਝੂਠੇ ਗਵਾਹ, ਸਬੂਤ ਅਤੇ ਕੇਸ ਬਣਾਉਣ ਦੇ ਦੋਸ਼ ਹੇਠ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਫਰੀਦਕੋਟ ਦੇ ਤਤਕਾਲੀ ਐੱਸ.ਐੱਸ.ਪੀ. ਸੁਖਮਿੰਦਰ ਸਿੰਘ ਮਾਨ ਅਤੇ ਥਾਣਾ ਸਿਟੀ ਕੋਟਕਪੂਰਾ ਦੇ ਸਾਬਕਾ ਐੱਸ.ਐੱਚ.ਓ. ਗੁਰਦੀਪ ਸਿੰਘ ਪੰਧੇਰ ਨੂੰ ਮੁਕੱਦਮਾ ਨੰਬਰ 192 ਮਿਤੀ 14 ਅਕਤੂਬਰ, 2015 ਵਿਚ ਮੁਲਜ਼ਮ ਨਾਮਜ਼ਦ ਕੀਤਾ ਹੈ।

ਜਾਂਚ ਟੀਮ ਨੇ ਇਨ੍ਹਾਂ ਪੁਲਿਸ ਅਧਿਕਾਰੀਆਂ ਖ਼ਿਲਾਫ਼ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿਚ ਵੱਖਰਾ ਚਲਾਨ ਪੇਸ਼ ਕਰ ਦਿੱਤਾ ਹੈ। ਇਸ ਚਲਾਨ ਦੇ ਆਧਾਰ ’ਤੇ ਅਦਾਲਤ ਨੇ ਇਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਨੋਟਿਸ ਭੇਜ ਕੇ 23 ਮਾਰਚ ਨੂੰ ਅਦਾਲਤ ਵਿਚ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਹਨ। ਦੱਸਣਯੋਗ ਹੈ ਕਿ ਕੋਟਕਪੂਰਾ ਗੋਲੀ ਕਾਂਡ ਤੋਂ ਬਾਅਦ ਕੋਟਕਪੂਰਾ ਪੁਲਿਸ ਨੇ ਧਰਨੇ ’ਤੇ ਬੈਠੀ ਸਿੱਖ ਸੰਗਤ ਖ਼ਿਲਾਫ਼ ਪੁਲਿਸ ’ਤੇ ਕਾਤਲਾਨਾ ਹਮਲਾ ਕਰਨ ਦੇ ਦੋਸ਼ਾਂ ਹੇਠ ਕੇਸ ਦਰਜ ਕੀਤਾ ਸੀ ਅਤੇ



ਸੁਮੇਧ ਸੈਣੀ, ਪਰਮਰਾਜ ਸਿੰਘ ਉਮਰਾਨੰਗਲ

ਧਰਨਾਕਾਰੀਆਂ ਖ਼ਿਲਾਫ਼ ਕਥਿਤ ਤੌਰ ’ਤੇ ਸਬੂਤ ਤੇ ਕੁਝ ਗਵਾਹ ਵੀ ਇਕੱਠੇ ਕੀਤੇ ਸਨ। ਜਾਂਚ ਟੀਮ ਨੇ ਪੁਲਿਸ ਦੀ ਇਸ ਕਾਰਵਾਈ ਨੂੰ ਝੂਠੀ ਅਤੇ ਗਿਣੀ-ਮਿੱਥੀ ਸਾਜ਼ਿਸ਼ ਕਰਾਰ ਦਿੰਦਿਆਂ ਕਿਸੇ ਵੀ ਧਰਨਾਕਾਰੀ ਖ਼ਿਲਾਫ਼ ਅਦਾਲਤ ਵਿਚ ਚਲਾਨ ਪੇਸ਼ ਨਹੀਂ ਕੀਤਾ, ਸਗੋਂ ਝੂਠੇ ਕੇਸ ਦੀ ਕਥਿਤ ਸਾਜ਼ਿਸ਼ ਰਚਣ ਵਾਲਿਆਂ ਨੂੰ ਮੁਲਜ਼ਮ ਨਾਮਜ਼ਦ ਕਰਕੇ ਉਨ੍ਹਾਂ ਖ਼ਿਲਾਫ਼ ਅਦਾਲਤ ਵਿਚ ਚਲਾਨ ਪੇਸ਼ ਕਰ ਦਿੱਤਾ ਹੈ।

ਉਧਰ ਕੋਟਕਪੂਰਾ ਗੋਲੀ ਕਾਂਡ ਵਿਚ ਮੁਲਜ਼ਮ ਨਾਮਜ਼ਦ ਹੋਣ ਮਗਰੋਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਚਲਾਨ ਦੀਆਂ ਨਕਲਾਂ ਲੈਣ ਲਈ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਚਲਾਨ ਦੀ ਨਕਲ ਵਕੀਲ ਰਾਹੀਂ ਤੁਰੰਤ ਮੁਹੱਈਆ ਕਰਵਾਈ ਜਾਵੇ, ਤਾਂ ਜੋ ਉਹ ਜ਼ਮਾਨਤ ਵਿਚ ਬਹਿਸ ਦੌਰਾਨ ਆਪਣਾ ਪੱਖ ਰੱਖ ਸਕਣ। ਹਾਲਾਂਕਿ ਵਿਸ਼ੇਸ਼ ਜਾਂਚ ਟੀਮ ਨੇ ਇਸ ਅਰਜ਼ੀ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਮੁਲਜ਼ਮ ਪਹਿਲਾਂ ਅਦਾਲਤ ਵਿਚ ਹਾਜ਼ਰ ਹੋਣ, ਉਸ ਤੋਂ ਬਾਅਦ ਹੀ ਉਹ ਕਾਨੂੰਨੀ ਤੌਰ ’ਤੇ ਚਲਾਨ ਦੀਆਂ ਨਕਲਾਂ ਲੈਣ ਦੇ ਹੱਕਦਾਰ ਹੋਣਗੇ।

## ਪੰਜਾਬ ਸਰਕਾਰ ਨੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ’ਚ ਲੋਕਾਂ ਤੋਂ ਮੰਗਿਆ ਸਹਿਯੋਗ

**ਚੰਡੀਗੜ੍ਹ, (ਪੰਜਾਬ ਮੇਲ)-**ਪੰਜਾਬ ਸਰਕਾਰ ਨੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ’ਚ ਲੋਕਾਂ ਤੋਂ ਸਹਿਯੋਗ ਮੰਗਿਆ ਹੈ। ਏ.ਡੀ.ਜੀ.ਪੀ. ਐੱਲ ਕੇ ਯਾਦਵ ਦੀ ਅਗਵਾਈ ਹੇਠਲੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਕਿਹਾ ਕਿ ਜੇਕਰ ਕਿਸੇ ਵਿਅਕਤੀ ਕੋਲ ਇਸ ਕੇਸ ਨਾਲ ਸਬੰਧਤ ਕੋਈ ਢੁੱਕਵੀਂ ਜਾਣਕਾਰੀ ਹੈ, ਜਿਸ ਨਾਲ ਕੇਸ ’ਤੇ ਪ੍ਰਭਾਵ ਪੈ ਸਕਦਾ ਹੈ, ਤਾਂ ਉਹ ਵਿਅਕਤੀ ਨਿੱਜੀ ਤੌਰ ’ਤੇ ਉਨ੍ਹਾਂ ਨਾਲ ਪੁਲਿਸ ਹੈੱਡਕੁਆਰਟਰ, ਸੈਕਟਰ-9, ਚੰਡੀਗੜ੍ਹ ਵਿਖੇ ਸਥਿਤ ਦਫ਼ਤਰ ਵਿਚ 16, 23 ਅਤੇ 30 ਮਾਰਚ ਨੂੰ ਸਵੇਰੇ ਸਾਢੇ 10 ਵਜੇ ਤੋਂ ਦੁਪਹਿਰ 1.30 ਵਜੇ ਤੱਕ ਮੁਲਾਕਾਤ ਕਰ ਸਕਦੇ ਹਨ। ਸ਼੍ਰੀ ਯਾਦਵ ਨੇ ਕਿਹਾ ਕਿ ਕੋਈ ਵੀ ਵਿਅਕਤੀ ਇਸ ਸਬੰਧੀ ਵਟਸਐਪ ਨੰਬਰ 98759-83237 ’ਤੇ ਮੈਸੇਜ ਭੇਜ ਕੇ ਜਾਂ newsit2021kotkapura-case0gmail.com ’ਤੇ ਈਮੇਲ ਰਾਹੀਂ ਵੀ ਜਾਣਕਾਰੀ ਸਾਂਝੀ ਕਰ ਸਕਦਾ ਹੈ। ਦੱਸਣਯੋਗ ਹੈ ਕਿ ਕੋਟਕਪੂਰਾ ਗੋਲੀ ਕਾਂਡ 14 ਅਕਤੂਬਰ, 2015 ਨੂੰ ਵਾਪਰਿਆ ਸੀ। ਇਸ ਕਾਂਡ ਦੀ ਜਾਂਚ ਲਈ ਪੰਜਾਬ ਹਰਿਆਣਾ ਹਾਈ ਕੋਰਟ ਦੇ ਨਿਰਦੇਸ਼ਾਂ ’ਤੇ ਸੂਬਾ ਸਰਕਾਰ ਨੇ ਏ.ਡੀ.ਜੀ.ਪੀ. ਐੱਲ ਕੇ ਯਾਦਵ, ਆਈ.ਜੀ. ਰਾਕੇਸ਼ ਅਗਰਵਾਲ ਅਤੇ ਐੱਸ.ਐੱਸ.ਪੀ. ਮੋਗਾ ਗੁਲਨੀਤ ਸਿੰਘ ਖੁਰਾਣਾ ਸਮੇਤ ਤਿੰਨ ਸੀਨੀਅਰ ਅਧਿਕਾਰੀਆਂ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ (ਸਿਟ) ਦਾ ਗਠਨ ਕੀਤਾ ਸੀ। ਇਸ ਸਿਟ ਨੇ 24 ਫਰਵਰੀ ਨੂੰ ਅਦਾਲਤ ’ਚ ਆਪਣਾ ਪਹਿਲਾ ਚਲਾਨ ਪੇਸ਼ ਕਰ ਦਿੱਤਾ ਹੈ। ਉਸ ਤੋਂ ਬਾਅਦ ਸਿਟ ਨੇ ਪੰਜਾਬ ਦੇ ਇਕ ਆਈ.ਏ.ਐੱਸ. ਸਣੇ ਚਾਰ ਪੁਲਿਸ ਅਧਿਕਾਰੀਆਂ ਤੋਂ ਵੀ ਕਈ ਘੰਟੇ ਪੁੱਛ-ਗਿਛ ਕੀਤੀ ਸੀ।

# ਪੰਜਾਬ ਸਰਕਾਰ ਵੱਲੋਂ ਪੰਜਾਬੀ ਯੂਨੀਵਰਸਿਟੀ ਨੂੰ ਲੋੜੀਂਦੀ ਬਜਟ ਗਰਾਂਟ ਦੇਣ ਦਾ ਫ਼ੈਸਲਾ

**ਪਟਿਆਲਾ, (ਪੰਜਾਬ ਮੇਲ)-** ਪੰਜਾਬੀ ਯੂਨੀਵਰਸਿਟੀ ਦੀ ਗਰਾਂਟ ਘਟਾਉਣ ਕਾਰਨ ਪੈਦਾ ਹੋਇਆ ਰੇੜਕਾ ਖਤਮ ਹੋਇਆ ਜਾਪ ਰਿਹਾ ਹੈ, ਕਿਉਂਕਿ ਪੰਜਾਬ ਸਰਕਾਰ ਨੇ ਯੂਨੀਵਰਸਿਟੀ ਦੀ ਮੰਗ ’ਤੇ ਬਣਦੀ ਬਜਟ ਗਰਾਂਟ ਦੇਣ ਦਾ ਫੈਸਲਾ ਕੀਤਾ ਹੈ। ਇਹ ਸਹਿਮਤੀ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਵਾਈਸ ਚਾਂਸਲਰ ਪ੍ਰੋਫੈਸਰ ਅਰਵਿੰਦ ਦਰਮਿਆਨ ਹੋਈ ਮੀਟਿੰਗ ਦੌਰਾਨ ਬਣੀ। ਯੂਨੀਵਰਸਿਟੀ ਦੇ ਬੁਲਾਰੇ ਨੇ ਦੱਸਿਆ ਕਿ ਵਿੱਤ ਮੰਤਰੀ ਹਰਪਾਲ ਚੀਮਾ, ਮੁੱਖ ਮੰਤਰੀ ਦੇ ਪ੍ਰਿੰਸੀਪਲ ਸਕੱਤਰ, ਵਿੱਤ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਅਤੇ ਪ੍ਰਿੰਸੀਪਲ ਸਕੱਤਰ (ਉਚੇਰੀ ਸਿੱਖਿਆ) ਨਾਲ ਵਾਈਸ ਚਾਂਸਲਰ ਅਤੇ ਯੂਨੀਵਰਸਿਟੀ ਦੇ ਹੋਰ ਅਧਿਕਾਰੀਆਂ ਦੀਆਂ ਮੀਟਿੰਗਾਂ ਹੋਈਆਂ, ਜਿਸ ਵਿਚ ਸਰਕਾਰ ਨੇ ਸਪੱਸ਼ਟ ਕੀਤਾ ਕਿ ਯੂਨੀਵਰਸਿਟੀ ਵੱਲੋਂ ਮੰਗੀ ਲੋੜੀਂਦੀ (30 ਕਰੋੜ ਪ੍ਰਤੀ ਮਹੀਨਾ) ਪੂਰੀ ਗਰਾਂਟ ਦਿੱਤੀ ਜਾ ਰਹੀ ਹੈ। ਯੂਨੀਵਰਸਿਟੀ ਵੱਲੋਂ ਪਹਿਲੀ ਤਿਮਾਹੀ ਲਈ ਬਣਦੀ ਰਕਮ ਦਾ ਬਿੱਲ ਭੇਜ ਦਿੱਤਾ ਜਾਵੇ। ਸਰਕਾਰ ਨੇ ਭਰੋਸਾ ਦਿਵਾਇਆ ਕਿ ਯੂਨੀਵਰਸਿਟੀ ਨੂੰ ਕੋਈ ਵਿੱਤੀ ਸੰਕਟ ਨਹੀਂ ਆਉਣ ਦਿੱਤਾ ਜਾਵੇਗਾ। ਵਾਈਸ ਚਾਂਸਲਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਸਬੰਧਤ ਅਧਿਕਾਰੀਆਂ ਦਾ ਧੰਨਵਾਦ ਕੀਤਾ ਹੈ। ਯੂਨੀਵਰਸਿਟੀ ਵੱਲੋਂ ਪਹਿਲੀ ਤਿਮਾਹੀ ਦੀ ਬਣਦੀ ਰਕਮ ਦਾ ਬਿੱਲ ਸਰਕਾਰ ਨੂੰ ਭੇਜ ਦਿੱਤਾ ਗਿਆ ਹੈ। ਵਾਈਸ ਚਾਂਸਲਰ ਨੇ ਆਸ ਪ੍ਰਗਟਾਈ ਕਿ ਇਸ ਮਾਹੌਲ ਵਿਚ ਅਧਿਆਪਕ, ਕਰਮਚਾਰੀ ਅਤੇ ਵਿਦਿਆਰਥੀ ਯੂਨੀਵਰਸਿਟੀ ਦੇ ਹਰ ਪੱਖੋਂ ਵਿਕਾਸ ਲਈ ਆਪਣਾ ਪੂਰਾ ਤਾਣ ਲਗਾ ਦੇਣਗੇ।

ਯਾਦ ਰਹੇ ਕਿ ਸਰਕਾਰ ਨੇ ਯੂਨੀਵਰਸਿਟੀ ਨੂੰ ਮਿਲਦੀ 200 ਕਰੋੜ ਦੀ ਗਰਾਂਟ ਘਟਾ ਕੇ 164 ਕਰੋੜ ਕਰਨ ਦੇ ਖਿਲਾਫ਼ ਵਿਦਿਆਰਥੀਆਂ, ਅਧਿਆਪਕਾਂ ਤੇ ਮੁਲਾਜ਼ਮਾਂ ਵੱਲੋਂ 13 ਮਾਰਚ ਨੂੰ ਯੂਨੀਵਰਸਿਟੀ ਦੇ ਮੁੱਖ ਗੇਟ ’ਤੇ ਪੱਕਾ ਮੋਰਚਾ ਸ਼ੁਰੂ ਕਰ ਦਿੱਤਾ ਗਿਆ ਸੀ, ਜੋ ਗਰਾਂਟ ’ਚ ਵਾਧੇ ਤੱਕ ਜਾਰੀ ਰਹਿਣ ਦਾ ਐਲਾਨ ਕੀਤਾ ਸੀ।

## ਭੁਪਾਲ ਗੈਸ ਤ੍ਰਾਸਦੀ: ਸੁਪਰੀਮ ਕੋਰਟ ਵੱਲੋਂ ਪੀੜਤਾਂ ਲਈ ਵਾਧੂ ਮੁਆਵਜ਼ੇ ਦੀ ਮੰਗ ਕਰਨ ਵਾਲੀ ਕੇਂਦਰ ਦੀ ਪਟੀਸ਼ਨ ਰੱਦ

**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਭੁਪਾਲ ਗੈਸ ਤ੍ਰਾਸਦੀ ਦੇ ਪੀੜਤਾਂ ਲਈ ਯੂ.ਸੀ.ਸੀ. ਦੀਆਂ ਉੱਤਰਾਧਿਕਾਰੀ ਕੰਪਨੀਆਂ ਤੋਂ ਵਾਧੂ ਮੁਆਵਜ਼ੇ ਦੀ ਮੰਗ ਕਰਨ ਵਾਲੀ ਕੇਂਦਰ ਦੀ ਸੋਧੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਸਰਵਉੱਚ ਅਦਾਲਤ ਨੇ ਕਿਹਾ ਕਿ ਤ੍ਰਾਸਦੀ ਦੇ ਪੀੜਤਾਂ ਲਈ ਆਰ.ਬੀ.ਆਈ. ਕੋਲ ਪਈ 50 ਕਰੋੜ ਰੁਪਏ ਦੀ ਰਾਸ਼ੀ ਦੀ ਵਰਤੋਂ ਸਰਕਾਰ ਬਕਾਇਆ ਦਾਅਵਿਆਂ ਨੂੰ ਪੂਰਾ ਕਰਨ ਲਈ ਕਰੇ। 1984 ਦੀ ਭੁਪਾਲ ਗੈਸ ਤ੍ਰਾਸਦੀ ਦੇ ਪੀੜਤਾਂ ਲਈ 7,844 ਕਰੋੜ ਰੁਪਏ ਦੇ ਵਾਧੂ ਮੁਆਵਜ਼ੇ ਦੀ ਮੰਗ ਕੇਂਦਰ ਨੇ ਕਿਊਰੇਟਿਵ ਪਟੀਸ਼ਨ ਪਾਈ ਸੀ। ਇਸ ਤ੍ਰਾਸਦੀ ਨੇ 3,000 ਤੋਂ ਵੱਧ ਲੋਕਾਂ ਦੀ ਜਾਨ ਲੈ ਲਈ ਸੀ।

# ਭਾਰਤੀ-ਅਮਰੀਕੀ ਪ੍ਰੋਫੈਸਰ ਨੇ ਕਾਲਜ ’ਤੇ ਲਾਏ ਭੇਦਭਾਵ ਦੇ ਦੋਸ਼; ਪਟੀਸ਼ਨ ਦਾਇਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਭਾਰਤੀ-ਅਮਰੀਕੀ ਔਰਤ ਜੋ ਬਾਬਸਨ ਕਾਲਜ ਵਿਚ ਪ੍ਰੋਫੈਸਰ ਵਜੋਂ ਕੰਮ ਕਰ ਰਹੀ ਹੈ, ਨੇ ਦਾਇਰ ਪਟੀਸ਼ਨ ਵਿਚ ਕਾਲਜ ਉਪਰ ਲਿੰਗ ਆਧਾਰਿਤ ਤੇ ਨਸਲੀ ਭੇਦਭਾਵ ਕਰਨ ਦੇ ਦੋਸ਼ ਲਾਏ ਹਨ। ਬੋਸਟਨ ਗਲੋਬ ਦੀ ਰਿਪੋਰਟ ਅਨੁਸਾਰ ਲਕਸ਼ਮੀ ਬਾਲਾਚੰਦਰ ਜੋ ਬਾਬਸਨ ਕਾਲਜ ਵਿਚ ਐਂਟਰਾਪ੍ਰੀਨਿਓਰਸ਼ਿਪ ਦੀ ਐਸੋਸੀਏਟ ਪ੍ਰੋਫਸਰ ਹੈ, ਨੇ ਯੂ.ਐੱਸ. ਡਿਸਟ੍ਰਿਕਟ ਕੋਰਟ ਬੋਸਟਨ ਵਿਚ ਦਾਇਰ ਪਟੀਸ਼ਨ ਵਿਚ ਦੋਸ਼ ਲਾਇਆ ਹੈ ਕਿ ਉਸ ਦੇ ਖੋਜ਼ ਰਿਕਾਰਡ, ਵਿਖਾਈ ਦਿਲਚਸਪੀ ਤੇ ਕਾਲਜ ਪ੍ਰਤੀ ਸੇਵਾਵਾਂ ਦੇ ਬਾਵਜੂਦ ਉਸ ਨੂੰ ਲੀਡਰਸ਼ਿੱਪ ਅਹੁਦਾ ਦੇਣ ਤੇ ਖੋਜ ਦੇ ਹੋਰ ਮੌਕੇ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਉਸ ਨੇ ਦੋਸ਼ ਲਾਇਆ ਹੈ ਕਿ ਕਾਲਜ ਗੋਰਿਆਂ ਤੇ ਮਰਦਾਂ ਨੂੰ ਤਰਜੀਹ ਦਿੰਦਾ ਹੈ ਤੇ ਪੁਰਸਕਾਰਾਂ ਉਪਰ ਉਨ੍ਹਾਂ ਦਾ ਏਕਧਿਕਾਰ ਬਣਾ ਦਿੱਤਾ ਗਿਆ ਹੈ। ਉਸ ਨੇ ਕਿਹਾ ਹੈ ਕਿ ਕਾਲਜ ਦੇ ਰਵੱਈਏ ਕਾਰਨ ਉਸ ਕੋਲੋਂ ਕਈ ਕਰੀਅਰ ਅਵਸਰ ਖੁਸ ਗਏ ਹਨ ਤੇ ਉਸ ਨੂੰ ਆਰਥਿਕ ਨੁਕਸਾਨ ਝਲਣਾ ਪਿਆ ਹੈ।



ਲਕਸ਼ਮੀ ਬਾਲਾਚੰਦਰ।






# ਹਰਕੀਰਤ ਕੌਰ ਚਾਹਲ ਦਾ ਨਾਵਲ ਤੇ ਮੋਹਨ ਗਿੱਲ ਦਾ ਕਾਵਿ ਸੰਗ੍ਰਹਿ 19 ਮਾਰਚ ਨੂੰ ਹੋਣਗੇ ਰਿਲੀਜ਼

**ਸਰੀ, (ਹਰਦਮ ਮਾਨ/ਪੰਜਾਬ ਮੇਲ)**-ਐਤਵਾਰ 19 ਮਾਰਚ ਨੂੰ ਸਰੀ ਵਿਖੇ ਦੋ ਸਾਹਿਤਕ ਪ੍ਰੋਗਰਾਮ ਕਰਵਾਏ ਜਾ ਰਹੇ ਹਨ, ਜਿਨ੍ਹਾਂ ਵਿਚ ਦੋ ਪੁਸਤਕਾਂ ਰਿਲੀਜ਼ ਕੀਤੀਆਂ ਜਾਣਗੀਆਂ। ਪਹਿਲਾ ਪ੍ਰੋਗਰਾਮ ਸਵੇਰੇ 11 ਵਜੇ ਅੰਪਾਇਰ ਬੈਂਕੁਇਟ ਹਾਲ, ਯੌਰਕ ਸੈਂਟਰ ਸਰੀ ਵਿਖੇ ਹੋਵੇਗਾ, ਜਿਸ ਵਿਚ ਪ੍ਰਸਿੱਧ ਲੇਖਿਕਾ ਹਰਕੀਰਤ ਕੌਰ ਚਾਹਲ ਦਾ ਨਾਵਲ 'ਚੰਨਣ ਰੁੱਖ' ਰਿਲੀਜ਼ ਕੀਤਾ ਜਾਵੇਗਾ।

ਦੂਜਾ ਸਾਹਿਤਕ ਪ੍ਰੋਗਰਾਮ ਵੈਨਕੂਵਰ ਵਿਚਾਰ ਮੰਚ ਵੱਲੋਂ ਕਰਵਾਇਆ ਜਾ ਰਿਹਾ ਹੈ, ਜੋ ਬਾਅਦ ਦੁਪਿਹਰ 1.30 ਵਜੇ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ, ਸਰੀ ਵਿਖੇ ਹੋਵੇਗਾ। ਇਸ ਸਮਾਗਮ ਵਿਚ ਪ੍ਰਸਿਧ ਸ਼ਾਇਰ ਮੋਹਨ ਗਿੱਲ ਦਾ ਕਾਵਿ ਸੰਗ੍ਰਹਿ 'ਪਵਣ' ਲੋਕ ਅਰਪਣ ਕੀਤਾ ਜਾਵੇਗਾ ਅਤੇ ਉਸ ਉਪਰ ਵਿਚਾਰ ਚਰਚਾ ਹੋਵੇਗੀ।

ਹਰਕੀਰਤ ਕੌਰ ਚਾਹਲ ਅਤੇ ਮੋਹਨ ਗਿੱਲ ਵੱਲੋਂ ਇਨ੍ਹਾਂ ਦੋਹਾਂ ਸਾਹਿਤਕ ਪ੍ਰੋਗਰਾਮਾਂ ਵਿਚ ਸ਼ਾਮਲ ਹੋਣ ਲਈ ਸਮੂਹ ਸਾਹਿਤ ਪ੍ਰੇਮੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ।




# ਫਿਲਮ 'ਆਪਕੀ ਬਾਰੀ' ਨੇ ਅੰਤਰਰਾਸ਼ਟਰੀ ਫਿਲਮ ਮੁਕਾਬਲੇ 'ਚ ਹਾਸਲ ਕੀਤਾ ਪਹਿਲਾ ਸਥਾਨ

- **ਦੁੱਧ 'ਚ ਹੋ ਰਹੀ ਮਿਲਾਵਟਖੋਰੀ 'ਤੇ ਆਧਾਰਿਤ ਹੈ ਫਿਲਮ**

**ਮੋਹਾਲੀ, (ਪੰਜਾਬ ਮੇਲ)** - ਮੋਹਾਲੀ ਦੀ ਗੀਨਾ ਕੌਰ ਅਤੇ ਫ਼ਤਹਿਗੜ੍ਹ ਸਾਹਿਬ ਦੀ ਦਮਨਪ੍ਰੀਤ ਕੌਰ ਵੱਲੋਂ ਬਣਾਈ ਲਘੂ ਫਿਲਮ 'ਆਪਕੀ ਬਾਰੀ' ਨੇ ਸੱਤਵੇਂ ਏ.ਪੀ.ਜੇ. ਅਬਦੁੱਲ ਕਲਾਮ ਇੰਟਰਨੈਸ਼ਨਲ ਸੋਸ਼ੋ-ਲੀਗਲ ਫਿਲਮ ਮੇਕਿੰਗ ਮੁਕਾਬਲੇ ਵਿਚ ਪਹਿਲਾ ਸਥਾਨ ਹਾਸਲ ਕਰ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ। ਫਿਲਮ ਦੀ ਨਿਰਦੇਸ਼ਿਕਾ ਅਤੇ ਲੇਖਿਕਾ ਗੀਨਾ ਕੌਰ ਨੇ ਦੱਸਿਆ ਕਿ ਇਹ ਫਿਲਮ ਮੁਕਾਬਲਾ ਗੁਜਰਾਤ ਦੇ ਪ੍ਰੋਬੋਨੋ ਇੰਡੀਆ ਦੁਆਰਾ ਆਯੋਜਿਤ ਕੀਤਾ ਗਿਆ ਸੀ, ਜਿਸ ਵਿਚ ਉਨ੍ਹਾਂ ਨੇ ਆਪਣੀ ਫਿਲਮ ਦੁਆਰਾ ਦੁੱਧ ਵਿਚ ਹੋ ਰਹੀ ਮਿਲਾਵਟਖੋਰੀ ਦੀ ਸਮੱਸਿਆ ਨੂੰ ਉਭਾਰਿਆ ਹੈ। ਗੀਨਾ ਕੌਰ ਨੇ ਕਿਹਾ ਕਿ ਪ੍ਰਮਾਤਮਾ ਦੀ ਮਿਹਰ ਅਤੇ ਪੂਰੀ ਟੀਮ ਦੀ ਅਣਥੱਕ ਮਿਹਨਤ ਸਦਕਾ ਇਹ ਸਫ਼ਲਤਾ ਹਾਸਲ ਕੀਤੀ ਹੈ। ਪ੍ਰੋਬੋਨੋ ਇੰਡੀਆ ਦੇ ਸੰਸਥਾਪਕ ਡਾ. ਕਲਪੇਸ਼ ਕੁਮਾਰ ਗੁਪਤਾ ਨੇ ਦੱਸਿਆ ਕਿ ਲੋਕਾਂ ਨੂੰ ਵੱਖ-ਵੱਖ ਸਮਾਜਿਕ ਤੇ ਕਾਨੂੰਨੀ ਮੁੱਦਿਆਂ ਬਾਰੇ ਜਾਗਰੂਕ ਕਰਨ ਲਈ ਪ੍ਰੋਬੋਨੋ ਇੰਡੀਆ ਲਗਾਤਾਰ ਕੰਮ ਕਰ ਰਹੀ ਹੈ ਤੇ ਇਸੇ ਸਿਲਸਿਲੇ ਵਿਚ ਇਹ ਫਿਲਮ ਮੁਕਾਬਲਾ ਹਰ ਸਾਲ ਕਰਵਾਇਆ ਜਾਂਦਾ ਹੈ, ਜਿਸ ਵਿਚ ਵੱਖ-ਵੱਖ ਥਾਂਵਾਂ ਤੋਂ ਪ੍ਰਤੀਯੋਗੀ ਭਾਗ ਲੈਂਦੇ ਹਨ। ਫਿਲਮ ਦੀ ਨਿਰਮਾਤਾ ਦਮਨਪ੍ਰੀਤ ਕੌਰ ਨੇ ਕਿਹਾ ਕਿ ਇਸ ਫਿਲਮ ਜ਼ਰੀਏ ਅਸੀਂ ਮਿਲਾਵਟਖੋਰੀ ਦੇ ਸਮਾਜਿਕ ਤੇ ਕਾਨੂੰਨੀ ਪੱਖਾਂ ਤੋਂ ਜਾਣੂੰ ਕਰਵਾਇਆ ਹੈ। ਫਿਲਮ ਵਿਚ ਜਪੇਸ਼, ਵੀਨਾ ਰਾਣੀ, ਗੀਨਾ, ਪਤਵਿੰਦਰ ਕੌਰ, ਰਚਨਾ, ਭਾਵਿਕਾ, ਕੰਧਾਰਾ ਸਿੰਘ, ਸਤੀਸ਼ ਕੁਮਾਰ, ਕਨੂੰ, ਸੌਫ਼ੀ ਰਾਏ, ਦਮਨਪ੍ਰੀਤ ਨੇ ਭੂਮਿਕਾ ਨਿਭਾਈ ਹੈ। ਜ਼ਿਕਰਯੋਗ ਹੈ ਕਿ ਗੀਨਾ ਕੌਰ, ਦਮਨਪ੍ਰੀਤ ਕੌਰ ਅਤੇ ਇਨ੍ਹਾਂ ਦੀ ਟੀਮ ਨੇ ਪਹਿਲਾਂ ਵੀ ਕਈ ਫਿਲਮ ਮੁਕਾਬਲੇ ਜਿੱਤੇ ਹਨ।



ਜੇਤੂ ਟਰਾਫ਼ੀ ਨਾਲ ਨਿਰਦੇਸ਼ਿਕਾ ਗੀਨਾ ਕੌਰ, ਨਿਰਮਾਤਾ ਦਮਨਪ੍ਰੀਤ ਕੌਰ ਤੇ ਬਾਲ ਕਲਾਕਾਰ ਜਪੇਸ਼।

# ਸੋਨੇ ਦੇ ਮਾਮਲੇ 'ਚ 8 ਦੇਸ਼ਾਂ ਤੋਂ ਅੱਗੇ ਹਨ ਭਾਰਤੀ!

- **ਪਾਕਿਸਤਾਨ ਦੀ ਜੀ.ਡੀ.ਪੀ. ਤੋਂ 3 ਗੁਣਾ ਜ਼ਿਆਦਾ ਸੋਨਾ ਦੇਸ਼ ਦੀਆਂ ਔਰਤਾਂ ਕੋਲ**
- **ਭਾਰਤੀ ਔਰਤਾਂ ਕੋਲ ਕਰੀਬ 25000 ਟਨ ਸੋਨਾ : ਵਰਲਡ ਗੋਲਡ ਕੌਂਸਲ**

**ਨਵੀਂ ਦਿੱਲੀ, (ਪੰਜਾਬ ਮੇਲ)** - ਭਾਰਤ ਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ। ਵਜ੍ਹਾ ਵੀ ਸੀ, ਸਾਲ 1739 'ਚ ਪਰਸ਼ੀਆ ਦੇ ਸ਼ਾਸਕ ਨਾਦਰਸ਼ਾਹ ਨੇ ਦਿੱਲੀ 'ਤੇ ਹਮਲਾ ਕਰ ਕੇ ਇੰਨਾ ਸੋਨਾ ਲੁੱਟਿਆ ਕਿ ਅਗਲੇ 3 ਸਾਲਾਂ ਤੱਕ ਉਥੇ ਕਿਸੇ ਨੂੰ ਟੈਕਸ ਦੇਣ ਦੀ ਜ਼ਰੂਰਤ ਨਹੀਂ ਪਈ। ਈਰਾਨ ਹੀ ਨਹੀਂ ਮੁਗਲ ਸ਼ਾਸਕਾਂ, ਬ੍ਰਿਟੇਨ ਸਭ ਨੇ ਭਾਰਤ ਵਿਚ ਸੋਨੇ ਦੀ ਲੁੱਟ ਕੀਤੀ। ਭਾਰਤ ਤੋਂ ਸੋਨਾ ਲੁੱਟਣ ਤੋਂ ਬਾਅਦ ਵੀ ਅਸੀਂ ਸੋਨੇ ਦੇ ਮਾਮਲੇ 'ਚ ਵੱਡੇ-ਵੱਡੇ ਦੇਸ਼ਾਂ ਨੂੰ ਪਛਾੜ ਦਿੰਦੇ ਹਾਂ। ਭਾਰਤੀ ਬੈਂਕਾਂ ਦੀ ਤੁਲਨਾ 'ਚ ਭਾਰਤੀਆਂ ਦੇ ਘਰਾਂ ਦੀਆਂ ਅਲਮਾਰੀਆਂ, ਤਿਜੌਰੀਆਂ ਵਿਚ ਜ਼ਿਆਦਾ ਸੋਨਾ ਭਰਿਆ ਹੋਇਆ ਹੈ। ਭਾਰਤੀ ਔਰਤਾਂ ਦਾ ਗੋਲਡ ਨੂੰ ਲੈ ਕੇ ਸ਼ੌਕ ਕਿਸੇ ਤੋਂ ਲੁਕਿਆ ਨਹੀਂ ਹੈ। ਵਰਲਡ ਗੋਲਡ ਕੌਂਸਲ ਮੁਤਾਬਕ ਭਾਰਤੀ ਔਰਤਾਂ ਕੋਲ ਕਰੀਬ 25000 ਟਨ ਸੋਨਾ ਹੈ। ਇਸ ਗੋਲਡ ਦੀ ਕੀਮਤ 1.4 ਟ੍ਰਿਲੀਅਨ ਡਾਲਰ ਯਾਨੀ ਕਰੀਬ 107 ਲੱਖ ਕਰੋੜ ਦੇ ਆਸ-ਪਾਸ ਹੈ। ਇਹ ਕੀਮਤ ਪਾਕਿਸਤਾਨ ਦੀ ਜੀ.ਡੀ.ਪੀ. ਦਾ 3 ਗੁਣਾ ਹੈ।

ਭਾਰਤ ਸੋਨੇ ਦੇ ਮਾਮਲੇ 'ਚ ਦੁਨੀਆ ਦੇ ਟਾਪ ਦੇਸ਼ਾਂ ਨੂੰ ਪਛਾੜ ਦਿੰਦਾ ਹੈ। ਕੁਝ ਅੰਕੜਿਆਂ 'ਤੇ ਗੌਰ ਕਰਦੇ ਹਾਂ, ਜੋ ਦੱਸਣਗੇ ਕਿ ਭਾਰਤੀਆਂ ਲਈ ਗੋਲਡ ਦੀ ਚਾਹਤ ਕਿੰਨੀ ਹੈ। ਚੀਨ ਵਿਚ 673 ਟਨ ਸੋਨੇ ਦੀ ਜਿਊਲਰੀ ਸਾਲ 2021 'ਚ ਖਰੀਦੀ ਗਈ। ਉਥੇ ਹੀ ਭਾਰਤ ਵਿਚ ਇਸ ਦੌਰਾਨ 611 ਟਨ ਸੋਨੇ ਦੀ ਜਿਊਲਰੀ ਖਰੀਦੀ ਗਈ। 30 ਤੋਂ 40 ਟਨ ਸੋਨਾ ਤਾਂ ਭਾਰਤ ਦੇ ਲੋਕ ਅਕਸ਼ੈ ਤ੍ਰਿਤੀਆ ਉੱਤੇ ਖਰੀਦ ਲੈਂਦੇ ਹਨ। ਵਰਲਡ ਗੋਲਡ ਕੌਂਸਲ ਮੁਤਾਬਕ ਭਾਰਤੀ ਔਰਤਾਂ ਕੋਲ 25000 ਟਨ ਸੋਨਾ ਹੈ। ਭਾਰਤੀ ਔਰਤਾਂ ਦੀ ਅਲਮਾਰੀ 'ਚ ਇੰਨਾ ਗੋਲਡ ਹੈ, ਜਿੰਨਾ ਅਮਰੀਕਾ, ਜਰਮਨੀ, ਰੂਸ ਵਰਗੇ ਦੇਸ਼ਾਂ ਦੇ ਗੋਲਡ ਰਿਜ਼ਰਵ ਵਿਚ ਨਹੀਂ ਹੈ।

ਕਿਸੇ ਵੀ ਦੇਸ਼ ਦੀ ਇਕਾਨਮੀ ਲਈ ਸੋਨਾ ਬਹੁਤ ਅਹਿਮ ਹੁੰਦਾ ਹੈ। ਗੋਲਡ ਰਿਜ਼ਰਵ ਕਿਸੇ ਵੀ ਦੇਸ਼ ਦੀ ਇਕਾਨਮੀ ਨੂੰ ਮਜ਼ਬੂਤੀ ਦਿੰਦਾ ਹੈ। ਸੋਨੇ ਦਾ ਰਿਜ਼ਰਵ ਕਰੰਸੀ ਨੂੰ ਮਜ਼ਬੂਤ ਬਣਾਈ ਰੱਖਦਾ ਹੈ। ਮਜ਼ਬੂਤ ਕਰੰਸੀ ਨਾਲ ਇੰਪੋਰਟ-ਐਕਸਪੋਰਟ ਵਿਚ ਆਸਾਨੀ ਹੁੰਦੀ ਹੈ। ਵਪਾਰ ਵਧਣ ਨਾਲ ਮਹਿੰਗਾਈ ਘੱਟ ਹੁੰਦੀ ਹੈ ਅਤੇ ਦੇਸ਼ ਦੀ ਜੀ.ਡੀ.ਪੀ. ਵਿਚ ਵਾਧਾ ਹੁੰਦਾ ਹੈ। ਯਾਨੀ ਸੋਨਾ ਕਿਸੇ ਵੀ ਦੇਸ਼ ਦੀ ਇਕਾਨਮੀ ਨੂੰ ਮਜ਼ਬੂਤੀ ਦੇਣ ਲਈ ਅਹਿਮ ਹੈ। ਭਾਰਤੀ ਘਰਾਂ ਵਿਚ ਰੱਖੇ ਸੋਨੇ ਦੀ ਕੀਮਤ ਭਾਰਤ ਦੀ ਜੀ.ਡੀ.ਪੀ. ਦਾ 45 ਫੀਸਦੀ ਹੈ।

ਸਾਲ 2021-22 ਦੇ ਵਰਲਡ ਗੋਲਡ ਰਿਜ਼ਰਵ ਦੇ ਅੰਕੜਿਆਂ ਮੁਤਾਬਕ ਅਮਰੀਕਾ ਦੇ ਕੇਂਦਰੀ ਬੈਂਕ ਵਿਚ 8133.47 ਟਨ ਗੋਲਡ ਰਿਜ਼ਰਵ ਹੈ, ਉਥੇ ਹੀ ਜਰਮਨੀ ਕੋਲ 3358.50 ਟਨ ਸੋਨਾ ਰਿਜ਼ਰਵ ਵਿਚ ਹੈ। ਰੂਸ ਕੋਲ 2301.64 ਟਨ ਸੋਨਾ ਬੈਂਕ ਵਿਚ ਹੈ। ਚੀਨ ਕੋਲ 1948 ਟਨ ਸੋਨਾ ਰਿਜ਼ਰਵ ਹਨ। ਉਥੇ ਹੀ ਭਾਰਤ 'ਚ ਆਰ.ਬੀ.ਆਈ. ਕੋਲ 760.40 ਟਨ ਸੋਨਾ ਰਿਜ਼ਰਵ 'ਚ ਹੈ।



ਸਫਾ 1 ਦਾ ਬਾਕੀ

## ਨੌਕਰੀ ਗਵਾਉਣ ਵਾਲੇ ਐੱਚ1-ਬੀ ਕਰਮਚਾਰੀਆਂ ਲਈ...

ਲੋੜੀਂਦਾ ਸਮਾਂ ਮਿਲ ਸਕੇ। ਇਮੀਗ੍ਰੇਸ਼ਨ ਉਪ-ਕਮੇਟੀ ਨੇ ਗ੍ਰਹਿ ਸੁਰੱਖਿਆ ਮੰਤਰਾਲਾ ਅਤੇ ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੂੰ ਉਨ੍ਹਾਂ ਐੱਚ1-ਬੀ ਵੀਜ਼ਾ ਧਾਰਕ ਕਰਮਚਾਰੀਆਂ ਲਈ ਗ੍ਰੇਸ ਪੀਰੀਅਡ 60 ਦਿਨ ਤੋਂ ਵਧਾ ਕੇ 180 ਦਿਨ ਕਰਨ ਦੀ ਸਿਫਾਰਿਸ਼ ਕੀਤੀ ਹੈ, ਜਿਨ੍ਹਾਂ ਨੇ ਆਪਣੀ ਨੌਕਰੀ ਗੁਆ ਦਿੱਤੀ ਹੈ।

ਨੌਕਰੀ ਤੋਂ ਕੱਢੇ ਗਏ ਐੱਚ1-ਬੀ ਕਰਮਚਾਰੀਆਂ ਦੇ ਸਾਹਮਣੇ ਪੇਸ਼ ਹੋਣ ਵਾਲੀਆਂ ਚੁਣੌਤੀਆਂ ਨੂੰ ਦੂਰ ਕਰਨ ਲਈ ਮੌਜੂਦਾ 60 ਦਿਨ ਦੀ ਮਿਆਦ ਕਾਫ਼ੀ ਨਹੀਂ ਹੈ ਅਤੇ ਇਸ ਦੌਰਾਨ ਕਈ ਸਮੱਸਿਆਵਾਂ ਪੇਸ਼ ਆਉਂਦੀਆਂ ਹਨ, ਜਿਨ੍ਹਾਂ ਵਿਚ ਘੱਟ ਸਮੇਂ ਸੀਮਾ ਦੇ ਅੰਦਰ ਨਵੀਂ ਨੌਕਰੀ ਲੱਭਣਾ, ਐੱਚ1-ਬੀ ਦੇ ਦਰਜੇ ਨੂੰ ਬਦਲਣ ਦੀ ਗੁੰਝਲਦਾਰ ਕਾਗਜ਼ੀ ਕਾਰਵਾਈ ਅਤੇ ਯੂ.ਐੱਸ.ਸੀ.ਆਈ.ਐੱਸ. ਦੀ ਪ੍ਰਕਿਰਿਆ ਵਿਚ ਦੇਰੀ ਸ਼ਾਮਲ ਹੈ। ਇਸਦੇ ਨਾਲ ਹੀ ਸਲਾਹਕਾਰ ਕਮਿਸ਼ਨ ਨੇ ਗ੍ਰੀਨ ਕਾਰਡ ਅਰਜ਼ੀ ਦੇ ਸ਼ੁਰੂਆਤੀ ਪੜਾਵਾਂ ਵਿਚ ਰੁਜ਼ਗਾਰ ਅਧਿਕਾਰ ਕਾਰਡ ਜਾਰੀ ਕਰਨ ਦੀ ਸੰਭਾਵਨਾ 'ਤੇ ਚਰਚਾ ਕੀਤੀ। ਬਾਇਡਨ ਪ੍ਰਸ਼ਾਸਨ ਦੇ ਇਸ ਕਦਮ ਨੂੰ ਮਨਜ਼ੂਰੀ ਦੇਣ ਨਾਲ ਗ੍ਰੀਨ ਕਾਰਨ ਪ੍ਰਾਪਤ ਕਰਨ ਵਿਚ ਲੰਬਾ ਸਮਾਂ ਨਹੀਂ ਲੱਗੇਗਾ।

ਗ੍ਰਹਿ ਸੁਰੱਖਿਆ ਮੰਤਰਾਲਾ ਅਤੇ ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੂੰ ਕੀਤੀ ਗਈ ਸਿਫਾਰਿਸ਼ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਲੋਕਾਂ ਨੂੰ ਰੁਜ਼ਗਾਰ ਅਧਿਕਾਰ ਦਸਤਾਵੇਜ਼ (ਈ.ਏ.ਡੀ.) ਅਤੇ ਯਾਤਰਾ ਦਸਤਾਵੇਜ਼ ਪ੍ਰਦਾਨ ਕੀਤੇ ਜਾਣ, ਜਿਨ੍ਹਾਂ ਦੀ ਈ.ਬੀ.-1, ਈ.ਬੀ.-2, ਈ.ਬੀ.-3 ਸ਼੍ਰੇਣੀਆਂ ਵਿਚ ਆਈ-140 ਰੁਜ਼ਗਾਰ ਆਧਾਰਿਤ ਵੀਜ਼ਾ ਪਟੀਸ਼ਨਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ ਅਤੇ ਉਹ ਵੀਜ਼ਾ ਲਈ 5 ਜਾਂ ਜ਼ਿਆਦਾ ਸਾਲਾਂ ਤੋਂ ਇੰਤਜ਼ਾਰ ਕਰ ਰਹੇ ਹਨ, ਭਾਵੇਂ ਹੀ ਉਨ੍ਹਾਂ ਨੇ ਸਥਿਤੀ ਦੇ ਸਮਾਯੋਜਨ ਲਈ ਅਰਜ਼ੀ ਦਾਇਰ ਕੀਤੀ ਹੈ। ਬੈਠਕ ਦੌਰਾਨ ਕਮਿਸ਼ਨ ਦੇ ਮੈਂਬਰਾਂ ਨੇ ਸਿਫਾਰਿਸ਼ਾਂ 'ਤੇ ਹੋਰ ਜਾਣਕਾਰੀ ਮੰਗੀ ਅਤੇ ਪੂਰੇ ਕਮਿਸ਼ਨ ਦੀ ਅਗਲੀ ਬੈਠਕ ਵਿਚ ਇਸ 'ਤੇ ਚਰਚਾ ਕਰਨ ਦਾ ਫ਼ੈਸਲਾ ਕੀਤਾ। ਇਸ ਬੈਠਕ ਦਾ ਸਿੱਧਾ ਪ੍ਰਸਾਰਣ ਕੀਤਾ ਗਿਆ ਸੀ।

ਸਫਾ 1 ਦਾ ਬਾਕੀ

## ਅਮਰੀਕਾ 'ਚ 2021 ਦੌਰਾਨ ਨਫਰਤੀ ਅਪਰਾਧ ਦੇ...

ਆਧਾਰ 'ਤੇ ਕਤਲ ਦੇ 18 ਮਾਮਲੇ ਸਾਹਮਣੇ ਆਏ। ਵੈਸਟਰਨ ਸਟੇਟਸ ਸੈਂਟਰ ਦੇ ਚੀਫ਼ ਆਫ਼ ਸਟਾਫ਼ ਜਿਲ ਗਾਰਵੇ ਨੇ ਦੱਸਿਆ ਕਿ ਧਾਰਮਿਕ ਮਾਮਲਿਆਂ ਵਿਚੋਂ ਅੱਧੇ ਵਿਚ ਯਹੂਦੀ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ।

ਸੋਮਵਾਰ ਨੂੰ ਜਾਰੀ ਐੱਫ.ਬੀ.ਆਈ. ਦੀ ਰਿਪੋਰਟ ਵਿਚ ਅਜਿਹੇ ਮਾਮਲਿਆਂ ਦੇ ਰਿਕਾਰਡ ਨੂੰ ਸਹੀ ਢੰਗ ਨਾਲ ਰੱਖਣ 'ਤੇ ਜ਼ੋਰ ਦਿੱਤਾ ਗਿਆ। ਗਾਰਵੇ ਨੇ ਕਿਹਾ ਕਿ "ਸਾਡੇ ਕੋਲ ਅਜੇ ਵੀ ਇਸ ਸਮੱਸਿਆ ਦੀ ਜੜ੍ਹ ਤੱਕ ਜਾਣ ਲਈ ਲੋੜੀਂਦਾ ਡੇਟਾ ਨਹੀਂ ਹੈ।" ਦਸੰਬਰ ਵਿਚ ਜਾਰੀ ਪਿਛਲੀ ਰਿਪੋਰਟ ਵਿਚ ਅਜਿਹੇ ਮਾਮਲਿਆਂ ਵਿਚ ਕਮੀ ਇਸ ਲਈ ਸੀ ਕਿਉਂਕਿ ਪੁਲਿਸ ਨੇ ਆਪਣੇ ਅੰਕੜੇ ਐੱਫ.ਬੀ.ਆਈ. ਨੂੰ ਕਿਵੇਂ ਸੌਂਪਣੇ ਹਨ, ਇਸ ਨੂੰ ਲੈ ਕੇ ਸਥਿਤੀ ਸਪੱਸ਼ਟ ਨਹੀਂ ਸੀ। ਵਧੇਰੇ ਸਪੱਸ਼ਟਤਾ ਲਈ, ਏਜੰਸੀ ਦੇ ਅਧਿਕਾਰੀਆਂ ਨੇ ਵੱਡੇ ਵਿਭਾਗਾਂ ਨੂੰ ਪਿਛਲੀ ਪ੍ਰਣਾਲੀ ਦੇ ਤਹਿਤ ਰਿਪੋਰਟ ਕਰਨ ਦੀ ਇਜਾਜ਼ਤ ਦਿੱਤੀ। ਐਸੋਸੀਏਟ ਅਟਾਰਨੀ ਜਨਰਲ ਵਨੀਤਾ ਗੁਪਤਾ ਨੇ ਕਿਹਾ ਕਿ "ਨਫ਼ਰਤੀ ਅਪਰਾਧਾਂ ਅਤੇ ਉਨ੍ਹਾਂ ਦੁਆਰਾ ਭਾਈਚਾਰਿਆਂ ਨੂੰ ਹੋਣ ਵਾਲੀ ਪ੍ਰੇਸ਼ਾਨੀ ਲਈ ਦੇਸ਼ ਵਿਚ ਕੋਈ ਥਾਂ ਨਹੀਂ ਹੈ। ਨਿਆਂ ਮੰਤਰਾਲਾ ਪੱਖਪਾਤੀ ਹਿੰਸਾ ਦੇ ਸਾਰੇ ਰੂਪਾਂ ਨੂੰ ਹੱਲ ਕਰਨ ਲਈ ਉਪਲਬਧ ਹਰ ਸਰੋਤ ਦੀ ਵਰਤੋਂ ਕਰਨ ਲਈ ਵਚਨਬੱਧ ਹੈ।"

ਸਫਾ 1 ਦਾ ਬਾਕੀ

## ਮੈਕਸੀਕੋ ਤੋਂ ਅਮਰੀਕਾ ਦਾਖਲ ਹੋਣ ਵਾਲਿਆਂ 'ਤੇ ਹੋਈ...

ਖਾਸ ਤੌਰ 'ਤੇ ਸੀ.ਬੀ.ਪੀ. ਵਨ ਨਾਮਕ ਐਪ ਨਾਲ, ਜਿਸ ਲਈ ਇੱਕ ਸਥਿਰ ਇੰਟਰਨੈੱਟ ਕਨੈਕਸ਼ਨ ਦੀ ਲੋੜ ਹੁੰਦੀ ਹੈ, ਜੋ ਸਰਹੱਦ 'ਤੇ ਜ਼ਿਆਦਾਤਰ ਲੋਕਾਂ ਕੋਲ ਨਹੀਂ ਹੈ। ਸ਼ਾਮ ਤੱਕ ਲੋਕਾਂ ਦੀ ਗਿਣਤੀ ਘੱਟਦੀ ਗਈ ਅਤੇ ਆਵਾਜਾਈ ਦਾ ਪ੍ਰਵਾਹ ਆਮ ਵਾਂਗ ਹੋ ਗਿਆ।

ਜ਼ਿਕਰਯੋਗ ਹੈ ਕਿ ਵੱਡੀ ਗਿਣਤੀ ਵਿਚ ਭਾਰਤੀ ਖ਼ਾਸ ਕਰ ਕੇ ਪੰਜਾਬੀ ਨੌਜਵਾਨ ਵੀ ਮੈਕਸੀਕੋ ਸਰਹੱਦ ਰਾਹੀਂ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ ਕਰਦੇ ਰਹੇ ਹਨ। ਉਨ੍ਹਾਂ ਨਾਲ ਵੀ ਅਜਿਹਾ ਵਿਵਹਾਰ ਕੀਤੇ ਜਾਣ ਦੀਆਂ ਖ਼ਬਰਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਗੈਰ ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਹੋਣ ਦੀ ਕੋਸ਼ਿਸ਼ ਵਿਚ ਕਈ ਵਾਰ ਨੌਜਵਾਨ ਹਾਦਸੇ ਦੇ ਸ਼ਿਕਾਰ ਵੀ ਹੋ ਜਾਂਦੇ ਹਨ।

ਸਫਾ 1 ਦਾ ਬਾਕੀ

## ਤੇਜ਼ ਝੱਖੜ ਅਤੇ ਭਾਰੀ ਬਾਰਿਸ਼ ਨੇ ਕੈਲੀਫੋਰਨੀਆ ਦਾ...

ਵਧੇ ਪਾਣੀ ਦੇ ਪੱਧਰ ਕਾਰਨ ਹੇਠਲੇ ਇਲਾਕੇ ਵਿਚ ਰਹਿੰਦੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਦਾ ਆਦੇਸ਼ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਵੀ ਹਾਲਾਤ ਦੇ ਮੱਦੇਨਜ਼ਰ ਕੈਲੀਫੋਰਨੀਆ ਨੂੰ ਮਦਦ ਦੇਣ ਦਾ ਐਲਾਨ ਕੀਤਾ ਹੈ।

ਜ਼ਿਕਰਯੋਗ ਹੈ ਕਿ ਕੈਲੀਫੋਰਨੀਆ ਵਿਚ ਪਿਛਲੇ ਲਗਭਗ 4 ਸਾਲਾਂ ਤੋਂ ਸੋਕਾ ਪਿਆ ਹੋਇਆ ਸੀ। ਪਰ ਇਸ ਵਾਰ ਦੀ ਬਾਰਿਸ਼ ਨੇ ਪਾਣੀ ਦਾ ਪੱਧਰ ਫਿਰ ਉੱਚਾ ਕਰ ਦਿੱਤਾ ਹੈ।

ਭਾਰੀ ਬਾਰਿਸ਼ਾਂ ਕਾਰਨ ਵਪਾਰ ਅਤੇ ਟਰੱਕਿੰਗ 'ਤੇ ਬੁਰਾ ਅਸਰ ਪਿਆ ਹੈ। ਇਸ ਵਾਰ ਬਰਫ ਜ਼ਿਆਦਾ ਪੈਣ ਕਾਰਨ ਟਰੱਕਿੰਗ ਬਿਜ਼ਨਸ ਲਗਭਗ ਠੱਪ ਹੋ ਕੇ ਰਹਿ ਗਿਆ ਹੈ। ਸਟੋਰਾਂ ਵਾਲਿਆਂ ਦੀ ਸੇਲ ਵਿਚ ਕਮੀ ਦੇਖਣ ਨੂੰ ਮਿਲ ਰਹੀ ਹੈ।

ਸਫਾ 1 ਦਾ ਬਾਕੀ

## ਗੋਲਡੀ ਬਰਾੜ ਤੇ ਸਚਿਨ ਨੇ ਕਰਵਾਇਆ ਸਿੱਧੂ ਮੂਸੇਵਾਲਾ...

ਕਰਨ ਵਾਲਿਆਂ ਨੂੰ ਮੂਸੇਵਾਲਾ ਨੇ ਸਹਾਇਤਾ ਦਿੱਤੀ ਸੀ। ਉਸ ਦੇ ਮੈਨੇਜਰ ਦੀ ਭੂਮਿਕਾ ਵੀ ਸਾਫ਼ ਤੌਰ 'ਤੇ ਸਾਹਮਣੇ ਆ ਗਈ ਸੀ, ਬਸ ਇਸ ਗੱਲ ਦਾ ਗੁੱਸਾ ਸੀ। ਸਾਡੇ ਵਿਰੋਧੀਆਂ ਨੇ ਹੀ ਗੋਲਡੀ ਬਰਾੜ ਦੇ ਭਰਾ ਗੁਰਲਾਲ ਬਰਾੜ ਦਾ ਕਤਲ ਕਰਵਾਇਆ। ਇਨ੍ਹਾਂ ਕਤਲਾਂ ਤੋਂ ਬਾਅਦ ਸਾਨੂੰ ਭਰੋਸਾ ਹੋ ਗਿਆ ਸੀ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਸਿੱਧੂ ਮੂਸੇਵਾਲਾ ਸਾਡੇ ਵਿਰੋਧੀ ਗੈਂਗ ਵਾਲਿਆਂ ਨੂੰ ਤਾਕਤਵਰ ਕਰਨ 'ਚ ਲੱਗਾ ਹੋਇਆ ਹੈ। ਮੈਂ ਟ੍ਰਾਈ ਕੀਤਾ ਸੀ ਪਰ ਕੰਮ ਹੋ ਨਹੀਂ ਸਕਿਆ, ਜਿਸ ਤੋਂ ਬਾਅਦ ਮੈਂ ਸਚਿਨ ਬਿਸ਼ਨੋਈ ਅਤੇ ਗੋਲਡੀ ਬਰਾੜ ਨੂੰ ਇਹ ਕੰਮ ਨਿਪਟਾਉਣ ਲਈ ਕਿਹਾ। ਉਨ੍ਹਾਂ ਨੇ ਹੀ ਸਾਰੀ ਪਲਾਨਿੰਗ ਬਣਾਈ ਅਤੇ ਮਈ 'ਚ ਕੰਮ ਨੂੰ ਅੰਜਾਮ ਦੇ ਦਿੱਤਾ ਗਿਆ।

ਬਿਸ਼ਨੋਈ ਨੇ ਇਹ ਵੀ ਕਿਹਾ ਕਿ ਪੰਜਾਬ ਪੁਲਿਸ ਪੱਖਪਾਤ ਕਰਦੇ ਹੋਏ ਕਾਰਵਾਈ ਕਰਦੀ ਹੈ ਕਿਉਂਕਿ ਵਿੱਕੀ ਮਿੱਡੂਖੇੜਾ ਦੇ ਕਤਲ ਮਾਮਲੇ 'ਚ ਇਕ ਵਾਰ ਵੀ ਮੂਸੇਵਾਲਾ ਤੋਂ ਪੁੱਛਗਿਛ ਨਹੀਂ ਕੀਤੀ ਗਈ ਅਤੇ ਨਾ ਹੀ ਉਸ ਦੇ ਮੈਨੇਜਰ ਨੂੰ ਬੁਲਾਇਆ ਗਿਆ ਕਿਉਂਕਿ ਸਿੱਧੂ ਮੂਸੇਵਾਲਾ ਦੀ ਕਈ ਕਾਂਗਰਸ ਨੇਤਾਵਾਂ ਨਾਲ ਬਣਦੀ ਸੀ ਅਤੇ ਉਸ ਸਮੇਂ ਕਾਂਗਰਸ ਦੀ ਹੀ ਪੰਜਾਬ 'ਚ ਸਰਕਾਰ ਸੀ। ਲਾਰੈਂਸ ਬਿਸ਼ਨੋਈ ਨੇ ਕਿਹਾ ਕਿ ਹੁਣ ਵੀ ਮੂਸੇਵਾਲਾ ਦਾ ਕਤਲ ਹੋਣ ਤੋਂ ਬਾਅਦ ਬੇਵਜ੍ਹਾ 50 ਲੋਕਾਂ ਨੂੰ ਉਸ ਦੇ ਕੇਸ ਕਾਰਨ ਅੰਦਰ ਕੀਤਾ ਹੋਇਆ ਹੈ, ਜਦਕਿ ਕਈਆਂ ਨੇ ਤਾਂ ਸਿਰਫ ਚਾਹ-ਪਾਣੀ ਹੀ ਪਿਲਾਇਆ ਸੀ ਕੰਮ ਕਰਨ ਵਾਲਿਆਂ ਨੂੰ। ਇਸੇ ਤਰ੍ਹਾਂ ਬਿਸ਼ਨੋਈ ਨੇ ਬਾਲੀਵੁੱਡ ਐਕਟਰ ਸਲਮਾਨ ਖਾਨ ਨੂੰ ਇਕ ਵਾਰ ਫਿਰ ਧਮਕੀ ਦੇਣ ਦੇ ਲਹਿਜੇ 'ਚ ਕਿਹਾ ਕਿ ਜਾਂ ਤਾਂ ਸਲਮਾਨ ਖਾਨ ਨੂੰ ਮੁਆਫ਼ੀ ਮੰਗਣੀ ਪਵੇਗੀ ਜਾਂ ਫਿਰ ਉਸ ਨੂੰ ਅਸੀਂ ਆਪਣੇ ਤਰੀਕੇ ਨਾਲ ਸਮਝਾਵਾਂਗੇ।

ਉਧਰ, ਇਸ ਇੰਟਰਵਿਊ ਦੇ ਚੱਲਣ ਤੋਂ ਬਾਅਦ ਬਠਿੰਡਾ ਜੇਲ੍ਹ ਦੇ ਸੁਪਰਡੈਂਟ ਐੱਨ.ਡੀ. ਨੇਗੀ ਨੇ ਸਪੱਸ਼ਟੀਕਰਨ ਦਿੰਦੇ ਹੋਏ ਕਿਹਾ ਹੈ ਕਿ ਬਿਸ਼ਨੋਈ ਬਠਿੰਡਾ ਜੇਲ੍ਹ ਵਿਚ ਬੰਦ ਹੈ ਅਤੇ ਇਹ ਇੰਟਰਵਿਊ ਬਠਿੰਡਾ ਜੇਲ੍ਹ ਦੇ ਅੰਦਰ ਨਹੀਂ ਹੋਈ ਹੈ। ਨੇਗੀ ਦਾ ਕਹਿਣਾ ਹੈ ਕਿ ਬਠਿੰਡਾ ਜੇਲ ਪੂਰੀ ਤਰ੍ਹਾਂ ਜੈਮਰ ਨਾਲ ਲੈਸ ਹੈ ਅਤੇ ਮੋਬਾਇਲ ਇਸਤੇਮਾਲ ਹੋਣ ਦੀ ਸੰਭਾਵਨਾ ਹੀ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਬਿਸ਼ਨੋਈ ਅਕਸਰ ਹੀ ਦੂਜੇ ਸੂਬਿਆਂ ਵਿਚ ਪੇਸ਼ੀਆਂ 'ਤੇ ਜਾਂਦਾ ਰਹਿੰਦਾ ਹੈ, ਸੰਭਾਵਨਾ ਹੈ ਕਿ ਉੱਥੇ ਇਹ ਰਿਕਾਰਡ ਹੋਈ ਹੋਵੇਗੀ।

ਸਫਾ 1 ਦਾ ਬਾਕੀ

## ਅਮਰੀਕਾ ਦੇ ਵੱਡੇ ਬੈਂਕਾਂ 'ਚ ਸ਼ਾਮਲ ਸਿਲੀਕਾਨ ਵੈਲੀ ਬੈਂਕ...

ਵੈਲੀ ਬੈਂਕ ਦੇ ਗਾਹਕਾਂ ਦੀ ਜਮ੍ਹਾਂ ਪੂੰਜੀ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਫੈਡਰਲ ਡਿਪਾਜ਼ਿਟ ਇੰਸ਼ੋਰੈਂਸ ਕਾਰਪੋਰੇਸ਼ਨ ਨੂੰ ਸੌਂਪੀ ਗਈ ਹੈ ਅਤੇ ਗਾਹਕਾਂ ਨੂੰ ਪਹੁੰਚ ਕਰਨ ਲਈ ਕਿਹਾ ਗਿਆ ਹੈ। ਸਿਲੀਕਾਨ ਵੈਲੀ ਬੈਂਕ ਅਮਰੀਕਾ ਦਾ 16ਵਾਂ ਸਭ ਤੋਂ ਵੱਡਾ ਬੈਂਕ ਹੈ, ਜਿਸ ਕੋਲ 210 ਅਰਬ ਡਾਲਰ ਤੋਂ ਵੱਧ ਦੀ ਸੰਪਤੀ ਹੈ। ਅਮਰੀਕੀ ਫੈਡਰਲ ਰਿਜ਼ਰਵ ਵੱਲੋਂ ਨੀਤੀਗਤ ਵਿਆਜ ਦਰਾਂ 'ਚ ਲਗਾਤਾਰ ਕੀਤੇ ਜਾ ਰਹੇ ਵਾਧੇ ਕਾਰਨ ਬੈਂਕ ਦੇ ਹਾਲਾਤ ਵਿਗੜਦੇ ਗਏ। ਜਿਨ੍ਹਾਂ ਟੈੱਕ ਕੰਪਨੀਆਂ ਨੂੰ ਬੈਂਕ ਨੇ ਕਰਜ਼ ਦਿੱਤਾ ਸੀ, ਉਨ੍ਹਾਂ ਕਰਜ਼ ਮੋੜਿਆ ਨਹੀਂ, ਜਿਸ ਦਾ ਅਸਰ ਬੈਂਕ ਦੀ ਮਾਲੀ ਹਾਲਤ 'ਤੇ ਪਿਆ। ਪਿੰਟਰੈਸਟ ਅਤੇ ਕੁਆਇਨਬੇਸ ਦੇ ਬੋਰਡ ਮੈਂਬਰ ਗੋਕੁਲ ਰਾਜਾਰਾਮ ਨੇ ਟਵੀਟ ਕੀਤਾ ਕਿ ਭਾਰਤ ਆਧਾਰਿਤ ਸੰਸਥਾਪਕਾਂ ਨੂੰ ਨਹੀਂ ਪਤਾ ਕਿ ਸਿਲੀਕਾਨ ਵੈਲੀ ਬੈਂਕ ਦੇ ਬਦਲ ਵਜੋਂ ਕਿਸ ਕੋਲ ਜਾਣਾ ਹੈ। ਟਵਿੱਟਰ ਦੇ ਮਾਲਕ ਐਲਨ ਮਸਕ ਨੇ ਕਿਹਾ ਕਿ ਉਹ ਡੁੱਬੇ ਹੋਏ ਸਿਲੀਕਾਨ ਵੈਲੀ ਬੈਂਕ ਨੂੰ ਖ਼ਰੀਦਣ ਲਈ ਤਿਆਰ ਹਨ। ਰੇਜ਼ਰ ਕੰਪਨੀ ਦੇ ਸਹਿ-ਬਾਨੀ ਅਤੇ ਸੀ.ਈ.ਓ. ਮਿਨ ਲਿਆਂਗ ਟੈਨ ਨੇ ਟਵੀਟ ਕੀਤਾ, "ਮੇਰੇ ਵਿਚਾਰ ਨਾਲ ਟਵਿੱਟਰ ਨੂੰ ਸਿਲੀਕਾਨ ਵੈਲੀ ਬੈਂਕ ਖ਼ਰੀਦ ਕੇ ਉਸ ਨੂੰ ਡਿਜ਼ੀਟਲ ਬੈਂਕ ਬਣਾਉਣਾ ਚਾਹੀਦਾ ਹੈ।" ਇਸ 'ਤੇ ਮਸਕ ਨੇ ਜਵਾਬ ਦਿੱਤਾ, "ਮੈਂ ਇਸ 'ਤੇ ਵਿਚਾਰ ਕਰਾਂਗਾ।"


Global Allianz

LAW FIRM LLP


- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

ਕਾਨੂੰਨੀ ਸਲਾਹਾਂ



Atul Kapoor
C.E.O

Asylum & Deportation Defense



Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188



KAMBOJ AYURVEDIC & HERBS


ਆਯੂਰਵੈਦਿਕ ਜੜ੍ਹੀ-ਬੂਟੀਆਂ



- ਵਾਈ-ਬਾਦੀ ਦੇ ਰੋਗ ਜਿਵੇਂ ਲਕਵਾ, ਅਧਰੰਗ, ਜੋੜਾਂ ਦਾ ਦਰਦ, ਗਠੀਆ
- ਗੁਪਤ ਰੋਗ ਜਿਵੇਂ ਧਾਂਤ ਪੈਣਾ, ਨਾਮਰਦੀ, ਸੁਪਨਦੋਸ਼, ਲਿਕਿਓਰੀਆ, ਮਾਂਹਵਾਰੀ ਦੀਆਂ ਖਰਾਬੀਆਂ
- ਖੂਨ ਦੀ ਕਮੀ, ਲਿਵਰ ਦੀ ਕੋਈ ਵੀ ਖਰਾਬੀ, ਲਿਵਰ ਵਧਣਾ ਜਾਂ ਸੁੰਗੜਨਾ, ਤੇਜ਼ਾਬ ਬਣਨਾ, ਖਾਣਾ ਨਾ ਪਚਣਾ, ਭੁੱਖ ਨਾ ਲੱਗਣਾ, ਸੰਗਰਹਿਣੀ ਆਦਿ ਦੇ ਪੁਰਾਣੇ ਰੋਗ
- ਦਿਮਾਗੀ ਖਰਾਬੀ, ਦੌਰੇ ਪੈਣਾ, ਮਿਰਗੀ, ਯਾਦਾਸ਼ਤ ਕਮਜ਼ੋਰ, ਹੱਥਾਂ-ਪੈਰਾਂ 'ਚੋਂ ਸੇਕ ਨਿਕਲਣਾ ਆਦਿ
- ਛਾਤੀ ਦੇ ਰੋਗ ਜਿਵੇਂ ਨਿਮੋਨੀਆ, ਕਾਲੀ ਖੰਗ, ਦਮਾ ਆਦਿ
- ਚਮੜੀ ਦੇ ਰੋਗ, ਖਾਜ, ਮੁਹਾਂਸੇ, ਛਾਈਆਂ ਆਦਿ

Open 10AM–6PM

ਕੈਂਸਰ ਦਾ ਇਲਾਜ



Kharati Kamboj
Ayurvedic Prescription

524 S. Clovis Ave, Fresno, CA 93727
559-341-9252

# ਪੰਜਾਬ ਵਿਚ ਟ੍ਰੈਫਿਕ ਨਿਯਮਾਂ ਦੀ ਅਨਦੇਖੀ

ਜੇਕਰ ਪੰਜਾਬ ਵਿਚ ਟ੍ਰੈਫਿਕ ਨਿਯਮਾਂ ਦੀ ਗੱਲ ਕਰੀਏ, ਤਾਂ ਚੰਡੀਗੜ੍ਹ ਦੇ ਮੁਕਾਬਲੇ ਪੰਜਾਬ ਵਿਚ ਟ੍ਰੈਫਿਕ ਨਿਯਮਾਂ ਦੀ ਕਾਫੀ ਹੱਦ ਤੱਕ ਅਨਦੇਖੀ ਹੁੰਦੀ ਆ ਰਹੀ ਹੈ। ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਵੀ ਚੰਡੀਗੜ੍ਹ ਦੀ ਤਰਜ਼ 'ਤੇ ਟ੍ਰੈਫਿਕ ਨਿਯਮਾਂ ਸਬੰਧੀ ਕਦੇ ਕੋਈ ਸਖ਼ਤਾਈ ਨਹੀਂ ਦਿਖਾਈ ਜਾਂਦੀ, ਜਿਸਦੀ ਵਜ੍ਹਾ ਕਰਕੇ ਹਰ ਰੋਜ਼ ਸੜਕ ਹਾਦਸਿਆਂ ਵਿਚ ਪ੍ਰਤੀ ਦਿਨ ਵਾਧਾ ਹੋ ਰਿਹਾ ਹੈ, ਜਿਸ ਵਿਚ ਕਾਫ਼ੀ ਲੋਕਾਂ ਦੀਆਂ ਜਾਨਾਂ ਤੱਕ ਚਲੀਆਂ ਜਾਂਦੀਆਂ ਹਨ। ਇਸ ਤਰ੍ਹਾਂ ਦੀਆਂ ਖਬਰਾਂ ਪੜ੍ਹ ਕੇ ਜਾਂ ਵੇਖ ਕੇ ਲੋਕਾਂ ਅਤੇ ਸਰਕਾਰਾ ਨੂੰ ਥੋੜ੍ਹਾ ਸਮਾਂ ਕੱਢ ਕੇ ਉਨ੍ਹਾਂ ਦੇ ਪਿੱਛੇ ਕੀ ਕਾਰਨ ਹੈ ਜਾਂ ਹੋ ਸਕਦੇ ਹਨ, 'ਤੇ ਵਿਚਾਰ ਕਰਕੇ ਸੁਧਾਰ ਜ਼ਰੂਰ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜਿਵੇਂ-ਜਿਵੇਂ ਵਾਹਨਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ, ਉਵੇਂ-ਉਵੇਂ ਸੜਕਾਂ 'ਤੇ ਵਾਹਨਾਂ ਦੀ ਭੀੜ ਵੀ ਓਨੀ ਹੀ ਤੇਜ਼ੀ ਨਾਲ ਵਧ ਰਹੀ ਹੈ। ਇਸਨੂੰ ਲੈ ਕੇ ਪ੍ਰਸ਼ਾਸਨ ਵੱਲੋਂ ਕੁੱਝ ਟਰੈਫਿਕ ਨਿਯਮ ਬਣਾਏ ਜਾਂਦੇ ਹਨ, ਤਾਂ ਕਿ ਕੋਈ ਬੁਰੀ ਘਟਨਾ ਨਾ ਵਾਪਰੇ। ਇਨ੍ਹਾਂ ਨਿਯਮਾਂ ਦਾ ਪਾਲਣ ਜੇਕਰ ਠੀਕ ਢੰਗ ਨਾਲ ਕੀਤਾ ਜਾਵੇ, ਤਾਂ ਹਾਦਸੇ ਕੁਝ ਹੱਦ ਤੱਕ ਘੱਟ ਸਕਦੇ ਹਨ। ਇਸ ਨਾਲ ਜਿੱਥੇ ਆਪਣੀ ਜਾਨ ਦੀ ਸੁਰੱਖਿਆ ਹੋਵੇਗੀ, ਉਥੇ ਹੀ ਦੂਸਰਿਆਂ ਦਾ ਵੀ ਕੋਈ ਜਾਨੀ ਜਾਂ ਵਿੱਤੀ ਨੁਕਸਾਨ ਹੋਣ ਤੋਂ ਬਚਾਅ ਹੋ ਸਕਦਾ ਹੈ। ਬੇਸ਼ੱਕ ਟਰੈਫਿਕ ਨਿਯਮਾਂ ਨੂੰ ਲੈ ਕੇ ਪ੍ਰਸ਼ਾਸਨ ਅਤੇ ਟਰੈਫਿਕ ਪੁਲਿਸ ਵੱਲੋਂ ਸਕੂਲਾਂ, ਕਾਲਜਾਂ ਅਤੇ ਜਨਤਕ ਥਾਂਵਾਂ 'ਤੇ ਸੈਮੀਨਾਰ ਅਤੇ ਜਾਗਰੂਕਤਾ ਰੈਲੀਆਂ ਕੀਤੀਆਂ ਜਾਂਦੀਆਂ ਹਨ ਪਰ ਇਹ ਵੀ ਸਿਰਫ ਸੜਕ ਸੁਰੱਖਿਆ ਹਫ਼ਤੇ ਦੌਰਾਨ ਕੀਤੀਆਂ ਜਾਂਦੀਆਂ ਹਨ। ਇਹ ਵੀ ਸਿਰਫ਼ ਦਿਖਾਵਾ ਹੀ ਸਾਬਤ ਹੋ ਰਹੀਆਂ ਹਨ। ਇਸਨੂੰ ਲੈ ਕੇ ਅਖਬਾਰਾਂ ਨੂੰ ਰਿਪੋਰਟ ਭੇਜਣ ਲਈ ਫੋਟੋ ਖਿਚਵਾ ਲਈ ਜਾਂਦੀ ਹੈ, ਰਿਪੋਰਟ ਵੀ ਆ ਜਾਂਦੀ ਹੈ, ਪਰ ਗਰਾਊਂਡ ਪੱਧਰ 'ਤੇ ਕੰਮ ਠੀਕ ਨਹੀਂ ਹੋ ਰਿਹਾ ਅਤੇ ਆਏ ਦਿਨ ਸੜਕ ਹਾਦਸਿਆਂ ਵਿਚ ਵਾਧਾ ਹੋ ਰਿਹਾ ਹੈ। ਇਨ੍ਹਾਂ ਚੀਜ਼ਾਂ ਦੇ ਨਾਲ ਵੀ ਇਨ੍ਹਾਂ ਹਾਦਸਿਆਂ ਵਿਚ ਕੋਈ ਕਮੀ ਨਹੀਂ ਆਈ। ਟਰੈਫਿਕ ਨਿਯਮਾਂ ਨੂੰ ਲੈ ਕੇ ਪ੍ਰਸ਼ਾਸਨ ਅਤੇ ਟਰੈਫਿਕ ਪੁਲਿਸ ਵੱਲੋਂ ਕਾਨੂੰਨ ਨੂੰ ਲਾਗੂ ਕਰਵਾਉਣ ਵਿਚ ਥੋੜ੍ਹਾ ਢਿੱਲਾਪਣ ਵਿਖਾਇਆ ਜਾਂਦਾ ਹੈ, ਉਹਨੂੰ ਸਖ਼ਤੀ ਨਾਲ ਲਾਗੂ ਕਰਵਾਇਆ ਜਾਣਾ ਚਾਹੀਦਾ ਹੈ। ਜੋ ਵੀ ਨਿਯਮਾਂ ਦੀ ਉਲੰਘਣਾ ਕਰਦਾ ਹੈ, ਉਸਦੇ ਖਿਲਾਫ ਬਣਦੀ ਕਾਰਵਾਈ ਕਰਨੀ ਚਾਹੀਦੀ ਹੈ। ਸਿਫਾਰਿਸ਼ ਵਾਲਾ ਸਿਸਟਮ ਖਤਮ ਕਰਨ ਦੀ ਲੋੜ ਹੈ ਕਿਉਂਕਿ ਜਦੋਂ ਵੀ ਕੋਈ ਵਿਅਕਤੀ ਬਿਨਾਂ ਹੈਲਮਟ ਜਾਂ ਹੋਰ ਕਾਗਜ਼, ਪੱਤਰਾਂ ਦੀ ਜਾਂਚ ਲਈ ਪੁਲਿਸ ਅਧਿਕਾਰੀ ਵੱਲੋਂ ਰੋਕਿਆ, ਤਾਂ ਉਹ ਕਿਸੇ ਨਾ ਕਿਸੇ ਤੋਂ ਸਿਫਾਰਸ਼ ਪਵਾ ਕੇ ਨਿਕਲ ਜਾਂਦਾ ਹੈ। ਪੁਲਿਸ ਵਾਲੇ ਇਸ ਨੂੰ ਆਧਾਰ ਬਣਾ ਕੇ ਸੁਰਖ਼ਰੂ ਹੋ ਜਾਂਦੇ ਹਨ। ਇਸ ਦੇ ਉਲਟ ਚੰਡੀਗੜ੍ਹ ਵਿਚ ਟਰੈਫਿਕ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਵਾਇਆ ਜਾਂਦਾ ਹੈ ਅਤੇ ਇਨ੍ਹਾਂ ਨਿਯਮਾਂ ਨੂੰ ਲਾਗੂ ਕਰਵਾਉਣ ਲਈ ਪ੍ਰਸ਼ਾਸਨ ਦੇ ਕਈ ਅਧਿਕਾਰੀ ਸਖ਼ਤੀ ਅਤੇ ਇਮਾਨਦਾਰੀ ਨਾਲ ਕੰਮ ਕਰਦੇ ਹਨ, ਜਿਨ੍ਹਾਂ ਦੀ ਚਰਚਾ ਹੁੰਦੀ ਰਹਿੰਦੀ ਹੈ। ਟ੍ਰੈਫਿਕ ਨਿਯਮਾਂ ਦਾ ਪਾਲਣ ਕਰਵਾਉਣ ਵਿਚ ਬੱਚਿਆਂ ਅਤੇ ਮਾਪਿਆਂ ਨੂੰ ਵੀ ਪ੍ਰਸ਼ਾਸਨ ਦਾ ਸਹਿਯੋਗ ਕਰਨਾ ਚਾਹੀਦਾ ਹੈ। ਟਰੈਫਿਕ ਨਿਯਮ ਬਣਾਉਣ ਦੇ ਪਿੱਛੇ ਸਭ ਦੀ ਸੁਰੱਖਿਆ ਸਭ ਤੋਂ ਵੱਡਾ ਕਾਰਨ ਹੈ। ਜੇਕਰ ਨਿਯਮਾਂ ਦਾ ਪਾਲਣ ਹੋਵੇਗਾ, ਤਾਂ ਉਸ ਵਿਚ ਸਾਰਿਆਂ ਦਾ ਭਲਾ ਹੀ ਹੈ। ਜਦੋਂ ਸੜਕ ਹਾਦਸੇ ਹੁੰਦੇ ਹਨ, ਤਾਂ ਮਸ਼ੀਨਰੀ ਇਹ ਨਹੀਂ ਵੇਖਦੀ ਕਿ ਚਲਾਉਣ ਵਾਲਾ ਬੱਚਾ ਹੈ ਜਾਂ ਬਜ਼ੁਰਗ ਹੈ, ਨੁਕਸਾਨ ਹੁੰਦਾ ਹੈ।




ਕੁਲਦੀਪ ਸਾਹਿਲ
94179-90040
(Punjab Mail USA)

ਸੜਕ ਹਾਦਸਿਆਂ ਦੀ ਗਿਣਤੀ ਵਿਚ ਵਾਧੇ 'ਚ ਜੇਕਰ ਕਮੀ ਲਿਆਉਣੀ ਹੈ, ਤਾਂ ਸੜਕ ਹਾਦਸਿਆਂ ਦੇ ਦੋਸ਼ੀਆਂ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਨੂੰ ਅੰਜਾਮ ਦਿੱਤਾ ਜਾਣਾ ਚਾਹੀਦਾ ਹੈ। ਜੇਕਰ ਸਖ਼ਤੀ ਕੀਤੀ ਜਾਵੇਗੀ, ਤਾਂ ਬਾਕੀ ਲੋਕ ਵੀ ਥੋੜ੍ਹਾ ਚੌਕਸ ਹੁੰਦੇ ਹਨ ਤੇ ਨਿਯਮਾਂ ਦਾ ਪਾਲਣ ਕਰਦੇ ਹਨ। ਸੜਕ ਹਾਦਸਿਆਂ ਵਿਚ ਸਭ ਤੋਂ ਵੱਡੀ ਪਰੇਸ਼ਾਨੀ ਦਾ ਕਾਰਨ ਮੋਬਾਇਲ ਵੀ ਸਾਹਮਣੇ ਆ ਰਿਹਾ ਹੈ। ਜਦੋਂ ਵੀ ਕੋਈ ਨਵਾਂ ਵਾਹਨ ਖਰੀਦਦਾ ਹੈ, ਚਾਹੇ ਉਹ ਕਾਰ ਹੈ, ਬਾਈਕ ਹੈ, ਉਸ ਵਿਚ ਵਾਹਨ ਚਲਾਉਦੇਂ ਸਮੇਂ ਮੋਬਾਇਲ ਦਾ ਪ੍ਰਯੋਗ ਕਰਨ ਨੂੰ ਲੈ ਕੇ ਕਈ ਸੁਵਿਧਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ। ਜਿਵੇਂ ਕਿ ਕਾਰਾਂ ਵਿਚ ਬਲੂਟੂਥ ਅਤੇ ਬਾਈਕ ਵਿਚ ਕਈ ਤਰ੍ਹਾਂ ਦੀਆਂ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਪਰ ਲੋਕ ਇਨ੍ਹਾਂ ਸਹੂਲਤਾਂ ਦਾ ਪ੍ਰਯੋਗ ਨਾ ਕਰਕੇ ਮੋਬਾਇਲ ਦਾ ਪ੍ਰਯੋਗ ਸ਼ਰੇਆਮ ਕਰਦੇ ਹਨ ਤੇ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ।

ਅੰਤ ਵਿਚ ਇਹੀ ਗੱਲ ਕਹੀ ਜਾ ਸਕਦੀ ਹੈ ਕਿ ਇਨ੍ਹਾਂ ਹਾਦਸਿਆਂ ਨੂੰ ਰੋਕਣ ਅਤੇ ਕਾਬੂ ਪਾਉਣ ਲਈ ਸਾਰਿਆਂ ਨੂੰ ਰਲ-ਮਿਲ ਕੇ ਕੰਮ ਕਰਨ ਦੀ ਲੋੜ ਹੈ। ਟ੍ਰੈਫਿਕ ਪੁਲਿਸ, ਪ੍ਰਸ਼ਾਸਨ ਅਤੇ ਸਰਕਾਰ ਨੂੰ ਆਪਣੀ-ਆਪਣੀ ਭੂਮਿਕਾ ਚੰਗੀ ਤਰ੍ਹਾਂ ਨਾਲ ਨਿਭਾਉਣ ਦੀ ਜ਼ਰੂਰਤ ਹੈ। ਜਿੱਥੇ ਜਨਤਾ ਦਾ ਸਹਿਯੋਗ ਜਰੂਰੀ ਹੈ, ਉੱਥੇ ਜਨਤਾ ਸਹਿਯੋਗ ਕਰੇ, ਉਦੋਂ ਜਾ ਕੇ ਇਨ੍ਹਾਂ ਹਾਦਸਿਆਂ 'ਤੇ ਵਿਰਾਮ ਲਾਇਆ ਜਾ ਸਕਦਾ ਹੈ, ਤੇ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ। ਅਗਰ ਪੰਜਾਬ ਵਿਚ ਵਾਹਨਾਂ ਦੇ ਕਾਗਜ਼ ਪੱਤਰ ਦੀ ਸਹੀ ਤਰੀਕੇ ਨਾਲ ਜਾਂਚ ਕੀਤੀ ਜਾਵੇ, ਤਾਂ ਸ਼ਾਇਦ 80% ਤੋਂ ਜ਼ਿਆਦਾ ਅਧੂਰੇ ਪਾਏ ਜਾ ਸਕਦੇ ਹਨ, ਜਦੋਂਕਿ ਚੰਡੀਗੜ੍ਹ ਵਿਚ ਇਹ ਅੰਕੜੇ 10% ਤੋਂ ਵੀ ਘੱਟ ਹੋ ਸਕਦੇ ਹਨ। ਲਾਲ ਬੱਤੀ ਦੀ ਵੀ ਚੰਡੀਗੜ੍ਹ ਦੇ ਮੁਕਾਬਲੇ ਪੰਜਾਬ ਵਿਚ ਵਧੇਰੇ ਅਣਦੇਖੀ ਹੋ ਰਹੀ ਹੈ ਅਤੇ ਪੰਜਾਬ ਦੀਆਂ ਸ਼ਹਿਰੀ, ਸੜਕਾਂ 'ਤੇ ਰੇਹੜੀਆ ਅਤੇ ਹੋਰ ਵਾਹਨ ਆਮ ਖੜ੍ਹੇ ਰਹਿੰਦੇ ਹਨ, ਜੋ ਕਿ ਸੜਕ ਹਾਦਸਿਆਂ ਦਾ ਕਾਰਨ ਬਣਦੇ ਹਨ। ਸਰਕਾਰਾਂ ਅਤੇ ਪ੍ਰਸ਼ਾਸਨ ਇਸ ਜ਼ਿੰਮੇਵਾਰੀ ਤੋਂ ਭੱਜਦੇ ਨਜ਼ਰ ਆਉਂਦੇ ਹਨ। ਇਹੀ ਕਾਰਨ ਹਨ ਕਿ ਪੰਜਾਬ ਵਿਚ ਸੜਕ ਹਾਦਸਿਆਂ ਵਿਚ ਦਿਨ ਪ੍ਰਤੀ ਦਿਨ ਵਾਧਾ ਹੋ ਰਿਹਾ ਹੈ। ਸਰਕਾਰ, ਪ੍ਰਸ਼ਾਸਨ ਅਤੇ ਲੋਕਾਂ ਨੂੰ ਮਿਲਕੇ ਟ੍ਰੈਫਿਕ ਨਿਯਮਾਂ ਸਬੰਧੀ ਜਾਗਰੂਕ ਹੋਣ ਅਤੇ ਜਾਗਰੂਕ ਕਰਨ ਦੀ ਲੋੜ ਹੈ, ਤਾਂ ਕਿ ਸੜਕ ਹਾਦਸਿਆਂ ਵਿਚ ਹੋਣ ਵਾਲੀਆਂ ਮੌਤਾਂ ਦੀ ਦਰ ਨੂੰ ਘਟਾਇਆ ਜਾ ਸਕੇ।



## ‘ਜੋ ਦਿਖਾ, ਸੋ ਲਿਖਾ’

# ਪਹਿਲੀ ਵਾਰ ਪੰਜਾਬ ਦੀ ਅਸੈਂਬਲੀ ’ਚੋਂ ਗਾਇਬ ਰਹੇ ਅਹਿਮ ਮੁੱਦੇ

## ਸਾਰਥਿਕ ਬਹਿਸ ਦੀ ਥਾਂ ਮੱਛੀ ਮੰਡੀ ਦਾ ਦਿਸਿਆ ਨਜ਼ਾਰਾ





**ਦਰਸ਼ਨ ਸਿੰਘ ਸ਼ੰਕਰ**
ਜ਼ਿਲ੍ਹਾ ਲੋਕ ਸੰਪਰਕ
ਅਫਸਰ (ਰਿਟਾ.)
ਫੋਨ: 99158-36543
(Punjab Mail USA)

ਭੂਮਿਕਾ: ਦੇਸ਼ ਵਿਚ ਰਾਜਨੀਤੀ ਦਾ ਵਰਤਾਰਾ ਤਾਨਾਸ਼ਾਹੀ ਅਤੇ ਹੰਕਾਰੀ ਹੁੰਦਾ ਜਾ ਰਿਹੈ। ਜੋ ਵੀ ਪਾਰਟੀ ਕੇਂਦਰ ਜਾਂ ਸੂਬੇ ਦੀ ਸੱਤਾ ’ਤੇ ਕਾਬਜ਼ ਹੁੰਦੀ ਹੈ, ਉਸ ਦੇ ਨੇਤਾਵਾਂ ਦਾ ਵਤੀਰਾ ਆਪਣੇ ਵਿਰੋਧੀਆਂ ਪ੍ਰਤੀ ਬਦਲਾਖੋਰੀ ਵਾਲਾ ਹਮਲਾਵਰ ਰਹਿੰਦੈ ਅਤੇ ਵਿਰੋਧੀ ਹੀ ਉਨ੍ਹਾਂ ਨੂੰ ਸਾਰੀਆਂ ਸਮੱਸਿਆਵਾਂ ਲਈ ਜ਼ਿੰਮੇਵਾਰ ਦਿੱਸਦੇ ਨੇ। ਇਸ ਦੀ ਝਲਕ ਪਾਰਲੀਮੈਂਟ ਅਤੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੇ ਇਜਲਾਸਾਂ ਵਿਚ ਬਹਿਸ ਤੋਂ ਸਪੱਸ਼ਟ ਝਲਕਦੀ ਹੈ। ਜੋ ਲੀਡਰ ਚੋਣਾਂ ਦੌਰਾਨ ਜਨਤਾ ਦੇ ਸਹੀ ਹਿਤੈਸ਼ੀ ਹੋਣ ਦਾ ਵਿਖਾਵਾ ਕਰਦੇ ਨੇ, ਉਨ੍ਹਾਂ ਦੇ ਅਸਲੀ ਚਿਹਰੇ ਅਸੈਂਬਲੀ ਦੀਆਂ ਬਹਿਸਾਂ ਦੌਰਾਨ ਸਾਹਮਣੇ ਆਉਂਦੇ ਨੇ, ਜਦੋਂ ਉਹ ਵਿਰੋਧੀਆਂ ਦਾ ਸਹਿਯੋਗ ਲੈਣ ਦੀ ਬਜਾਏ ਉਨ੍ਹਾਂ ਦੇ ਅਕਸ ਵਿਗਾੜਨ ਲਈ ਅਨੈਤਿਕ ਕਿਸਮ ਦੇ ਦੋਸ਼ ਲਗਾਉਣ ਤੋਂ ਵੀ ਨਹੀਂ ਝਿਜਕਦੇ। ਉਂਝ ਲੋਕਤੰਤਰ ਵਿਚ ਸੱਤਾ ਧਿਰ ਦੇ ਨਾਲ ਵਿਰੋਧੀ ਧਿਰ ਦੀ ਬਹੁਤ ਅਹਿਮੀਅਤ ਹੁੰਦੀ ਹੈ। ਵਿਰੋਧੀ ਧਿਰ ਨੇ ਸਰਕਾਰ ਦੀਆਂ ਨਾਕਾਮੀਆਂ ਅਤੇ ਜਨਤਾ ਦੀਆਂ ਤਕਲੀਫਾਂ ਦੇ ਮਾਮਲੇ ਉਠਾਉਣੇ ਹੁੰਦੇ ਨੇ। ਸਰਕਾਰੀ ਧਿਰ ਨੂੰ ਚਾਹੀਦਾ ਤਾਂ ਇਹ ਹੈ ਕਿ ਇਨ੍ਹਾਂ ਨੂੰ ਪੂਰੇ ਠਰ੍ਹੰਮੇ ਨਾਲ ਸੁਣ ਕੇ ਹੱਲ ਕੱਢਣ ਦਾ ਯਤਨ ਕਰੇ, ਪ੍ਰੰਤੂ ਹੁੰਦਾ ਇਸ ਦੇ ਉਲਟ। ਮੁੱਦੇ ਆਪਸੀ ਦੋਸ਼ਾਂ, ਪ੍ਰਤੀਦੋਸ਼ਾਂ ਵਿਚ ਗੁਆਚ ਕੇ ਰਹਿ ਜਾਂਦੇ ਨੇ। ਤਾਕਤ ਦੇ ਨਸ਼ੇ ਵਿਚ ਸੱਤਾਧਾਰੀਆਂ ਨੂੰ ਸਭ ਅੱਛਾ ਦਿੱਸਦੈ, ਕਿਉਂਕਿ ਉਨ੍ਹਾਂ ਦੇ ਸੰਪਰਕ ਵਿਚ ਆਉਣ ਵਾਲੇ ਬਹੁਤੇ ਖੁਸ਼ਾਮਦੀ ਲੋਕ ਹੀ ਹੁੰਦੇ ਨੇ। ਲੰਘੀ ਸਰਕਾਰ ਤੇ ਹਰ ਕਿਸਮ ਦੇ ਦੋਸ਼ ਲਗਾ ਕੇ ਉਸ ਨੂੰ ਸਭ ਤਰੁੱਟੀਆਂ ਲਈ ਜ਼ਿੰਮੇਵਾਰ ਗਰਦਾਨਿਆ ਜਾਂਦੈ ਅਤੇ ਆਪਣੀ ਸਰਕਾਰ ਨੂੰ ਸਭ ਤੋਂ ਲੋਕ ਪੱਖੀ ਦਿਖਾਉਣ ਲਈ ਸਰਕਾਰੀ ਖਜ਼ਾਨੇ ਦੀ ਦੁਰਵਰਤੋਂ ਕਰਕੇ ਪ੍ਰਚਾਰ ਕੀਤਾ ਜਾਂਦੈ। ਰਾਜਸੀ ਪਾਰਟੀਆਂ ਸੱਤਾ ਵਿਚ ਆਉਣ ’ਤੇ ਗਿਰਗਟ ਵਾਂਗ ਰੰਗ ਬਦਲਦੀਆਂ ਨੇ, ਜਿਸ ਨਾਲ ਜਨਤਾ ਦੇ ਪੱਲੇ ਸਿਰਫ ਨਿਮੋਸ਼ੀ ਹੀ ਪੈਂਦੀ ਹੈ। ਪੰਜਾਬ ਦਾ ਬਜਟ ਇਜਲਾਸ 3 ਮਾਰਚ ਤੋਂ 24 ਤੱਕ ਨਿਸ਼ਚਿਤ ਕਰਨ ਤੋਂ ਇਸ ਦੇ ਲੰਮਾਂ ਹੋਣ ਦਾ ਪ੍ਰਭਾਵ ਦਿੱਤਾ ਗਿਆ। ਪਰ ਇਸ ਦਾ ਅਸਲ ਸਮਾਂ ਸਿਰਫ 8 ਦਿਨਾਂ ਤੱਕ ਹੀ ਸੀਮਤ ਹੈ। ਇਸ ਲੇਖ ਵਿਚ ਰਾਜਸੀ ਪਾਰਟੀਆਂ ਦੇ ਅਜਿਹੇ ਵਰਤਾਰੇ ’ਤੇ ਝਾਤ ਮਾਰਨ ਦਾ ਯਤਨ ਕਰਦੇ ਹਾਂ।

### ਰਾਜਪਾਲ ਦਾ ਭਾਸ਼ਣ

ਇਜਲਾਸ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਰਾਜਪਾਲ ਤੋਂ ਇਜਲਾਸ ਦੀ ਪ੍ਰਵਾਨਗੀ ਤੇ ਮੁੱਖ ਮੰਤਰੀ ਅਤੇ ਰਾਜਪਾਲ ਵਿਚਕਾਰ ਖੂਬ ਤਲਖ-ਕਲਾਮੀ ਦੇਖਣ ਨੂੰ ਮਿਲੀ। ਪ੍ਰਵਾਨਗੀ ਦਾ ਮਾਮਲਾ ਮਾਨਯੋਗ ਸੁਪਰੀਮ ਕੋਰਟ ਦੇ ਦਖਲ ਨਾਲ ਹੀ ਹੱਲ ਹੋ ਸਕਿਆ। ਰਾਜਪਾਲ ਪ੍ਰਤੀ ਜਵਾਬਦੇਹੀ ਨਾ ਹੋਣ ਬਾਰੇ ਮੁੱਖ ਮੰਤਰੀ ਵਲੋਂ ਟਵੀਟ ਕੀਤੇ ਗਏ, ਆਖਿਰ ਉਸੇ ਰਾਜਪਾਲ ਤੋਂ ‘ਮੇਰੀ ਸਰਕਾਰ’ ਕਹਾ ਕੇ ਇਜਲਾਸ ਦੀ ਸ਼ੁਰੂਆਤ ਕਰਾਉਣੀ ਪਈ। ਰਾਜਪਾਲ ਦੇ ਭਾਸ਼ਣ ਵਿਚ ਸਰਕਾਰ ਦੀਆਂ ਪ੍ਰਾਪਤੀਆਂ ਦੇ ਕਸੀਦੇ ਹੀ ਕੱਢੇ ਹੁੰਦੇ ਨੇ, ਅਜਿਹਾ ਹੀ ਇਸ ਵਾਰ ਵੀ ਦਿਸਿਆ। ਸੰਬੋਧਨ ’ਤੇ ਹੋਈ ਬਹਿਸ ਦੌਰਾਨ ਉਠੇ ਵਬਾਲ ਨਾਲ ਮੱਛੀ ਮੰਡੀ ਦਾ ਦ੍ਰਿਸ਼ ਸਾਹਮਣੇ ਆਇਆ। ਸੱਤਾਧਾਰੀ ਧਿਰ ਵੱਡੇ ਬਹੁਮੱਤ ਦੇ ਨਸ਼ੇ ’ਚ ਮਰਿਯਾਦਾ ਦੀਆਂ ਧੱਜੀਆਂ ਉਡਾਉਂਦੀ ਨਜ਼ਰ ਆਈ। ਵਿਰੋਧੀ ਮੈਂਬਰਾਂ ਵਲੋਂ ਹੋ ਰਹੀ ਆਮ ਜਿਹੀ ਨੁਕਤਾਚੀਨੀ ’ਤੇ ਵੀ ਸੱਤਾਧਾਰੀ ਮੈਂਬਰਾਂ ਦਾ ਹਜੂਮ ਵਿਵਾਦ ਕਰਕੇ ਵਿਰੋਧ ਦੀ ਆਵਾਜ਼ ਨੂੰ ਕੁੱਚਲਦਾ ਦਿਸਿਆ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਬਹੁਤ ਠਰ੍ਹੰਮੇ ਨਾਲ ਅਹਿਮ ਮੁੱਦਿਆਂ ’ਤੇ ਸਹਿਯੋਗ ਦੇਣ ਦੀ ਪੇਸ਼ਕਸ਼ ਵੀ ਸੱਤਾਧਾਰੀਆਂ ਨੂੰ ਹਜ਼ਮ ਨਾ ਹੋਈ। ਬਾਜਵਾ ਨੇ ਕਿਹਾ ਕਿ ਦਿੱਲੀ ਦੇ ਉੱਪ ਮੁੱਖ ਮੰਤਰੀ ਦੀ ਗ੍ਰਿਫ਼ਤਾਰੀ ਤੇ ‘ਆਪ’ ਕੇਂਦਰ ਤੇ ਏਜੰਸੀਆਂ ਦੇ ਦੁਰਵਰਤੋਂ ਦੇ ਦੋਸ਼ ਲਗਾਉਂਦੀ ਹੈ, ਪਰ ਸੂਬੇ ਵਿਚ ਵਿਰੋਧੀਆਂ ਖਿਲਾਫ ਵਿਜੀਲੈਂਸ ਦੀ ਕਾਰਵਾਈ ਸਹੀ ਦੱਸਦੀ ਹੈ। ਇਸ ’ਤੇ ਮੁੱਖ ਮੰਤਰੀ ਬੁਰੀ ਤਰ੍ਹਾਂ ਆਪਾ ਖੋ ਬੈਠੇ। ਅਕਸਰ ਮੁੱਖ ਮੰਤਰੀ ਹਾਊਸ ਦੇ ਲੀਡਰ ਹੋਣ ਦੇ ਨਾਤੇ ਸਾਰੇ ਮੈਂਬਰਾਂ ਦੇ ਵਿਚਾਰ ਬਹੁਤ ਧਿਆਨ ਨਾਲ ਸੁਣਦੇ ਨੇ ਅਤੇ ਅਖੀਰ ਵਿਚ ਆਪਣੇ ਭਾਸ਼ਣ ਵਿਚ ਬੜੇ ਸਲੀਕੇ ਨਾਲ ਜਵਾਬ ਦਿੰਦੇ ਨੇ। ਪਰ ਮੁੱਖ ਮੰਤਰੀ ਇਕ ਟਿੱਪਣੀ ’ਤੇ ਖੜ੍ਹੇ ਹੋ ਕੇ ਉਲਟੇ ਵਿਰੋਧੀ ਲੀਡਰਾਂ ਨੂੰ ਗ੍ਰਿਫ਼ਤਾਰੀ ਦੀਆਂ ਧਮਕੀਆਂ ਦੇਣ ਲੱਗ ਪਏ ਅਤੇ ਸਦਨ ਤੋਂ ਬਾਹਰ ਵਾਲੇ ਲੀਡਰਾਂ ਦੇ ਨਾਮ ਲੈ ਕੇ ਵੀ ਧਮਕਾਉਣ ਲੱਗੇ। ਇਸ ਤਰ੍ਹਾਂ ਮੁੱਖ ਮੰਤਰੀ ਇਕ ਸੂਝਵਾਨ, ਤਜ਼ਰਬੇਕਾਰ ਅਤੇ ਠਰ੍ਹੰਮੇ ਵਾਲੇ ਲੀਡਰ ਦਾ ਪ੍ਰਭਾਵ ਦੇਣ ਤੋਂ ਅਸਫਲ ਜਾਪੇ। ਮਾੜੇ ਰਵੱਈਏ ਦਾ ਵਿਰੋਧ ਕਰਦੇ ਕਾਂਗਰਸ ਵਿਧਾਇਕਾਂ ਨੇ ਮੁੱਖ ਮੰਤਰੀ ਦੀ ਹਾਜ਼ਰੀ ਸਮੇਂ ਸਦਨ ਵਿਚੋਂ ਬਾਹਰ ਰਹਿਣ ਦਾ ਫੈਸਲਾ ਕੀਤਾ, ਜਿਸ ਨੂੰ ਦੋ ਦਿਨ ਪਿੱਛੋਂ ਵਾਪਸ ਲੈ ਲਿਆ ਗਿਆ।

### ਬਜਟ ਦੀ ਪੇਸ਼ੀ

ਲੋਕ ਤਵੱਕੋਂ ਕਰਦੇ ਸਨ ਕਿ ਸਰਕਾਰ ਚੋਣਾਂ ਦੌਰਾਨ ਦਿੱਤੀਆਂ ਗਰੰਟੀਆਂ ਨੂੰ ਲਾਗੂ ਕਰਨ ਦੀ ਸ਼ੁਰੂਆਤ ਕਰੇਗੀ। ਪਰ ਸਰਕਾਰ ਪਹਿਲੀਆਂ ਸਰਕਾਰਾਂ ’ਤੇ ਅਰਥਿਕਤਾ ਤਬਾਹ ਕਰਨ ਦੇ ਦੋਸ਼ ਸੁੱਟ ਕੇ ਟਾਲਾ ਵੱਟ ਗਈ, ਜਿਸ ਨਾਲ ਜਨਤਾ ਪੱਲੇ ਭਾਰੀ ਨਿਰਾਸ਼ਤਾ ਪਈ। ਵਿੱਤ ਮੰਤਰੀ ਨੇ ਰਵਾਇਤ ਅਨੁਸਾਰ ਸਰਕਾਰ ਦਾ ਸਾਲ 2023-24 ਲਈ 196462 ਕਰੋੜ ਦਾ ਬਜਟ ਪੇਸ਼ ਕੀਤਾ ਅਤੇ ਇਸ ਨੂੰ 2022-23 ਦੇ 155870 ਕਰੋੜ ਰੁਪਏ ਦੇ ਮੁਕਾਬਲੇ 26% ਵਾਧੇ ਵਾਲਾ ਦੱਸਿਆ ਗਿਆ। ਬਜਟ ਵਿਚ 35000 ਕਰੋੜ ਦਾ ਘਾਟਾ ਦਿਖਾਇਆ ਗਿਆ। ਪਿਛਲੇ ਸਾਲ ਵਿਚ 95000 ਹਜ਼ਾਰ ਕਰੋੜ ਦੀ ਅਨੁਮਾਨਿਤ ਆਮਦਨ ਮੁਕਾਬਲੇ 80000 ਕਰੋੜ ਦਾ ਮਾਲੀਆ ਹੀ ਇਕੱਠਾ ਹੋ ਸਕਿਆ ਅਤੇ ਇਸ ਤਰ੍ਹਾਂ ਕਰੀਬ 15000 ਕਰੋੜ ਦਾ ਘਾਟਾ ਵੀ ਅੱਗੇ ਵਧ ਗਿਆ। ਸਰਕਾਰ ਵੱਲੋਂ ਸਿੱਖਿਆ ਅਤੇ ਸਿਹਤ ਖੇਤਰਾਂ ਨੂੰ ਪ੍ਰਮੁੱਖਤਾ ਦਿੰਦੇ ਫੰਡ ਵਧਾਏ ਗਏ। ਸੱਤਾਧਾਰੀ ਪੱਖ ਨੇ ਇਸ ਨੂੰ ਆਮ ਵਾਂਗ ਜਨਤਾ ਦਾ ਬਜਟ ਦੱਸਿਆ ਅਤੇ ਵਿਰੋਧੀਆਂ ਵਲੋਂ ਦਿਸ਼ਾਹੀਣ ਦੱਸ ਕੇ ਮੀਨ ਮੇਖ ਕੱਢੀ ਗਈ। ਅਕਸਰ ਸਰਕਾਰਾਂ ਬਜਟ ਨੂੰ ਵਧਾ ਕੇ ਪੇਸ਼ ਕਰਦੀਆਂ ਨੇ, ਪਰ ਅਨੁਮਾਨਿਤ ਵਸੀਲੇ ਜੁਟਾਉਣ ਵਿਚ ਅਸਫਲ ਰਹਿੰਦੀਆਂ ਨੇ। ਚੋਣਾਂ ਦੌਰਾਨ ਹਰ ਔਰਤ ਨੂੰ 1000 ਰੁਪਏ ਮਹੀਨਾ ਦੇਣ ਅਤੇ ਸਮਾਜ ਭਲਾਈ ਦੀਆਂ ਪੈਨਸ਼ਨਾਂ 1500 ਤੋਂ ਵਧਾ ਕੇ 2500 ਰੁਪਏ ਮਹੀਨਾ ਨਾ ਕਰਨ ਨਾਲ ਇਨ੍ਹਾਂ ਵਰਗਾਂ ਨੂੰ ਨਿਰਾਸ਼ਾ ਹੋਈ। ਸੂਬੇ ਸਿਰ ਚੜ੍ਹੇ ਕਰੀਬ 3 ਲੱਖ ਦੇ ਕਰਜ਼ੇ ਦੀ 30 ਹਜ਼ਾਰ ਕਰੋੜ ਤੋਂ ਵੱਧ ਦੀ ਕਿਸ਼ਤ ਅਤੇ ਬਿਜਲੀ ਬੋਰਡ ਦੇ 19000 ਕਰੋੜ ਸਬਸਿਡੀ ਦਾ ਵੱਡਾ ਬੋਝ ਹੈ। ਇਸ ਤਰ੍ਹਾਂ ਬਜਟ ਤੋਂ ਵਿਕਾਸ ਅਤੇ ਗਰੀਬਾਂ ਦੀ ਭਲਾਈ ਦੀ ਆਸ ਨਹੀਂ ਕੀਤੀ ਜਾ ਸਕਦੀ। ਅਮਨ ਕਨੂੰਨ ਦੀ ਖਸਤਾ ਹਾਲਤ ਦੇ ਚਲਦੇ 41000 ਕਰੋੜ ਦੇ ਨਵੇਂ ਨਿਵੇਸ਼ ਨਾਲ 2.50 ਲੱਖ ਨਵੇਂ ਰੋਜ਼ਗਾਰ ਮੰਗੇਰੀ ਲਾਲ ਦੇ ਹੁਸੀਨ ਸੁਪਨੇ ਹੀ ਜਾਪਦੇ ਨੇ। ਸੂਬੇ ਦੀ ਸਮੁੱਚੀ ਆਰਥਿਕਤਾ ਖੇਤੀ ’ਤੇ ਨਿਰਭਰ ਹੈ। ਇਸ ਖੇਤਰ ਲਈ ਰਾਖਵੀਂ ਰੱਖੀ 13888 ਕਰੋੜ ਵਿਚੋਂ 9064 ਕਰੋੜ ਬਿਜਲੀ ਸਬਸਿਡੀ ਕੱਢ ਕੇ ਬਾਕੀ ਸਿਰਫ 4800 ਕਰੋੜ ਹੀ ਬਚਦੇ ਨੇ। ਇਸ ਨਾਲ ਫਸਲਾਂ ਲਈ ਐੱਮ.ਐੱਸ.ਪੀ. ਅਤੇ ਪਰਾਲੀ ਪ੍ਰਬੰਧਨ ਕਰਨਾ ਸੰਭਵ ਨਹੀਂ ਹਵੇਗਾ।

### ਅਸਲ ਮੁੱਦੇ ਗਾਇਬ

ਪਿਛਲੇ ਕਈ ਦਹਾਕਿਆਂ ਤੋਂ ਸੂਬੇ ਦੀ ਅਸੈਂਬਲੀ ’ਚ ਵੱਧ ਅਧਿਕਾਰਾਂ, ਦਰਿਆਈ ਪਾਣੀ, ਚੰਡੀਗੜ੍ਹ, ਬੀ.ਐੱਮ.ਬੀ., ਪੰਜਾਬੀ ਬੋਲਦੇ ਇਲਾਕਿਆਂ ਦੇ ਮੁੱਦੇ ਛਾਏ ਰਹਿੰਦੇ ਸਨ। ਪਰ ਇਸ ਵਾਰ ਇਹ ਅਹਿਮ ਮੁੱਦੇ ਇਜਲਾਸ ਵਿਚੋਂ ਪੂਰੀ ਤਾਂ ਗਾਇਬ ਰਹੇ। ਸਰਕਾਰ ਵਲੋਂ ਇਨ੍ਹਾਂ ਮਸਲਿਆਂ ਦਾ ਕੇਂਦਰ ਪਾਸੋਂ ਹੱਲ ਕਰਵਾਉਣ ਲਈ ਕੋਈ ਚਾਰਾਜੋਈ ਦਾ ਜ਼ਿਕਰ ਨਾ ਕਰਨ ਨਾਲ ਪੰਜਾਬੀਆਂ ਦੀਆਂ ਉਮੀਦਾਂ ਟੁੱਟੀਆਂ ਦਿਖਦੀਆਂ ਨੇ।

### ਰੰਗਲੇ ਪੰਜਾਬ ਦਾ ਰਾਹ

ਮੌਜੂਦਾ ਬਜਟ ਤੋਂ ਸਰਕਾਰ ਦੇ ਰੰਗਲਾ ਪੰਜਾਬ ਬਣਾਉਣ ਦੇ ਦਾਅਵੇ ਬਹੁਤ ਦੂਰ ਦੀ ਖੇਡ ਜਾਪਦੇ ਨੇ। ਫਿਰ ਵੀ ਜੇਕਰ ਗੰਭੀਰਤਾ ਨਾਲ ਸੋਚੀਏ, ਤਾਂ ਇਕ ਹੱਲ ਬੱਚਦੈ। ਅੱਜ ਪਾਕਿਸਤਾਨ ਅਤੇ ਨਾਲ ਲੱਗਦੇ ਦੇਸ਼ਾਂ ਵਿਚ ਪੰਜਾਬ ਦੀ ਖੇਤੀ ਉਪਜ ਦੇ ਵਪਾਰ ਰਾਹੀਂ ਖੁਸ਼ਹਾਲੀ ਦੀਆਂ ਵਿਸ਼ਾਲ ਸੰਭਾਵਨਾਵਾਂ ਨੇ। ਦੇਸ਼ ਦਾ ਮੁੰਬਈ-ਕਰਾਚੀ ਦੇ ਰਾਹ ਪਾਕਿਸਤਾਨ ਨਾਲ ਵਪਾਰ ਜਾਰੀ ਹੈ। ਜੇਕਰ ਇਹ ਵਪਾਰ ਵਾਹਗਾ ਬਾਰਡਰ ਰਾਹੀਂ ਖੋਲ੍ਹਿਆ ਜਾਵੇ, ਤਾਂ ਪੰਜਾਬ ਦੀ ਖੇਤੀ ਉਪਜ ਪਾਕਿਸਤਾਨ ਅਤੇ ਨਾਲ ਲੱਗਦੇ ਦਰਜਨਾਂ ਦੇਸ਼ਾਂ ਵਿਚ ਵੇਚੀ ਜਾ ਸਕਦੀ ਹੈ। ਵਾਹਗਾ ਬਾਰਡਰ ’ਤੇ ਡਾ. ਮਨਮੋਹਣ ਸਿੰਘ ਦੀ ਸਰਕਾਰ ਸਮੇਂ 250 ਕਰੋੜ ਨਾਲ ਬਣਾਇਆ ਸਮੁੱਚਾ ਢਾਂਚਾ ਮੌਜੂਦ ਹੈ। ਪੰਜਾਬ ਸਰਕਾਰ ਕੇਂਦਰ ਤੋਂ ਵਾਹਗਾ ਬਾਰਡਰ ਰਾਹੀਂ ਵਪਾਰ ਖੁੱਲ੍ਹਵਾਉਣ ਲਈ ਉਪਰਾਲੇ ਕਰੇ, ਜਿਸ ਨਾਲ ਸੂਬਾ ਮੁੜ ਤਰੱਕੀ ਦੀ ਰਾਹ ’ਤੇ ਚੱਲ ਕੇ ‘ਰੰਗਲਾ ਪੰਜਾਬ’ ਬਣਨ ਵਲ ਵਧ ਸਕੇਗਾ।



# ਘਰ ਦਾ ਮਾਹੌਲ ਖੁਸ਼ਨੁਮਾ ਬਣਾ ਕੇ ਰੱਖੋ

ਹਰਕੀਰਤ ਕੌਰ
97791-18066
(Punjab Mail USA)





ਇਹ ਸਿਰਫ਼ ਘਰ ਹੀ ਹੈ, ਜੋ ਹਰੇਕ ਮਨੁੱਖ ਦੀ ਸਕੂਨ ਦੀ ਜਗ੍ਹਾ ਹੈ, ਜਿੱਥੇ ਆ ਕੇ ਮਨੁੱਖ ਸੁਰੱਖਿਅਤ ਮਹਿਸੂਸ ਕਰਦਾ ਹੈ, ਅਤੇ ਮਨੁੱਖ ਨੂੰ ਆਪਣੇਪਣ ਦਾ ਅਹਿਸਾਸ ਹੁੰਦਾ ਹੈ।

ਇੱਕ ਸਕੂਨਮਈ ਜ਼ਿੰਦਗੀ ਨੂੰ ਜਿਉਣ ਲਈ ਤੁਹਾਡੇ ਘਰ ਦੇ ਮਾਹੌਲ ਦਾ ਸਕਾਰਾਤਮਕ ਅਤੇ ਖੁਸ਼ਨੁਮਾ ਹੋਣਾ ਬਹੁਤ ਜ਼ਰੂਰੀ ਹੈ। ਜਿੰਨਾਂ ਘਰ ਦਾ ਮਾਹੌਲ ਚੜ੍ਹਦੀਕਲਾ ਅਤੇ ਖੁਸ਼ਨੁਮਾ ਹੁੰਦਾ ਹੈ, ਉੱਥੇ ਰਹਿਣ ਵਾਲੇ ਪਰਿਵਾਰਿਕ ਮੈਂਬਰ ਵੀ ਖੁਸ਼, ਤੰਦਰੁਸਤ ਅਤੇ ਚੜ੍ਹਦੀਕਲਾ ਵਾਲੇ ਹੁੰਦੇ ਹਨ।

ਸਮਾਂ ਨਿਰੰਤਰ ਚੱਲ ਰਿਹਾ ਹੈ, ਸਮੇਂ ਨਾਲ ਤਬਦੀਲੀਆਂ ਆਈਆਂ ਹਨ ਅਤੇ ਆ ਰਹੀਆਂ ਹਨ, ਇਹ ਤਬਦੀਲੀਆਂ ਦਾ ਸਿਲਸਿਲਾ ਇਸ ਤਰ੍ਹਾਂ ਹੀ ਚੱਲਦਾ ਰਹੇਗਾ। ਭਾਵੇਂ ਅੱਜ ਵੀ ਮਨੁੱਖ ਲਈ ਸਭ ਤੋਂ ਪਿਆਰੀ ਜਗ੍ਹਾ ਉਸਦਾ ਘਰ ਹੀ ਹੈ, ਪਰ ਅੱਜ ਘਰਾਂ ਦੇ ਮਾਹੌਲ ਵਿਚ ਬਹੁਤ ਪਰਿਵਰਤਨ ਆ ਗਿਆ ਹੈ। ਬਹੁਤਾਤ ਲੋਕਾਂ ਦੀ ਸਥਿਤੀ ਅਜਿਹੀ ਬਣੀ ਹੈ ਕਿ ਉਹ ਆਪਣੇ ਘਰਾਂ ਨੂੰ ਜੇਲ੍ਹਾਂ ਸਮਝੀਂ ਬੈਠੇ ਹਨ। ਘਰ ਆਉਂਦਿਆਂ ਹੀ ਪਰਿਵਾਰਿਕ ਝਗੜੇ, ਅਣਸੁਖਾਵੇਂ ਮਾਹੌਲ ਦਾ ਸਾਹਮਣਾ ਕਰਨਾ ਪੈਂਦਾ ਹੈ।

ਆਧੁਨਿਕਵਾਦ ਨੇ ਮਨੁੱਖੀ ਜੀਵਨ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਮਨੁੱਖ ਦੀਆਂ ਖਵਾਹਿਸ਼ਾਂ ਬਹੁਤ ਵੱਧ ਗਈਆਂ ਹਨ, ਅਤੇ ਉਨ੍ਹਾਂ ਇੱਛਾਵਾਂ ਨੂੰ ਪੂਰਿਆਂ ਕਰਨ ਲਈ ਸਾਧਨ ਅੱਜ ਵੀ ਸੀਮਤ ਹੀ ਹਨ। ਘਰ ਵਿਚ ਕਮਾਉਣ ਵਾਲਾ ਇੱਕ ਵਿਅਕਤੀ ਹੈ, ਜਿਸ ਦੇ ਸਿਰ ਉੱਪਰ ਸਾਰੇ ਪਰਿਵਾਰ ਦੀਆਂ ਖਵਾਹਿਸ਼ਾਂ ਪੂਰੀਆਂ ਕਰਨ ਦੀ ਜ਼ਿੰਮੇਵਾਰੀ ਹੈ। ਵੱਧ ਰਹੀਆਂ ਖਵਾਹਿਸ਼ਾਂ ਦੀ ਪੂਰਤੀ ਨਾ ਹੋਣ 'ਤੇ ਬਹੁਤਾਤ ਘਰਾਂ ਵਿਚ ਲੜਾਈਆਂ ਝਗੜੇ ਹੁੰਦੇ ਹਨ, ਜੋ ਘਰ ਦੇ ਮਾਹੌਲ ਨੂੰ ਖਰਾਬ ਕਰਦੀਆਂ ਹਨ।

ਇੱਕ ਵਧੀਆ ਪਰਿਵਾਰਿਕ ਖੁਸ਼ਨੁਮਾ ਮਾਹੌਲ ਨਾ ਸਿਰਫ਼ ਸਰੀਰਕ, ਬਲਕਿ ਮਨੁੱਖ ਦੀ ਮਾਨਸਿਕ ਸਿਹਤ ਨੂੰ ਤਰੋਤਾਜ਼ਾ ਅਤੇ ਤੰਦਰੁਸਤ ਰੱਖਣ ਵਿਚ ਬਹੁਤ ਮਦਦਗਾਰ ਸਿੱਧ ਹੁੰਦਾ ਹੈ। ਜਿਹੜਾ ਪਰਿਵਾਰ ਇੱਕ ਦੂਜੇ ਨਾਲ ਖੁਸ਼ੀ-ਖੁਸ਼ੀ ਵਿਚਰਦੇ ਹਨ, ਸਮਾਂ ਬਿਤਾਉਂਦੇ ਹਨ, ਉਹ ਪਰਿਵਾਰ ਦੂਸਰੇ ਪਰਿਵਾਰਾਂ ਨਾਲੋ ਵੱਧ ਸਕੂਨਮਈ ਜ਼ਿੰਦਗੀ ਜਿਊਂਦੇ ਹਨ।

ਯਤਨ ਕਰੋ ਕਿ ਤੁਹਾਡੇ ਘਰ ਦਾ ਵਾਤਾਵਰਣ ਅਜਿਹਾ ਹੋਵੇ ਕਿ ਤੁਹਾਡੇ ਪਰਿਵਾਰ ਤੋਂ ਇਲਾਵਾ ਕੋਈ ਰਿਸ਼ਤੇਦਾਰ, ਸਾਕ-ਸੰਬੰਧੀ ਵੀ ਤੁਹਾਡੇ ਘਰ ਆਵੇ, ਤਾਂ ਉਸ ਨੂੰ ਸਕਾਰਾਤਮਕ ਤਰੰਗਾਂ ਆਉਣ, ਉਸਨੂੰ ਤੁਹਾਡੇ ਘਰ ਵਿਚ ਘੁਟਣ ਨਹੀਂ, ਬਲਕਿ ਸਕੂਨ ਮਿਲੇ।

ਹੁਣ ਸਵਾਲ ਇਹ ਹੈ ਕਿ ਘਰ ਦਾ ਵਾਤਾਵਰਣ ਖੁਸ਼ਨੁਮਾ ਕਿਵੇਂ ਬਣਾਇਆ ਜਾ ਸਕਦਾ ਹੈ, ਤਾਂ ਇਸਦਾ ਬਹੁਤ ਹੀ ਸਰਲ ਉੱਤਰ ਹੈ ਕਿ ਘਰ ਨੂੰ ਅਸਲ ਅਰਥਾਂ ਵਿਚ ਘਰ ਬਣਾਉਣ ਲਈ ਪਰਿਵਾਰ ਦੇ ਹਰ ਮੈਂਬਰ ਦੀ ਜ਼ਿੰਮੇਵਾਰੀ ਹੈ।

ਜੇਕਰ ਅਸੀਂ ਕਹੀਏ ਕਿ ਘਰ ਪਰਿਵਾਰ ਨੂੰ ਖੁਸ਼ ਰੱਖਣ ਦੀ ਜ਼ਿੰਮੇਵਾਰੀ ਕੇਵਲ ਔਰਤ ਦੀ ਹੈ, ਤਾਂ ਅਸੀਂ ਗਲਤ ਹਾਂ, ਜੇਕਰ ਅਸੀਂ ਸੋਚੀਏ ਕਿ ਘਰ ਦੇ ਮਾਹੌਲ ਨੂੰ ਸੁਹਾਵਨਾ ਬਣਾਈ ਰੱਖਣ ਲਈ ਮਰਦ ਹੀ ਹਰ ਕੋਸ਼ਿਸ਼ ਕਰੇ, ਤਾਂ ਇਹ ਵੀ ਉਚਿਤ ਨਹੀਂ। ਅਸਲ ਵਿਚ ਘਰ ਵਿਚ ਰਹਿੰਦੇ ਹਰ ਮੈਂਬਰ, ਪਤੀ, ਪਤਨੀ, ਬੱਚੇ, ਬਜ਼ੁਰਗ ਦਾ ਫਰਜ਼ ਹੈ ਕਿ ਘਰ ਦਾ ਮਾਹੌਲ ਸੋਹਣਾ ਬਣਾ ਕੇ ਰੱਖਣ ਵਿਚ ਆਪਣਾ ਬਣਦਾ ਯੋਗਦਾਨ ਅਤੇ ਜ਼ਿੰਮੇਵਾਰੀ ਨਿਭਾਏ।

ਪਰਿਵਾਰ ਦੇ ਕਿਸੇ ਇੱਕ ਮੈਂਬਰ ਦੀ ਬੇਰੁਖੀ, ਉਦਾਸੀ ਸਾਰੇ ਪਰਿਵਾਰ ਨੂੰ ਨਿਰਾਸ਼ ਕਰਦੀ ਹੈ ਅਤੇ ਘਰ ਦੀ ਸਥਿਤੀ ਚਿੰਤਾਜਨਕ ਬਣਾ ਦਿੰਦੀ ਹੈ। ਇਸ ਲਈ ਹਰ ਮੈਂਬਰ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਘਰ ਦੀਆਂ ਸਥਿਤੀਆਂ ਅਨੁਸਾਰ ਆਪਣੇ ਆਪ ਨੂੰ ਢਾਲੇ। ਜੇਕਰ ਕੋਈ ਖਵਾਹਿਸ਼ ਜਾਂ ਮੰਗ ਪੂਰੀ ਨਹੀਂ ਹੁੰਦੀ ਜਾਂ ਫਿਰ ਵੱਡੇ-ਛੋਟੇ ਕਿਸੇ ਦੀ ਵੀ ਕੋਈ ਗੱਲ ਚੰਗੀ ਨਹੀਂ ਲੱਗ ਰਹੀ, ਤਾਂ ਉਸਨੂੰ ਬੈਠ ਕੇ ਵਿਚਾਰਿਆ ਜਾਵੇ, ਇੱਕ ਦੂਸਰੇ ਨਾਲ ਗੱਲਬਾਤ ਕੀਤੀ ਜਾਵੇ ਅਤੇ ਉਸਦਾ ਵਾਜਿਬ ਹੱਲ ਕੱਢਿਆ ਜਾਵੇ।

ਘਰ ਪਰਿਵਾਰ ਦਾ ਮਾਹੌਲ ਅਜਿਹਾ ਹੋਣਾ ਚਾਹੀਦਾ ਹੈ ਕਿ ਕੰਮਾਂ-ਕਾਜਾਂ ਵਿਚ ਰੁੱਝਿਆ ਜਾਂ ਹੋਰ ਸਥਿਤੀਆਂ ਵਿਚ ਵਿਚਰਦੇ ਇਨਸਾਨ ਨੂੰ ਆ ਕੇ ਸਕੂਨ ਮਿਲੇ, ਪਰਿਵਾਰ ਦੇ ਹਸੋਂ-ਹਸੋਂ ਕਰਦੇ ਚਿਹਰੇ ਉਸਦੀ ਸਾਰੇ ਦਿਨ ਦੀ ਥਕਾਵਟ ਉਤਾਰ ਦੇਣ। ਜੇਕਰ ਕਿਸੇ ਕਾਰਣ ਕਰਕੇ ਦਿਨ ਠੀਕ ਨਹੀਂ ਗਿਆ ਹੋਵੇ, ਤਾਂ ਪਰਿਵਾਰ ਨੂੰ ਮਿਲਦੇ ਸਾਰ ਹੀ ਉਸ ਨੂੰ ਸਭ ਭੁੱਲ ਜਾਵੇ।

ਇੱਕ ਸਕੂਨਮਈ ਜ਼ਿੰਦਗੀ ਜਿਊਣ ਲਈ ਘਰਾਂ ਦੇ ਮਾਹੌਲ ਸਿਰਜੀਏ, ਜਿੱਥੇ ਰਹਿੰਦੇ ਹਰ ਮੈਂਬਰ ਦੀ ਸ਼ਖਸੀਅਤ ਵੀ ਸਾਕਾਰਾਤਮਕ ਅਤੇ ਚੜ੍ਹਦੀਕਲਾ ਵਾਲੀ ਸਿਰਜੀ ਜਾਵੇ। ਚੰਗਾ ਘਰ, ਚੰਗੀ ਮਾਨਸਿਕ ਸਿਹਤ ਦਾ ਵੀ ਰਾਜ ਹੈ, ਇਸ ਲਈ ਆਪਣੀ ਅਤੇ ਆਪਣਿਆਂ ਦੀ ਖੁਸ਼ੀ, ਚੜ੍ਹਦੀਕਲਾ ਅਤੇ ਚੰਗੀ ਸਿਹਤ ਲਈ ਘਰ ਦੇ ਮਾਹੌਲ ਨੂੰ ਖੁਸ਼ਨੁਮਾ ਬਣਾਈਏ।



# ਕਿਧਰ ਨੂੰ ਚੱਲ ਪਏ ਪੰਜਾਬੀ ਨੌਜਵਾਨ

ਬਲਰਾਜ ਸਿੰਘ ਸਿੱਧੂ ਐਸ.ਪੀ.
ਪੰਡੋਰੀ ਸਿੱਧਵਾਂ 95011-00062
(Punjab Mail USA)





ਪਿਛਲੇ ਕੁਝ ਹੀ ਦਿਨਾਂ ਵਿਚ ਪੰਜਾਬੀ ਨੌਜਵਾਨਾਂ ਦੇ ਹਜ਼ੂਮਾਂ ਨੇ ਉੱਪਰੋ ਥੱਲੀ ਤਿੰਨ-ਚਾਰ ਵਾਰਦਾਤਾਂ ਨੂੰ ਅੰਜ਼ਾਮ ਦਿੱਤਾ ਹੈ। ਸਭ ਤੋਂ ਪਹਿਲਾਂ ਥਾਣਾ ਅਜਨਾਲਾ 'ਤੇ ਕਬਜ਼ਾ ਤੇ ਪੁਲਿਸ ਨਾਲ ਕੀਤੀ ਗਈ ਮਾਰ-ਕੁਟਾਈ, ਦੂਸਰੇ ਨੰਬਰ 'ਤੇ ਮਣੀਕਰਨ ਗੁਰਦੁਆਰੇ ਦੇ ਨਜ਼ਦੀਕ ਸਥਾਨਕ ਵਸਨੀਕਾਂ ਨਾਲ ਪੱਥਰਬਾਜ਼ੀ ਤੇ ਹੁਣ ਹੋਲੇ-ਮੁਹੱਲੇ ਵਰਗੇ ਪਵਿੱਤਰ ਤਿਉਹਾਰ ਸਮੇਂ ਕੈਨੇਡਾ ਤੋਂ ਆਏ ਇੱਕ ਨੌਜਵਾਨ ਦਾ ਕਤਲ। ਹੋਲੇ-ਮੁਹੱਲੇ 'ਤੇ ਨੌਜਵਾਨ ਦਾ ਕਤਲ ਸਿਰਫ ਇਸ ਕਾਰਨ ਹੋਇਆ ਕਿ ਕੁਝ ਨਿਹੰਗ ਇਕੱਠੇ ਹੋ ਕੇ ਮੋਟਰ ਸਾਈਕਲ, ਟਰੈਕਟਰ ਅਤੇ ਗੱਡੀਆਂ 'ਤੇ ਸਵਾਰ ਨੌਜਵਾਨਾਂ ਨੂੰ ਹੁੱਲੜਬਾਜ਼ੀ ਕਰਨ ਤੋਂ ਰੋਕ ਰਹੇ ਸਨ। ਜੋ ਕੁਝ ਨਿਹੰਗ ਕਰ ਰਹੇ ਸਨ, ਉਸ ਨੂੰ ਵੀ ਠੀਕ ਨਹੀਂ ਕਿਹਾ ਜਾ ਸਕਦਾ। ਇੱਕ ਵੀਡੀਓ ਵਿਚ ਸਾਫ ਦਿਖਦਾ ਹੈ ਕਿ ਉਹ ਪਟਾਕੇ ਪਾ ਰਹੇ ਇੱਕ ਮੋਟਰ ਸਾਈਕਲ ਸਵਾਰ 'ਤੇ ਡਾਂਗਾਂ ਬਰਸਾ ਰਹੇ ਹਨ। ਪਰ ਉਨ੍ਹਾਂ ਦੇ ਖਿਲਾਫ ਪੁਲਿਸ ਕੋਲ ਜਾਣ ਦੀ ਬਜਾਏ ਇੱਕ ਬੇਕਸੂਰ ਨੌਜਵਾਨ ਦਾ ਕਤਲ ਕਰ ਦੇਣਾ ਬਹੁਤ ਹੀ ਘਿਣਾਉਣੀ ਗੱਲ ਹੈ।

ਇਹ ਗੱਲ ਬਿਲਕੁਲ ਸੱਚ ਹੈ ਕਿ ਅੱਜਕੱਲ੍ਹ ਨੌਜਵਾਨ ਧਾਰਮਿਕ ਮੇਲਿਆਂ ਵਿਚ ਰੱਜ ਕੇ ਹੁੱਲੜਬਾਜ਼ੀ ਕਰਦੇ ਹਨ। ਇਸ ਸਾਲ ਦੇ ਫਤਿਹਗੜ੍ਹ ਸਾਹਿਬ ਸ਼ਹੀਦੀ ਜੋੜ ਮੇਲੇ ਵੇਲੇ ਇੱਕ ਵੀਡੀਉ ਕਾਫੀ ਵਾਇਰਲ ਹੋਈ ਹੈ। ਟਰੈਕਟਰ ਟਰਾਲੀ 'ਤੇ ਸਵਾਰ 10-15 ਨੌਜਵਾਨ ਚੱਕਵੇਂ ਗਾਣੇ ਲਗਾ ਕੇ ਹੱਥ ਵਿਚ ਸ਼ਰਾਬ ਦੇ ਗਿਲਾਸ ਪਕੜ ਕੇ ਭੰਗੜਾ ਪਾਉਂਦੇ ਹੋਏ ਮੇਲੇ ਵੱਲ ਜਾ ਰਹੇ ਹਨ। ਕਿਸੇ ਨੇ ਇਸ ਵੀਡੀਉ ਦਾ ਸਿਰਲੇਖ ਵੀ ਬਹੁਤ ਵਧੀਆ ਰੱਖਿਆ ਹੈ, "ਸੂਬਾ ਸਰਹੰਦ ਦੇ ਵਾਰਸ ਸਰਹੰਦ ਵੱਲ ਜਾਂਦੇ ਹੋਏ।" ਪੰਜਾਬ ਵਿਚ ਸਿੱਖ ਧਰਮ ਨਾਲ ਸਬੰਧਿਤ ਅਨੇਕਾਂ ਜੋੜ ਮੇਲੇ ਲੱਗਦੇ ਹਨ, ਜਿਨ੍ਹਾਂ ਵਿਚ ਅਨੰਦਪੁਰ ਸਾਹਿਬ ਦਾ ਹੋਲਾ-ਮਹੱਲਾ, ਫਤਿਹਗੜ੍ਹ ਸਾਹਿਬ ਦੀ ਸਭਾ, ਤਲਵੰਡੀ ਸਾਬੋ ਦੀ ਵਿਸਾਖੀ ਅਤੇ ਮਾਘੀ ਮੇਲਾ ਸ੍ਰੀ ਮੁਕਤਸਰ ਸਾਹਿਬ ਪ੍ਰਮੁੱਖ ਹਨ। ਧਾਰਮਿਕ ਮੇਲਿਆਂ ਵਿਚ ਜਾਣ ਦਾ ਮਤਲਬ ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਨੌਜਵਾਨ ਆਪਣੇ ਮਾਣਮੱਤੇ ਪੁਰਾਤਨ ਵਿਰਸੇ ਤੋਂ ਜਾਣੂ ਹੋਣ। ਪਰ ਅੱਜਕੱਲ੍ਹ ਮੇਲਿਆਂ ਵਿਚ ਜੋ ਗੁੱਲ ਖਿਲਾਏ ਜਾ ਰਹੇ ਹਨ, ਉਹ ਸਭ ਦੇ ਸਾਹਮਣੇ ਹਨ। ਨੌਜਵਾਨਾਂ ਨੂੰ ਪਤਾ ਹੀ ਨਹੀਂ ਕਿ ਇਨ੍ਹਾਂ ਜੋੜ ਮੇਲਿਆਂ ਦੀ ਕੀ ਮਹੱਤਤਾ ਹੈ।

1970 ਦੇ ਦਹਾਕੇ ਤੱਕ ਤਰਨਤਾਰਨ ਦੀ ਮੱਸਿਆ ਬਾਰੇ ਮਾਝੇ ਦੇ ਲੋਕਾਂ ਦੇ ਵਿਚਾਰ ਬਹੁਤੇ ਚੰਗੇ ਨਹੀਂ ਸਨ ਹੁੰਦੇ। ਬਹੁਤ ਜ਼ਿਆਦਾ ਭੀੜ-ਭੜੱਕਾ ਹੋਣ ਕਾਰਨ ਮੁਸ਼ਟੰਡੇ ਔਰਤਾਂ ਨਾਲ ਬੇਹੱਦ ਅਸ਼ਲੀਲ ਛੇੜਖਾਨੀਆਂ ਕਰਦੇ ਹੁੰਦੇ ਸਨ। ਬਾਹਰੋਂ ਆਉਣ ਵਾਲੇ ਯਾਤਰੀਆਂ ਵਿਚੋਂ ਕਈ ਵਾਰ ਔਰਤਾਂ ਨੂੰ ਨਿਖੇੜ ਕੇ ਅਗਵਾ ਤੱਕ ਕਰ ਲਿਆ ਜਾਂਦਾ ਸੀ। ਅੱਕ ਕੇ ਸ਼੍ਰੋਮਣੀ ਕਮੇਟੀ ਨੂੰ ਇਸ ਗੁੰਡਾਗਰਦੀ 'ਤੇ ਕਾਬੂ ਪਾਉਣ ਲਈ ਬੇਹੱਦ ਸਖਤੀ ਕਰਨੀ ਪਈ ਸੀ। ਮੁਸ਼ਟੰਡਿਆਂ ਨੂੰ ਬੋਰੀਆਂ ਵਿਚ ਬੰਦ ਕਰ ਕੇ ਛਿਤਰੌਲ ਕੀਤੀ ਜਾਂਦੀ ਸੀ। ਇੱਕ-ਦੋ ਸਾਲਾਂ ਵਿਚ ਹੀ ਗੁੰਡੇ ਸਿੱਧੇ ਹੋ ਗਏ ਸਨ। ਜੇ ਕੋਈ ਮੱਸਿਆ ਵੇਲੇ ਬਦਮਾਸ਼ੀ ਕਰਨ ਬਾਰੇ ਸੋਚਦਾ ਵੀ ਤਾਂ ਨਾਲ ਦੇ ਫੌਰਨ ਸਮਝਾ ਦਿੰਦੇ, "ਲਾਲ ਮਿਰਚਾਂ ਵਾਲੀ ਬੋਰੀ ਵੇਖੀ ਐ ਬਾਬਿਆਂ ਦੀ?" ਪਰ ਹੁਣ ਨਵੀਂ ਪੀੜ੍ਹੀ ਨੇ ਤਾਂ ਸਾਰੇ ਧਾਰਮਿਕ ਮੇਲਿਆਂ ਦਾ ਮਾਹੌਲ ਤਰਨ ਤਾਰਨ ਦੀ ਮੱਸਿਆ ਵਰਗਾ ਬਣਾ ਕੇ ਰੱਖ ਦਿੱਤਾ ਹੈ। ਇਨ੍ਹਾਂ ਤੋਂ ਡਰਦੇ ਮਾਰੇ ਭਲੇ ਘਰਾਂ ਦੇ ਮਰਦ ਔਰਤਾਂ ਮੇਲਿਆਂ ਵਿਚ ਜਾਣ ਦੀ ਜ਼ੁਰੱਅਤ ਨਹੀਂ ਕਰਦੇ। ਪਾਟੇ ਸਾਈਲੈਂਸਰਾਂ ਵਾਲੇ ਮੋਟਰ ਸਾਇਕਲ ਸਵਾਰ ਮੁਸ਼ਟੰਡੇ ਮੇਲਿਆਂ ਵਿਚ ਹਰਲ-ਹਰਲ ਕਰਦੇ ਫਿਰਦੇ ਸਨ। ਪੁਲਿਸ ਇੱਕ ਪਾਸੇ ਕੰਟਰੋਲ ਕਰਦੀ ਹੈ, ਤਾਂ ਇਹ ਦੂਸਰੇ ਪਾਸੇ ਜਾ ਗਦਰ ਮਚਾਉਂਦੇ ਹਨ। ਟਰੈਕਟਰਾਂ ਉੱਪਰ ਸਾਰੇ ਕਾਇਦੇ ਕਾਨੂੰਨ ਛਿੱਕੇ ਟੰਗ ਕੇ 20-20 ਬੰਦੇ ਲਟਕੇ ਹੁੰਦੇ ਹਨ। ਜੇ ਕਿਤੇ ਪੁਲਿਸ ਸਖਤੀ ਨਾ ਕਰੇ, ਤਾਂ ਇਹ ਲੋਕਾਂ ਦਾ ਘਰੋਂ ਨਿਕਲਣਾ ਹੀ ਔਖਾ ਕਰ ਦੇਣ।

ਦੋ ਕੁ ਸਾਲ ਪਹਿਲਾਂ ਬਟਾਲੇ ਵਿਖੇ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਵੇਲੇ ਇਹ ਦ੍ਰਿਸ਼ ਵੇਖਣ ਨੂੰ ਮਿਲੇ ਸਨ। ਜਦੋਂ ਗੁਰੂ ਸਾਹਿਬ ਦਾ ਬਰਾਤ ਰੂਪੀ ਨਗਰ ਕੀਰਤਨ ਬਟਾਲਾ ਪਹੁੰਚਿਆ, ਤਾਂ ਉਸ ਦਾ ਸਵਾਗਤ ਕਰਨ ਦੇ ਨਾਮ 'ਤੇ ਪਾਟੇ ਸਾਈਲੈਂਸਰਾਂ ਵਾਲੇ ਮੋਟਰ ਸਾਇਕਲ ਉਸ ਦੇ ਅੱਗੇ ਲਾ ਲਏ ਗਏ। ਜਦੋਂ ਇੱਕ ਮੋਟਰ ਸਾਇਕਲ ਵਾਲੇ ਨੇ ਸਾਇਲੈਂਸਰ ਦਾ ਪਟਾਕਾ ਵਜਾਇਆ, ਤਾਂ ਨਜ਼ਦੀਕ ਤੋਂ ਗੁਜ਼ਰ ਰਹੀ ਇੱਕ ਸਕੂਟਰ ਸਵਾਰ ਬੀਬੀ ਘਬਰਾ ਕੇ ਸੰਤੁਲਨ ਗਵਾਉਣ ਕਾਰਨ ਡਿੱਗ ਪਈ। ਵਾਹਵਾ ਸੱਟਾਂ ਲੱਗਣ ਕਾਰਨ ਉਸ ਨੂੰ ਹਸਪਤਾਲ ਲਿਜਾਉਣਾ ਪਿਆ। ਇੱਕ ਹੋਰ ਘਟੀਆਂ ਵਰਤਾਰਾ ਵੇਖਣ ਨੂੰ ਇਹ ਮਿਲਿਆ ਕਿ ਬਾਜ਼ਾਰਾਂ ਵਿਚ ਬਰਾਤ ਦੇ ਸਵਾਗਤ ਦੇ ਨਾਂ 'ਤੇ ਵੱਡੇ-ਵੱਡੇ ਸਪੀਕਰ ਲਗਾ ਕੇ ਚਾਲੂ ਜਿਹੇ ਗੀਤਾਂ ਦੀ ਧੁੰਨ 'ਤੇ ਫੂਹੜ ਨਾਚ ਨੱਚ ਕੇ ਟਰੈਫਿਕ ਜਾਮ ਕੀਤਾ ਜਾ ਰਿਹਾ ਸੀ। ਜੇ ਇਹੋ ਹਾਲ ਰਿਹਾ, ਤਾਂ ਹੋ ਸਕਦਾ ਹੈ ਕਿ ਅਗਲੇ ਵਿਆਹ ਪੁਰਬ 'ਤੇ ਕੋਈ ਮਹਾਂ ਮੂਰਖ ਡਾਂਸਰਾਂ ਵੀ ਬੁਲਾ ਲਵੇ। ਕਈ ਥਾਈਂ ਪੁਲਿਸ ਨੂੰ ਡਾਂਗ ਫੇਰ ਕੇ ਟਰੈਫਿਕ ਚਾਲੂ ਕਰਨਾ ਪਿਆ ਸੀ। ਪੰਜਾਬ ਦੇ ਕਿਸੇ ਵੀ ਧਾਰਮਿਕ ਮੇਲੇ ਨਾਲੋਂ ਵਿਆਹ ਪੁਰਬ ਵੇਲੇ ਮੁਸ਼ਟੰਡਿਆਂ 'ਤੇ ਪੁਲਿਸ ਨੂੰ ਜ਼ਿਆਦਾ ਸਖਤੀ ਕਰਨੀ ਪੈਂਦੀ ਹੈ ਪਰ ਇਨ੍ਹਾਂ ਢੀਠਾਂ ਨੂੰ ਸ਼ਰਮ ਨਹੀਂ ਆਉਂਦੀ।

ਜਦੋਂ ਵੀ ਪੰਜਾਬ ਵਿਚ ਕੋਈ ਪ੍ਰਸਿੱਧ ਮੇਲਾ ਨਜ਼ਦੀਕ ਆਉਂਦਾ ਹੈ, ਤਾਂ ਇਹ ਮੱਛਰੀ ਹੋਈ ਵਿਹਲੜ ਮੁੰਡੀਹਰ ਘਰ ਦੇ ਕੰਮ ਕਰਨ ਦੀ ਬਜਾਏ, ਪਿਉ ਦੇ ਗਲ 'ਚ 'ਗੂਠਾ ਦੇ ਕੇ ਮੋਟਰ ਸਾਇਕਲ, ਜੀਪਾਂ, ਟਰੈਕਟਰ ਟਰਾਲੀਆਂ ਲੈ ਕੇ ਉਧਰ ਨੂੰ ਧਾਵਾ ਬੋਲ ਦਿੰਦੀ ਹੈ। 5-5, 10-10 ਮੋਟਰ ਸਾਇਕਲ ਸਵਾਰ ਝੁੰਡ ਬਣਾ ਕੇ ਤੇ ਪੀਲੀਆਂ ਝੰਡੀਆਂ ਲਗਾ ਕੇ ਤੁਰ ਪੈਂਦੇ ਹਨ। ਮੁੰਨੇ ਹੋਏ ਮੂੰਹਾਂ ਸਿਰਾਂ ਵਾਲੇ ਇਹ ਵਿਹਲੜ ਹੈਲਮਟ ਪਾਉਣ ਦੀ ਬਜਾਏ ਗਜ ਕੁ ਲੰਬਾ ਚਿੱਟਾ ਜਾਂ ਪੀਲਾ ਸਾਫਾ ਸਿਰ 'ਤੇ ਵਲੇਟ ਲੈਂਦੇ ਹਨ। ਕਿਸੇ ਵੀ ਜਲਸੇ ਜਲੂਸ ਦੇ ਅੱਗੇ ਮੋਟਰ ਸਾਇਕਲਾਂ ਦੇ ਟੋਲੇ ਆਮ ਹੀ ਦਿਖਾਈ ਦੇਂਦੇ ਹਨ। ਜੇ ਕਿਤੇ ਇਨ੍ਹਾਂ ਦਾ ਡੋਪ ਟੈਸਟ ਕੀਤਾ ਜਾਵੇ, ਤਾਂ ਅੱਧੇ ਤੋਂ ਜ਼ਿਆਦਾ ਡਰੱਗਜ਼ ਨਾਲ ਰੱਜੇ ਹੋਏ ਮਿਲਣਗੇ। ਹੇਮਕੁੰਟ ਸਾਹਿਬ ਦੀ ਯਾਤਰਾ ਵੇਲੇ ਵੀ ਇਹ ਮੋਟਰ ਸਾਇਕਲਾਂ ਵਾਲੇ ਵਿਹਲੜ ਬਹੁਤ ਗਦਰ ਮਚਾਉਂਦੇ ਹਨ। ਅਖਬਾਰਾਂ ਵਿਚ ਇਹ ਖਬਰ ਕਈ ਵਾਰ ਛਪੀ ਹੈ ਕਿ ਉੱਤਰਾਖੰਡ ਦੀ ਪੁਲਿਸ ਪੰਜਾਬੀਆਂ ਨਾਲ ਵਿਤਕਰਾ ਕਰਦੀ ਹੈ। ਇਹ ਵਿਤਕਰਾ ਇਨ੍ਹਾਂ ਨਾਲ ਹੀ ਕਿਉਂ ਹੁੰਦਾ ਹੈ? ਕਾਰਨ ਇਹ ਹੈ ਕਿ ਇਹ ਉੱਤਰਾਖੰਡ ਦਾ ਕੋਈ ਟਰੈਫਿਕ ਕਾਨੂੰਨ ਨਹੀਂ ਮੰਨਦੇ। ਕੋਈ ਹੈਲਮਟ ਨਹੀਂ ਪਾਉਂਦਾ, ਇੱਕ ਮੋਟਰ ਸਾਇਕਲ 'ਤੇ ਤਿੰਨ-ਤਿੰਨ ਚੰਬੜੇ ਹੁੰਦੇ ਹਨ ਤੇ ਨਾ ਹੀ ਕਿਸੇ ਦੇ ਕਾਗਜ਼ਾਤ ਪੂਰੇ ਹੁੰਦੇ ਹਨ। ਉੱਤਰਾਖੰਡ ਪੁਲਿਸ ਟੂਰਿਜ਼ਮ ਦੀ ਖਾਤਰ ਇਨ੍ਹਾਂ ਦੀਆਂ ਜ਼ਿਆਦਤੀਆਂ ਬਰਦਾਸ਼ਤ ਕਰ ਲੈਂਦੀ ਹੈ। ਪਰ ਜਦੋਂ ਵੀ ਕੋਈ ਸਖਤ ਅਫਸਰ ਚੈਕਿੰਗ ਕਰਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਇਹ ਧਾਰਮਿਕ ਭੇਦਭਾਵ ਦਾ ਰੌਲਾ ਪਾ ਕੇ ਬੈਠ ਜਾਂਦੇ ਹਨ। ਰਸਤੇ ਵਿਚ ਪਹਾੜੀਆਂ ਖਿਸਕਣ ਨਾਲ ਸੜਕ 'ਤੇ ਡਿੱਗ ਰਹੇ ਪੱਥਰਾਂ ਦੀ ਵੀ ਪ੍ਰਵਾਹ ਨਹੀਂ ਕਰਦੇ। 3-4 ਸਾਲ ਪਹਿਲਾਂ ਬਾਰਡਰ ਰੋਡਜ਼ ਦੇ ਫੌਜੀਆਂ ਨੇ ਰਿਸ਼ੀਕੇਸ਼ ਤੋਂ ਅੱਗੇ ਸ੍ਰੀਨਗਰ ਲਾਗੇ ਇਨ੍ਹਾਂ ਨੂੰ ਬਹੁਤ ਮੁਸ਼ਕਿਲ ਨਾਲ ਸਖਤੀ ਕਰ ਕੇ ਅੱਗੇ ਜਾਣ ਤੋਂ ਰੋਕਿਆ ਸੀ। ਪਿਛਲੇ ਕੁਝ ਸਾਲਾਂ ਤੋਂ ਰਿਸ਼ੀਕੇਸ਼, ਗੋਬਿੰਦ ਘਾਟ ਤੇ ਗੋਬਿੰਦ ਧਾਮ ਗੁਰਦੁਆਰਿਆਂ ਦੇ ਪ੍ਰਬੰਧਕ ਵੀ ਇਨ੍ਹਾਂ ਤੋਂ ਅੱਕ ਗਏ ਹਨ। ਰਾਤ ਨੂੰ ਸੌਣ ਲੱਗਿਆਂ ਇਹ ਬਜ਼ੁਰਗਾਂ ਤੱਕ ਤੋਂ ਕੰਬਲ ਖੋਹ ਲੈਂਦੇ ਹਨ। ਕੁਝ ਸਾਲ ਪਹਿਲਾਂ ਜਦੋਂ ਉਤਰਾਖੰਡ ਵਿਚ ਹੜ੍ਹ ਆਏ ਸਨ, ਤਾਂ ਬਹੁਤੇ ਉਹ ਹੀ ਪੰਜਾਬੀ ਮਰੇ ਸਨ, ਜੋ ਵਾਰਨਿੰਗ ਦੇ ਬਾਵਜੂਦ ਗੋਬਿੰਦ ਧਾਮ ਤੋਂ ਅੱਗੇ ਯਾਤਰਾ ਕਰਨ ਤੋਂ ਨਹੀਂ ਸਨ ਟਲੇ।

ਸਾਡੀ ਜ਼ਿਆਦਾਤਰ ਨਵੀਂ ਪੀੜ੍ਹੀ ਦਾ ਧਰਮ ਨਾਲ ਕੋਈ ਬਹੁਤਾ ਸਰੋਕਾਰ ਨਹੀਂ ਰਿਹਾ। ਇਨ੍ਹਾਂ ਵਾਸਤੇ ਇਹ ਮੇਲੇ ਸਿਰਫ ਮਨੋਰੰਜਨ ਦਾ ਸਾਧਨ ਬਣ ਗਏ ਹਨ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਫਤਿਹਗੜ੍ਹ ਸਾਹਿਬ ਜੋੜ ਮੇਲੇ ਵਿਚ ਇਹ ਵਿਹਲੜ ਟੋਲੇ ਭੈੜੀ ਜਿਹੀ ਆਵਾਜ ਵਾਲੀਆਂ ਪੀਪਣੀਆਂ ਵਜਾਉਂਦੇ ਅਵਾਰਾਗਰਦੀ ਕਰਦੇ ਆਮ ਹੀ ਵੇਖੇ ਜਾ ਸਕਦੇ ਹਨ। ਇਨ੍ਹਾਂ ਵਿਚੋਂ ਬਹੁਤਿਆਂ ਨੂੰ ਇਸ ਮੇਲੇ ਦੇ ਇਤਿਹਾਸ ਬਾਰੇ ਪਤਾ ਹੀ ਨਹੀਂ ਹੋਣਾ। ਆਨੰਦਪੁਰ ਸਾਹਿਬ ਹੋਲਾ-ਮਹੱਲਾ ਡਿਊਟੀ ਵੇਲੇ ਪਿਛਲੇ ਸਾਲ ਮੈਂ ਅਵਾਰਾ ਘੁੰਮ ਰਹੇ ਇੱਕ ਅਜਿਹੇ ਹੀ ਟੋਲੇ ਨੂੰ ਪੁੱਛਿਆ ਕਿ ਹੋਲਾ-ਮਹੱਲਾ ਕਿਉਂ ਮਨਾਉਂਦੇ ਹਨ? ਬਹੁਤਿਆਂ ਦਾ ਜਵਾਬ ਸੀ ਕਿ ਇਸ ਦਿਨ ਖਾਲਸਾ ਪੰਥ ਸਾਜਿਆ ਗਿਆ ਸੀ। ਮੇਲਿਆਂ ਵਿਚ ਲੜਾਈ ਝਗੜੇ ਤੇ ਛੇੜਛਾੜ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਹਰੇਕ ਸਾਲ ਮੇਲਿਆਂ ਨੂੰ ਜਾਂਦੇ ਅਨੇਕਾਂ ਮੋਟਰ ਸਾਇਕਲ ਸਵਾਰ ਟਰੈਫਿਕ ਕਾਨੂੰਨਾਂ ਦੀ ਉਲੰਘਣਾ ਕਰਦੇ ਹੋਏ ਐਕਸੀਡੈਂਟਾਂ ਕਾਰਨ ਮੌਤ ਦੇ ਮੂੰਹ ਵਿਚ ਜਾ ਪੈਂਦੇ ਹਨ। ਘਰ ਦਾ ਕੰਮਕਾਰ ਛੱਡ ਕੇ ਤੇ ਪੈਸੇ ਫੂਕ ਕੇ ਮੇਲਿਆਂ ਵਿਚ ਜਾ ਕੇ ਅਜਿਹੇ ਮੁਸ਼ਟੰਡਪੁਣੇ ਕਰਨੇ ਠੀਕ ਨਹੀਂ। ਪਰ ਪੁਲਿਸ ਦੇ ਸਿਰਤੋੜ ਯਤਨਾਂ ਦੇ ਬਾਵਜੂਦ ਅਜਿਹੀਆਂ ਘਟਨਾਵਾਂ ਵਧਦੀਆਂ ਹੀ ਜਾ ਰਹੀਆਂ ਹਨ।


Do you know how to plan & secure your finances?

*Book your free consultations for*

- ✔ Tax free Retirement Planning
- ✔ College Education Planning
- ✔ Proper Protection
- ✔ Health & Disability (Long Term Care Planning)
- ✔ Annuities
- ✔ Will & Trust (Discounted for a limited time with conditions applied)
- ✔ Building Legacy

Harsimran Bajwa

Lic# 4267166

Call/Text: (916) 479-4783

Email: bajwahgi@gmail.com



*Let's do the needful to secure our life and our family's future!*



# ਮਾਂ ਵਰਗਾ ਘਣਛਾਵਾਂ ਬੂਟਾ, ਮੈਨੂੰ ਨਜ਼ਰ ਨਾ ਆਏ...


**ਡਾ. ਚਰਨਜੀਤ ਕੌਰ**
ਅਸਿਸਟੈਂਟ ਪ੍ਰੋਫ਼ੈਸਰ
ਚੌਧਰੀ ਦੇਵੀ ਲਾਲ
ਯੂਨੀਵਰਸਿਟੀ, ਸਿਰਸਾ
98784-47758




(Punjab Mail USA)

ਸਾਰੇ ਵਿਸ਼ਵ ਵਿਚ ਮਾਂ ਦਾ ਦਰਜਾ ਬਹੁਤ ਉੱਚਾ ਹੈ। ਇਸ ਵਿਚ ਦੇਸ਼, ਧਰਮ, ਜਾਤੀ, ਕੌਮ, ਸਥਾਨ ਕੋਈ ਮਾਇਨੇ ਨਹੀਂ ਰੱਖਦਾ। ਪਿੱਛੇ ਜਿਹੇ ਦੁਨੀਆਂ ਵਿਚ ਸਭ ਤੋਂ ਲੋਕ ਪ੍ਰਿਆ ਤੇ ਮਹੱਤਵਪੂਰਨ ਪ੍ਰਚੱਲਿਤ ਸ਼ਬਦਾਂ ਬਾਰੇ ਕਿਸੇ ਵਿਦੇਸ਼ੀ ਯੂਨੀਵਰਸਿਟੀ ਨੇ ਸਰਵੇਖਣ ਕਰਵਾਇਆ, ਤਾਂ ਉਸ ਵਿਚੋਂ ਸਭ ਤੋਂ ਪਹਿਲੇ ਨੰਬਰ 'ਤੇ ਅਤੇ ਨਾਲ ਹੀ ਸਭ ਤੋਂ ਵਧੇਰੇ ਵਰਤਿਆ ਜਾਣ ਵਾਲਾ ਸ਼ਬਦ 'ਮਾਂ' ਹੀ ਰਿਹਾ। ਕਹਿਣ ਦਾ ਭਾਵ ਹੈ ਕਿ ਮਾਂ ਦੀ ਮਮਤਾ ਨੂੰ ਚੁਣੌਤੀ ਦੇਣਾ ਸੌਖਾ ਨਹੀਂ। ਮਨੁੱਖਾਂ ਵਿਚ ਹੀ ਨਹੀਂ, ਜੀਵਾਂ ਵਿਚ ਵੀ ਅਸੀਂ ਮਾਂ ਨੂੰ ਬੱਚਿਆਂ ਨੂੰ ਜਨਮ ਦੇਣ ਤੇ ਉਸ ਦੀ ਪਾਲਣਾ ਕਰਦੇ ਹੋਏ ਵੇਖਦਾ ਹਾਂ। ਇੱਥੋਂ ਤੱਕ ਕਿ ਰੱਬ ਤੋਂ ਬਾਅਦ ਸਭ ਤੋਂ ਵੱਧ ਮਾਨਤਾ ਜਿਸ ਨੂੰ ਦਿੱਤੀ ਜਾਂਦੀ ਰਹੀ ਹੈ, ਉਹ ਮਾਂ ਹੀ ਹੈ।

ਪੰਜਾਬੀ 'ਚ ਮਾਂ ਬਾਰੇ ਸਭ ਤੋਂ ਖ਼ੂਬਸੂਰਤ ਰੁਬਾਈ ਕਈ ਦਹਾਕੇ ਪਹਿਲਾਂ ਪ੍ਰੋ. ਮੋਹਨ ਸਿੰਘ ਦੀ ਲਿਖੀ ਹੇਠ ਕਵਿਤਾ ਹੀ ਹੈ :-

ਮਾਂ ਵਰਗਾ ਘਣਛਾਵਾਂ ਬੂਟਾ, ਮੈਨੂੰ ਨਜ਼ਰ ਨਾ ਆਏ
ਲੈ ਕੇ ਜਿਸ ਤੋਂ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ।
ਬਾਕੀ ਕੁੱਲ ਦੁਨੀਆਂ ਦੇ ਬੂਟੇ, ਜੜ੍ਹ ਸੁੱਕਿਆ ਮੁਰਝਾਏ,
ਐਪਰ ਫੁੱਲਾਂ ਦੇ ਮੁਰਝਾਇਆਂ, ਇਹ ਬੂਟਾ ਸੁੱਕ ਜਾਏ।

ਇਹ ਸਤਰਾਂ ਮਨੁੱਖੀ ਜੀਵਨ ਵਿਚ ਮਾਂ ਦੀ ਮਹੱਤਤਾ ਦਾ ਵਰਣਨ ਕਰਨ ਲਈ ਕਾਫ਼ੀ ਹੱਦ ਤੱਕ ਸਫ਼ਲ ਰਹੀਆਂ ਹਨ। ਇਹ ਸਤਰਾਂ ਸਾਨੂੰ ਮਾਂ ਦੇ ਬਲੀਦਾਨ ਅਤੇ ਨਿਰਪੇਖ ਪਿਆਰ ਦੀ ਯਾਦ ਦਿਵਾਉਂਦੀਆਂ ਹਨ। ਮਾਂ ਇਸ ਦੁਨੀਆਂ ਵਿਚ ਬੱਚੇ ਲਈ ਇੱਕ ਵਿਲੱਖਣ ਅਤੇ ਅਤੁੱਲ ਦਾਤ ਹੈ। ਮਾਂ ਸਭ ਤੋਂ ਪਹਿਲੀ ਗੁਰੂ ਵੀ ਹੁੰਦੀ ਹੈ। ਮਾਂ ਇੱਕ ਮੁਕੰਮਲ ਸੰਸਥਾ ਹੁੰਦੀ ਹੈ, ਜੋ ਬੱਚੇ ਨੂੰ ਜਨਮ ਦੇਣ ਤੋਂ ਬਾਅਦ ਉਸ ਨੂੰ ਚੱਲਣਾ, ਬੋਲਣਾ, ਲਿਖਣਾ ਅਤੇ ਉਸ ਦੇ ਵਿਚ ਨੈਤਿਕ ਕਦਰਾਂ-ਕੀਮਤਾਂ ਵਿਕਸਿਤ ਕਰਨਾ ਅਤੇ ਸਭ ਤੋਂ ਵੱਧ ਉਸ ਵਿਚ ਸੰਸਕਾਰ ਪੈਦਾ ਕਰਦੀ ਹੈ। ਇੱਕ ਮਾਂ ਦੀ ਜ਼ਿੰਦਗੀ ਆਪਣੇ ਬੱਚੇ ਦੁਆਲੇ ਘੁੰਮਦੀ ਹੈ। ਬੱਚੇ ਲਈ ਮਾਂ ਉਸ ਦੀ ਦੋਸਤ ਵੀ ਹੈ ਤੇ ਖ਼ਜ਼ਾਨਾ ਵੀ। ਬੱਚਾ ਬਚਪਨ ਵਿਚ ਸਭ ਤੋਂ ਜ਼ਿਆਦਾ ਸਮਾਂ ਆਪਣੀ ਮਾਂ ਨਾਲ ਗੁਜਾਰਦਾ ਹੈ। ਇਸ ਲਈ ਉਸ ਦੇ ਵਿਅਕਤੀਤਵ ਨਿਰਮਾਣ ਵਿਚ ਸਭ ਤੋਂ ਵੱਡੀ ਭੂਮਿਕਾ ਮਾਂ ਦੀ ਹੁੰਦੀ ਹੈ।

ਮਾਂ ਦਾ ਪਿਆਰ ਪਿਘਲਦੀ ਬਰਫ਼ ਦੇ ਪਾਣੀ ਵਾਂਗੂ ਨਿਰਛਲ ਅਤੇ ਸੱਚਾ-ਸੁੱਚਾ ਹੁੰਦਾ ਹੈ। ਮਾਂ ਦੀ ਗਲਵੱਕੜੀ ਵਿਚ ਸਿਆਲ ਦੀ ਰੁੱਤੇ ਅੱਗ ਦੀ ਧੂਣੀ ਵਿਚੋਂ ਮਿਲਦੇ ਸੇਕ ਜਿਹਾ ਨਿੱਘ ਹੁੰਦਾ ਹੈ। ਮਾਂ ਦੇ ਚੁੰਮਣ ਵਿਚ ਬਰਫ਼ ਨੂੰ ਪਿਘਲਾ ਦੇਣ ਜਿੰਨੀ ਮਮਤਾ ਹੁੰਦੀ ਹੈ। ਮਾਂ ਦੇ ਆਸ਼ੀਰਵਾਦ ਵਿਚ ਪਹਾੜਾਂ ਨੂੰ ਪਾੜ ਦੇਣ ਜਿੰਨੀ ਸ਼ਕਤੀ ਹੁੰਦੀ ਹੈ।

ਜਦੋਂ ਵੀ ਕਿਸੇ ਇਨਸਾਨ ਨੂੰ ਕੋਈ ਦੁੱਖ ਹੁੰਦਾ ਹੈ ਜਾਂ ਸੱਟ ਚੋਟ ਲੱਗਦੀ ਹੈ, ਤਾਂ ਉਹ ਇਨਸਾਨ ਜਾਂ ਤਾਂ 'ਹਾਏ ਰੱਬਾ' ਕਹਿੰਦਾ ਹੈ ਅਤੇ ਜਾਂ ਫਿਰ 'ਹਾਏ ਮਾਂ'। ਇਸ ਤੋਂ ਸਪੱਸ਼ਟ ਹੈ ਕਿ ਅਸੀਂ ਸਾਰੇ ਹੀ ਮਾਂ ਨੂੰ ਰੱਬ ਦੇ ਬਰਾਬਰ ਦਾ ਅਹੁਦਾ ਦਿੰਦੇ ਹਾਂ। ਸਚਮੁੱਚ ਹੀ ਮਾਂ ਅਤੇ ਰੱਬ ਵਿਚ ਕੋਈ ਫ਼ਰਕ ਨਹੀਂ। ਜੇਹੇ ਮਾਂ ਦੇ ਦਰਸ਼ਨ ਕਰ ਲਏ, ਤੇਹਾ ਖ਼ੁਦਾ ਦਾ ਨਾਂ ਲੈ ਲਿਆ।

ਆਧੁਨਿਕ ਸਮੇਂ ਵਿਚ ਵਿਗਿਆਨ ਦੀ ਬਿਹਤਰ ਤਰੱਕੀ ਨੇ ਇੱਕ ਮਾਂ ਦੀ ਕੁੱਖ ਨੂੰ ਵੀ ਫ਼ਰੋਲਣਾ ਸ਼ੁਰੂ ਕਰ ਦਿੱਤਾ। ਉਸ ਦੀ ਕੁੱਖ ਵਿਚ ਜੇ ਭਰੂਣ ਬੱਚੀ ਜਾਂ ਕੁੜੀ ਹੈ, ਤਾਂ ਉਸ ਭਰੂਣ ਨੂੰ ਜਨਮ ਦੇਣ ਤੋਂ ਪਹਿਲਾਂ ਹੀ ਮਾਰ ਦਿੱਤਾ ਜਾਂਦਾ ਹੈ। ਲਿੰਗ ਪਰੀਖਣ ਨੇ ਕੰਨਿਆ ਭਰੂਣ ਹੱਤਿਆ ਰਾਹੀਂ ਧੀਆਂ/ਬੱਚੀਆਂ ਦੇ ਜਨਮ ਨੂੰ ਡਾਢੀ ਢਾਹ ਲਾਈ। ਗਰਭਪਾਤ ਨੂੰ ਨਾਰੀ ਸੁਤੰਤਰਤਾ ਨਾਲ ਜੋੜ ਕੇ ਦੇਖਣ ਲਈ ਹੀ ਪੱਛਮੀ ਔਰਤਾਂ ਨੇ ਆਵਾਜ਼ ਚੁੱਕੀ, ਪਰ ਇਸ ਨੂੰ ਵਰਤਣ ਦਾ ਹੱਕ ਭਾਰਤੀਆਂ ਨੂੰ ਮਿਲ ਗਿਆ।

ਵਕਤ ਦੇ ਬਦਲਣ ਨਾਲ ਸਮਾਜ ਬਦਲ ਰਹੀ ਲੋੜ ਅਤੇ ਨੁਹਾਰ ਨੇ ਲੋਕਾਂ ਦੀ ਸੋਚ ਅਤੇ ਵਿਹਾਰ ਵਿਚ ਜੋ ਤਬਦੀਲੀਆਂ ਆ ਰਹੀਆਂ ਹਨ, ਉਸ ਨਾਲ ਸਦੀਆਂ ਪੁਰਾਣੀਆਂ ਕਦਰਾਂ-ਕੀਮਤਾਂ ਟੁੱਟ-ਭੱਜ ਰਹੀਆਂ ਹਨ।

ਅਜੋਕੇ ਸਵਾਰਥ ਭਰੇ ਸਮੇਂ ਦਾ ਪਹੀਆ ਬਾਕੀ ਦੇ ਮਾਨਵੀ ਰਿਸ਼ਤਿਆਂ ਨੂੰ ਤਾਂ ਮਿੱਧ ਸਕਦਾ ਹੈ, ਪਰ ਮਾਂ ਦਾ ਆਚਰਨ, ਮਾਂ ਦਾ ਕਿਰਦਾਰ, ਮਾਂ ਦੇ ਵਿਹਾਰ, ਮਾਂ ਦੀ ਸੋਚ ਅਤੇ ਉਸ ਵਿਚਲਾ ਕੁਰਬਾਨੀ ਦਾ ਜਜ਼ਬਾ ਸਦੈਵ ਜ਼ਿੰਦਾ ਰਹੇਗਾ ਕਿਉਂਕਿ ਮਾਂ ਇੱਕ ਅਮਰ ਸੱਚਾਈ ਹੈ ਅਤੇ ਸੱਚਾਈ ਉਹ ਉੱਜਲ ਰੌਸ਼ਨੀ ਹੈ, ਜੋ ਕਦੇ ਬੁਝਦੀ ਨਹੀਂ, ਕਦੇ ਧੁੰਦਲੀ ਨਹੀਂ ਹੁੰਦੀ।



# ਅਪੀਲ

ਪੰਜਾਬੀ ਭਾਸ਼ਾ ਨੂੰ ਬੋਲਣ ਅਤੇ ਪਿਆਰ ਕਰਨ ਵਾਲਾ ਸਮੂਹ, ਖਾਸਕਰ ਸਾਰੇ ਪੰਜਾਬੀਆਂ ਨੂੰ ਨਿਮਰਤਾ ਸਹਿਤ ਬੇਨਤੀ ਹੈ, ਪੰਜਾਬੀ ਭਾਸ਼ਾ ਅਤੇ ਪੰਜਾਬੀਅਤ ਦੀ ਰਾਖੀ ਕਰਨ ਵਾਲੀ ਯੂਨੀਵਰਸਿਟੀ (ਪਟਿਆਲਾ) ਅਤੇ ਭਾਸ਼ਾ ਵਿਭਾਗ ਪਟਿਆਲਾ ਡੂੰਘੇ ਵਿੱਤੀ ਸੰਕਟ ਵਿਚ ਹੈ। ਕੇਂਦਰ ਸਰਕਾਰ ਦਾ ਮਤਰੇਈ ਮਾਂ ਵਾਲਾ ਸਲੂਕ ਅਤੇ ਪੰਜਾਬ ਸਰਕਾਰ ਫੰਡਾਂ ਦੀ ਘਾਟ ਕਾਰਨ ਇਸ ਨੂੰ ਅਣਗੌਲਿਆਂ ਕਰ ਰਹੀ ਹੈ। ਸਮੇਂ ਦੀ ਮੰਗ ਹੈ ਆਉ ਮਾਂ ਬੋਲੀ ਬਚਾਈਏ। ਡੇਰੇ, ਗੁਰੂਘਰ ਤਾਂ ਆਉਣ ਵਾਲੀਆਂ ਪੀੜ੍ਹੀਆਂ ਵੀ ਬਣਾ ਲੈਣਗੀਆਂ, ਜੇ ਬੋਲੀ ਹੀ ਨਾ ਰਹੀ, ਤਾਂ ਇਨ੍ਹਾਂ ਇਮਾਰਤਾਂ ਵਿਚ ਹੋਰ ਭਾਸ਼ਾਵਾਂ ਵਾਲੇ ਭਾਤ ਪਕਾਉਣਗੇ। ਸੋ ਆਉ ਇੱਕ ਸਾਲ ਵਾਸਤੇ ਕੋਈ ਵੀ ਵਿਅਕਤੀ ਡੇਰੇਦਾਰਾਂ ਜਾਂ ਗੁਰੂਘਰਾਂ, ਸੱਭਿਆਚਾਰਕ ਮੇਲਿਆਂ, ਮਹਿੰਗੇ ਟੂਰਨਾਮੈਂਟਾਂ ਦੀ ਥਾਂ ਪੈਸੇ ਦੇ ਕੇ ਪੰਜਾਬੀ ਯੂਨੀਵਰਸਿਟੀ ਅਤੇ ਭਾਸ਼ਾ ਵਿਭਾਗ ਬਚਾਈਏ। ਸਾਰਾ ਦਸਵੰਧ ਇਸ ਅਦਾਰੇ ਨੂੰ ਦੇ ਕੇ ਮਾਂ ਬੋਲੀ ਪੰਜਾਬੀ ਦੇ ਸੱਚੇ ਸਪੂਤ ਹੋਣ ਦਾ ਸਬੂਤ ਦੇਈਏ, ਇੱਕ ਸਾਲ ਬਾਅਦ ਫਿਰ ਛਿੰਝਾਂ ਮੇਲੇ ਲਾ ਲਵਾਂਗੇ॥

**ਧੰਨਵਾਦ ਸਹਿਤ**


ਬੇਨਤੀ ਕਰਤਾ
**ਹਰਦੀਪ ਸਿੰਘ ਸੋਢੀ ਨਡਾਲਾ**
ਫੀਨਿਕਸ
480-794-0325
sodhi1960@yahoo.com





(Punjab Mail USA







# ਪੱਤਰਕਾਰੀ ਦਾ ਬਦਲਦਾ ਚਿਹਰਾ





-ਵਿਜੇ ਗਰਗ
ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਿਸਟ, ਮਲੋਟ (ਪੰਜਾਬ)
(Punjab Mail USA)

ਡਿਜੀਟਲ ਪਰਿਵਰਤਨ ਦੀ ਰਫ਼ਤਾਰ ਨੇ ਪੱਤਰਕਾਰੀ ਨੂੰ ਰਾਹ ਵਿਚ ਲਿਆ ਦਿੱਤਾ ਹੈ। ਸੋਸ਼ਲ ਮੀਡੀਆ ਖ਼ਬਰਾਂ ਦੀ ਭੂਮਿਕਾ ਨਿਭਾਉਂਦਾ ਹੈ, ਇਸ ਲਈ ਰੋਜ਼ਾਨਾ ਘੱਟ ਰਹੇ ਹਨ। ਪਰ ਅਸੀਂ ਪ੍ਰੈੱਸ ਹੋਣ ਤੋਂ ਲੈ ਕੇ ਦਿਨ ਦੇ ਸਮਾਗਮਾਂ ਲਈ ਐਪਸ ਦੁਆਰਾ ਸਕ੍ਰੌਲ ਕਰਨ ਤੱਕ ਕਿਵੇਂ ਪ੍ਰਾਪਤ ਕੀਤਾ?

ਸਭ ਜਾਣਦੇ ਹਨ ਕਿ ਪੱਤਰਕਾਰੀ ਬਦਲ ਰਹੀ ਹੈ। ਅਖ਼ਬਾਰਾਂ ਦੇ ਪਾਠਕ ਪੱਧਰ ਹੇਠਾਂ ਹਨ ਅਤੇ ਹਰ ਕੋਈ ਟਵਿੱਟਰ 'ਤੇ ਛੁੱਟੀ ਸਕੋਰ ਪ੍ਰਾਪਤ ਕਰਦਾ ਹੈ। ਵਾਸਤਵ ਵਿਚ ਮੇਰੇ 86-ਸਾਲ ਦੇ ਦਾਦਾ, ਸਿਰਿਲ ਤੋਂ ਇਲਾਵਾ, ਮੈਂ ਬਹੁਤ ਸਾਰੇ ਲੋਕਾਂ ਨੂੰ ਨਹੀਂ ਜਾਣਦਾ, ਜੋ ਅਸਲ ਵਿਚ ਅਜੇ ਵੀ ਹਰ ਰੋਜ਼ ਇੱਕ ਰੋਜ਼ਾਨਾ ਪੇਪਰ ਖਰੀਦਦੇ ਹਨ।

ਹਾਲਾਂਕਿ, ਇਸਦਾ ਮਤਲਬ ਇਹ ਨਹੀਂ ਹੈ ਕਿ ਲੋਕ ਹੁਣ ਖ਼ਬਰਾਂ ਦਾ ਸੇਵਨ ਨਹੀਂ ਕਰ ਰਹੇ ਹਨ। ਇਹ ਬਲੌਗ ਪੱਤਰਕਾਰੀ ਦੇ ਬਹੁਤ ਸਾਰੇ ਨਵੇਂ ਉਭਰ ਰਹੇ ਰੂਪਾਂ ਨੂੰ ਦੇਖ ਰਿਹਾ ਹੈ, ਜੋ ਦੁਨੀਆਂ ਭਰ ਦੇ ਲੋਕਾਂ ਨੂੰ ਇੱਕ ਬਟਨ ਦੇ ਛੂਹਣ 'ਤੇ, ਜਾਂਦੇ-ਜਾਂਦੇ ਅਤੇ ਕਈ ਪਲੇਟਫਾਰਮਾਂ 'ਤੇ ਕਹਾਣੀਆਂ ਤੱਕ ਪਹੁੰਚ ਕਰਨ ਦੀ ਇਜਾਜ਼ਤ ਦੇ ਰਿਹਾ ਹੈ।

ਨੈਸ਼ਨਲ ਰੀਡਰਸ਼ਿਪ ਸਰਵੇ (ਐੱਨ.ਆਰ.ਐੱਸ.) ਦੇ ਅਨੁਸਾਰ, ਮੀਡੀਆਟੇਲ ਦੁਆਰਾ 2015 ਵਿਚ ਡੇਲੀ ਨੈਸ਼ਨਲ ਅਖਬਾਰਾਂ ਦਾ ਸਰਕੂਲੇਸ਼ਨ 4.13% ਘੱਟ ਸੀ। ਤੁਸੀਂ ਅਣਗਿਣਤ ਲੇਖ ਆਨਲਾਈਨ ਲੱਭ ਸਕਦੇ ਹੋ, ਜੋ ਪ੍ਰਿੰਟ ਪੱਤਰਕਾਰੀ ਵਿਚ ਪਾਠਕਾਂ ਦੀ ਘਟਦੀ ਗਿਣਤੀ ਨੂੰ ਪੇਸ਼ ਕਰਦੇ ਹਨ।

"ਨਿਊਜ਼ਪ੍ਰਿੰਟ ਪੇਪਰਾਂ ਨੂੰ ਪ੍ਰਕਾਸ਼ਿਤ ਕਰਨਾ ਜਾਰੀ ਰੱਖਣਾ ਲਾਹੇਵੰਦ ਹੋ ਜਾਣ ਤੋਂ ਪਹਿਲਾਂ ਇਹ ਸਿਰਫ ਸਮੇਂ ਦੀ ਗੱਲ ਹੈ।"

ਜੋ ਪ੍ਰਿੰਟ ਦੀ ਜਗ੍ਹਾ ਲੈ ਰਿਹਾ ਜਾਪਦਾ ਹੈ, ਉਹ ਮੋਬਾਈਲ ਹੈ। ਮੈਂ ਜਲਦੀ ਹੀ ਨਿਊਜ਼ ਬ੍ਰਾਂਡਾਂ ਲਈ ਐਪ ਦੀ ਸ਼ਕਤੀ ਨੂੰ ਸਮਰਪਿਤ ਇੱਕ ਪੋਸਟ ਪ੍ਰਕਾਸ਼ਿਤ ਕਰਨ ਜਾ ਰਿਹਾ ਹਾਂ, ਪਰ ਤੁਹਾਨੂੰ ਜੋ ਜਾਣਨ ਦੀ ਜ਼ਰੂਰਤ ਹੈ, ਉਹ ਇਹ ਹੈ ਕਿ ਲੋਕ ਖ਼ਬਰਾਂ ਦੀਆਂ ਕਹਾਣੀਆਂ ਤੱਕ ਪਹੁੰਚ ਕਰਨ ਲਈ ਆਪਣੇ ਫੋਨ ਦੀ ਵੱਧ ਤੋਂ ਵੱਧ ਵਰਤੋਂ ਕਰ ਰਹੇ ਹਨ। ਵਾਸਤਵ ਵਿਚ, ਐੱਨ.ਆਰ.ਐੱਸ. ਦੇ ਅਨੁਸਾਰ, ਔਸਤਨ ਮੋਬਾਈਲ ਵਿਅਕਤੀਗਤ ਨਿਊਜ਼ਬ੍ਰਾਂਡ ਪੈਰਾਂ ਦੇ ਨਿਸ਼ਾਨਾਂ ਤੱਕ 118% ਦਰਸ਼ਕਾਂ ਦੀ ਪਹੁੰਚ ਨੂੰ ਹੋਰ ਜੋੜਦਾ ਹੈ।

ਐਪਸ ਅੱਜ ਦੇ ਵਿਅਸਤ ਸੰਸਾਰ ਦੇ ਅਨੁਕੂਲ ਹਨ। ਡਾਊਨਲੋਡ ਕਰਨ ਲਈ ਤੇਜ਼, ਖੋਲ੍ਹਣ ਲਈ ਤੇਜ਼ ਅਤੇ ਐਕਸੈੱਸ ਕਰਨ ਲਈ ਤੇਜ਼। ਬਹੁਤ ਸਾਰੇ ਲੋਕਾਂ ਦੇ ਆਉਣ-ਜਾਣ ਦੇ ਨਾਲ, ਐਪਸ ਕੰਮ ਦੇ ਅੰਦਰ ਅਤੇ ਬਾਹਰ ਯਾਤਰਾ ਕਰਨ ਵਾਲਿਆਂ ਨੂੰ ਅਕਸਰ ਵਿਅਕਤੀਗਤ ਨਿਊਜ਼ ਫੀਡਸ ਦੁਆਰਾ ਸਕ੍ਰੌਲ ਕਰਨ ਦਾ ਮੌਕਾ ਵੀ ਦਿੰਦੇ ਹਨ।

## ਡਿਜੀਟਲ ਯੁੱਗ

ਅੱਜ ਦਾ ਸਮਾਜ "ਡਿਜੀਟਲ ਨੇਟਿਵ" ਨਾਲ ਭਰਿਆ ਹੋਇਆ ਹੈ (ਇਹ ਨੌਜਵਾਨ ਅਤੇ ਕੁੱਝ ਹੋਰ ਹਨ ਜੋ ਟਵੀਟ ਕਰਦੇ ਹਨ ਅਤੇ ਸਵਾਈਪ ਕਰਦੇ ਹਨ ਅਤੇ ਡੀ.ਐੱਮ. ਵਿਚ ਸਲਾਈਡ ਕਰਦੇ ਹਨ)। ਸਾਡੇ ਤੋਂ ਪਹਿਲਾਂ ਦੀਆਂ ਪੀੜ੍ਹੀਆਂ ਦੇ ਉਲਟ, ਅਸੀਂ ਤਕਨਾਲੋਜੀ ਨਾਲ ਘਿਰੇ ਹੋਏ ਹਾਂ।

ਇਹ ਨੌਜਵਾਨਾਂ ਨੂੰ ਨਵੇਂ ਮੀਡੀਆ ਲਈ ਇੱਕ ਸੰਪੂਰਨ ਨਿਸ਼ਾਨਾ ਬਣਾਉਂਦਾ ਹੈ, ਜੋ ਕਿ ਕਿਤੇ ਵੀ ਅਤੇ ਕਿਸੇ ਵੀ ਸਮੇਂ, ਆਮ ਤੌਰ 'ਤੇ ਤੁਹਾਡੇ ਫ਼ੋਨ 'ਤੇ ਖਪਤ ਕੀਤਾ ਜਾ ਸਕਦਾ ਹੈ। ਖਾਸ ਤੌਰ 'ਤੇ ਵਿਦਿਆਰਥੀਆਂ ਕੋਲ ਅਸਲ ਪੇਪਰ ਖਰੀਦਣ, ਜਾਂ ਬੈਠ ਕੇ 6 ਵਜੇ ਦੀਆਂ ਖ਼ਬਰਾਂ ਦੇਖਣ ਲਈ ਅਕਸਰ ਸਮਾਂ ਜਾਂ ਪੈਸਾ ਨਹੀਂ ਹੁੰਦਾ। ਇਸ ਲਈ ਖ਼ਬਰਾਂ ਦੇ ਆਊਟਲੈੱਟਸ ਡਿਜੀਟਲ ਸਮਝਦਾਰੀ ਪ੍ਰਾਪਤ ਕਰ ਰਹੇ ਹਨ ਅਤੇ ਵੱਡੀ ਗਿਣਤੀ ਵਿਚ ਔਨਲਾਈਨ ਉਪਭੋਗਤਾਵਾਂ ਲਈ ਸਮੱਗਰੀ ਤਿਆਰ ਕਰ ਰਹੇ ਹਨ।

## ਸੋਸ਼ਲ ਮੀਡੀਆ ਦੀ ਮਹੱਤਤਾ

ਬਿਨਾਂ ਸ਼ੱਕ, ਪੱਤਰਕਾਰੀ ਦਾ ਮੁੱਖ ਤਰੀਕਾ ਸੋਸ਼ਲ ਮੀਡੀਆ ਦਾ ਉਭਾਰ ਹੈ। ਮੈਂ ਬਾਅਦ ਵਿਚ ਬਲੌਗ ਪੋਸਟਾਂ ਪੋਸਟ ਕਰਾਂਗਾ ਜੋ ਕੁਝ ਸਾਈਟਾਂ ਦੀ ਰੂਪਰੇਖਾ ਅਤੇ ਖ਼ਬਰਾਂ ਦੀ ਰਿਪੋਰਟ ਕਰਨ 'ਤੇ ਉਨ੍ਹਾਂ ਦੇ ਪ੍ਰਭਾਵ ਨੂੰ ਦਰਸਾਉਂਦੀਆਂ ਹਨ, ਪਰ ਵੱਡੀਆਂ ਵਿਚ ਫੇਸਬੁੱਕ, ਟਵਿੱਟਰ ਅਤੇ ਸਨੈਪਚੈਟ ਸ਼ਾਮਲ ਹਨ।

ਇੰਸਟਾਗ੍ਰਾਮ ਵੀ ਔਖਾ ਹੈ ਅਤੇ ਹੈਰਾਨ ਕਰਨ ਵਾਲੇ ਮਸ਼ਹੂਰ ਚਿੱਤਰਾਂ ਦੀ ਰਿਪੋਰਟ ਕਰਨ ਵੇਲੇ ਖ਼ਬਰਾਂ ਦੇ ਆਉਟਲੈਟਾਂ ਦੁਆਰਾ ਬਹੁਤ ਵਰਤਿਆ ਜਾਂਦਾ ਹੈ

ਇਸ ਲਈ ਇਸ ਬਾਰੇ ਸਭ ਗੜਬੜ ਕੀ ਹੈ? ਆਓ ਫੇਸਬੁਕ 'ਤੇ ਦੇਖੋ। ਮੇਰੇ ਡੈਡੀ ਸਮੇਤ, ਮੈਂ ਜਾਣਦਾ ਹਾਂ ਕਿ ਹਰ ਕੋਈ ਇਸ 'ਤੇ ਹੈ। ਫੇਸਬੁੱਕ ਦੇ "ਕੰਪਨੀ ਜਾਣਕਾਰੀ" ਪੰਨੇ ਤੋਂ ਕੁਝ ਅੰਕੜੇ ਇਸਦੀ ਪੁਸ਼ਟੀ ਕਰਦੇ ਹਨ:

- ਸਤੰਬਰ 2016 ਲਈ ਔਸਤਨ 1.18 ਬਿਲੀਅਨ ਰੋਜ਼ਾਨਾ ਸਰਗਰਮ ਉਪਭੋਗਤਾ
- ਸਤੰਬਰ 2016 ਲਈ ਔਸਤਨ 1.09 ਬਿਲੀਅਨ ਮੋਬਾਈਲ ਰੋਜ਼ਾਨਾ ਸਰਗਰਮ ਉਪਭੋਗਤਾ
- ਸਤੰਬਰ 30, 2016 ਤੱਕ 1.79 ਬਿਲੀਅਨ ਮਾਸਿਕ ਸਰਗਰਮ ਉਪਭੋਗਤਾ
- ਸਤੰਬਰ 30, 2016 ਤੱਕ 1.66 ਬਿਲੀਅਨ ਮੋਬਾਈਲ ਮਾਸਿਕ ਸਰਗਰਮ ਉਪਭੋਗਤਾ

ਇਹ ਦੇਖਣ ਲਈ ਸਪੱਸ਼ਟ ਹੈ ਕਿ ਫੇਸਬੁੱਕ ਵਰਗੀ ਸਾਈਟ ਹਰ ਰੋਜ਼ ਅਰਬਾਂ ਉਪਭੋਗਤਾਵਾਂ ਨੂੰ ਦੁਨੀਆਂ ਭਰ ਦੀਆਂ ਖ਼ਬਰਾਂ ਦੀ ਰਿਪੋਰਟ ਕਰਨ ਲਈ ਕਿੰਨੀ ਪ੍ਰਭਾਵਸ਼ਾਲੀ ਹੋ ਸਕਦੀ ਹੈ। ਸੋਸ਼ਲ ਮੀਡੀਆ ਅਤੇ ਮੋਬਾਈਲ ਐਪਸ ਦਰਸ਼ਕਾਂ ਦੇ ਖਪਤ ਅਤੇ ਖ਼ਬਰਾਂ ਲੱਭਣ ਦੇ ਤਰੀਕੇ ਨੂੰ ਬਦਲ ਰਹੇ ਹਨ। ਇਹ ਬਲੌਗ ਪੱਤਰਕਾਰੀ ਦੇ ਉੱਭਰ ਰਹੇ ਰੂਪਾਂ ਵਿਚ ਥੋੜ੍ਹਾ ਡੂੰਘਾਈ ਨਾਲ ਦੇਖੇਗਾ ਅਤੇ ਇਹ ਪਤਾ ਲਗਾ ਰਿਹਾ ਹੈ ਕਿ ਇਹ ਤਬਦੀਲੀ ਕਿਉਂ ਹੋ ਰਹੀ ਹੈ। ਬਲੌਗ ਮਾਈਕ੍ਰੋ-ਬਲੌਗਿੰਗ, ਕਹਾਣੀਆਂ ਦੱਸਣ ਲਈ ਚਿੱਤਰ-ਸ਼ੇਅਰਿੰਗ ਅਤੇ ਅੱਜ ਦੀ ਡਿਜੀਟਲ ਖ਼ਬਰਾਂ ਦੀ ਦੁਨੀਆਂ ਵਿਚ ਪੱਤਰਕਾਰਾਂ ਨੂੰ ਦਰਪੇਸ਼ ਕਾਨੂੰਨੀ ਚੁਣੌਤੀਆਂ ਦੇ ਨਾਲ ਮੇਰੇ ਆਪਣੇ ਅਨੁਭਵਾਂ ਨੂੰ ਛੂਹੇਗਾ।

REALTY ONE GROUP

FOR SALE & PURCHASE OF ANY KIND OF PROPERTY

Recently Sold Properties






Gurjatinder S. Randhawa
REALTOR CA DRE licence # 01490567

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa
web: www.RealtorRandhawa.com
916-320-9444
garysingh123@yahoo.com

# ਵਿਸ਼ਵ ਪੁਸਤਕ ਮੇਲੇ ਨੇ ਭਾਰਤ ਦਾ ਮਾਣ ਵਧਾਇਆ



ਪ੍ਰੋ. ਕੁਲਬੀਰ ਸਿੰਘ
94171-53513
(Punjab Mail USA)


ਮੁੱਦਤ ਹੋ ਗਈ ਸੀ ਟੈਲੀਵਿਜ਼ਨ 'ਤੇ ਕਿਤਾਬਾਂ ਸਬੰਧੀ ਕੋਈ ਪ੍ਰਸਾਰਨ ਵੇਖਿਆ। ਛੇ ਮਾਰਚ ਨੂੰ ਦੁਪਹਿਰ ਸਮੇਂ ਟੈਲੀਵਿਜ਼ਨ ਲਗਾਇਆ ਤਾਂ ਰਿਮੋਟ ਸੰਸਦ ਟੀ.ਵੀ. 'ਤੇ ਰੋਕ ਕੇ ਲਾਂਭੇ ਧਰ ਦਿੱਤਾ। ਵਿਸ਼ਵ ਪੁਸਤਕ ਮੇਲੇ 'ਤੇ ਵਿਸਥਾਰਤ ਵਿਸ਼ੇਸ਼ ਰਿਪੋਰਟ ਪ੍ਰਸਾਰਿਤ ਕੀਤੀ ਜਾ ਰਹੀ ਸੀ। ਮਨ ਤਾਂ ਹੁੰਦਾ ਹੈ ਦਿੱਲੀ ਜਾ ਕੇ ਵੇਖਣ ਦਾ ਪਰ ਅਕਸਰ ਘੌਲ ਹੋ ਜਾਂਦੀ ਹੈ। ਫੇਸਬੁੱਕ 'ਤੇ ਕੁਝ ਲੋਕ ਟਿੱਪਣੀਆਂ ਸਮੇਤ ਤਸਵੀਰਾਂ ਪਾਉਂਦੇ ਹਨ ਜਾਂ ਵਿਰਲੀ ਟਾਵੀਂ ਅਖ਼ਬਾਰਾਂ ਵਿਚ ਰਿਪੋਰਟ ਲੱਗੀ ਹੁੰਦੀ ਹੈ।

ਸੰਸਦ ਟੀ.ਵੀ. ਦੁਆਰਾ ਪ੍ਰਸਾਰਿਤ ਕੀਤੀ ਗਈ ਰਿਪੋਰਟ ਨੇ ਵਿਸ਼ਵ ਪੁਸਤਕ ਮੇਲੇ ਦੇ ਕਈ ਪਹਿਲੂਆਂ 'ਤੇ ਰੌਸ਼ਨੀ ਪਾਉਣ ਦੇ ਨਾਲ-ਨਾਲ ਲੰਮਾ-ਚੌੜਾ ਫ਼ਿਲਮਾਂਕਣ ਵੀ ਪੇਸ਼ ਕੀਤਾ। ਉਸੇ ਫ਼ਿਲਮਾਂਕਣ ਕਾਰਨ ਮੇਰੀ ਦਿਲਚਸਪੀ ਬਣ ਗਈ। ਹਾਲਾਂਕਿ ਵਿਸ਼ੇਸ਼ ਰਿਪੋਰਟ ਵਿਚ ਨਾ ਗਹਿਰਾਈ ਸੀ ਅਤੇ ਨਾ ਗੰਭੀਰਤਾ ਅਤੇ ਨਾ ਹੀ ਕਿਸੇ ਵੱਡੀ ਸਾਹਿਤਕ ਸ਼ਖ਼ਸੀਅਤ ਨਾਲ ਮੇਲੇ ਸਬੰਧੀ ਗੱਲਬਾਤ ਕੀਤੀ ਗਈ।



ਇਹ ਮੇਲਾ ਲੱਗਦਿਆਂ 50 ਸਾਲ ਹੋ ਗਏ ਹਨ। ਇਸ ਵਾਰ ਇਹ 31ਵਾਂ ਪੁਸਤਕ ਮੇਲਾ 25 ਫਰਵਰੀ ਤੋਂ 5 ਮਾਰਚ ਤੱਕ ਲੱਗਾ। ਪ੍ਰਗਤੀ ਮੈਦਾਨ ਦੇ ਨਵੇਂ ਬਣੇ ਹਾਲ ਵਿਚ ਜਿਧਰ ਨਜ਼ਰ ਮਾਰੋ, ਦ੍ਰਿਸ਼ ਬੜਾ ਦਿਲਚਸਪ ਤੇ ਆਕਰਸ਼ਕ ਸੀ। ਕੈਮਰੇ ਨੇ ਕੋਈ ਕੋਨਾ ਨਹੀਂ ਛੱਡਿਆ। ਨੈਸ਼ਨਲ ਬੁੱਕ ਟਰੱਸਟ ਵੱਲੋਂ ਭਾਰਤ ਸਰਕਾਰ ਦੇ ਸਿੱਖਿਆ ਮਹਿਕਮੇ ਦੇ ਭਰਪੂਰ ਸਹਿਯੋਗ ਨਾਲ ਕਰਵਾਏ ਇਸ ਪੁਸਤਕ ਮੇਲੇ ਨੂੰ ਮਿਆਰੀ ਤੇ ਵਿਸ਼ਵ-ਪੱਧਰੀ ਬਨਾਉਣ ਪੱਖੋਂ ਕੋਈ ਕਸਰ ਨਹੀਂ ਛੱਡੀ ਗਈ। ਪਰੰਤੂ ਕਵਰੇਜ ਪੱਖੋਂ ਭਾਰਤੀ ਮੀਡੀਆ ਨੇ ਉਹ ਧਿਆਨ, ਉਹ ਸਥਾਨ ਇਸਨੂੰ ਨਹੀਂ ਦਿੱਤਾ, ਜਿਸਦਾ ਇਹ ਮੇਲਾ ਹੱਕਦਾਰ ਸੀ।

ਇਸ ਵਾਰ 10 ਲੱਖ ਦੇ ਕਰੀਬ ਲੋਕ ਇਸ ਮੇਲੇ ਵਿਚ ਪਹੁੰਚੇ। ਆਖ਼ਰੀ ਦਿਨ ਤਾਂ ਜਿਵੇਂ ਪੁਸਤਕ-ਪ੍ਰੇਮੀਆਂ ਦਾ ਹੜ੍ਹ ਹੀ ਆ ਗਿਆ। ਸੋਸ਼ਲ ਮੀਡੀਆ ਦੇ ਚਰਚਿਤ ਹੋਣ ਅਤੇ ਸਮਾਰਟ ਫੋਨ 'ਤੇ ਰੁੱਝੇ ਰਹਿਣ ਕਾਰਨ ਅਕਸਰ ਇਹ ਚਿੰਤਾ ਵਿਅਕਤ ਕੀਤੀ ਜਾਂਦੀ ਹੈ ਕਿ ਪੁਸਤਕਾਂ ਪੜ੍ਹਨ ਦਾ ਰੁਝਾਨ ਦਿਨੋਂ-ਦਿਨ ਘੱਟਦਾ ਜਾ ਰਿਹਾ ਹੈ। ਵਿਸ਼ੇਸ਼ ਕਰਕੇ ਨੌਜਵਾਨ ਕਿਤਾਬਾਂ ਤੋਂ ਦੂਰ ਹੁੰਦੇ ਜਾ ਰਹੇ ਹਨ ਪਰੰਤੂ 25 ਫਰਵਰੀ ਤੋਂ 5 ਮਾਰਚ ਤੱਕ ਚੱਲੇ ਇਸ ਪੁਸਤਕ ਮੇਲੇ ਨੇ ਉਪਰੋਕਤ ਸਾਰੇ ਸ਼ੰਕੇ ਗ਼ਲਤ ਸਾਬਤ ਕਰ ਦਿੱਤੇ ਹਨ ਕਿਉਂਕਿ 10 ਲੱਖ ਲੋਕਾਂ ਵਿਚੋਂ ਵਧੇਰੇ ਗਿਣਤੀ ਨੌਜਵਾਨ ਵਰਗ ਦੀ ਸੀ।

ਇਸ ਪੁਸਤਕ ਮੇਲੇ ਵਿਚ ਜੀ-20 ਦੇਸ਼ਾਂ ਸਮੇਤ 30 ਤੋਂ ਵੱਧ ਮੁਲਕਾਂ ਨੇ ਸ਼ਮੂਲੀਅਤ ਕੀਤੀ। ਸ਼ਾਮਲ ਦੇਸ਼ਾਂ ਦੀ ਦਿਲਚਸਪੀ ਤੇ ਉਤਸ਼ਾਹ ਵੇਖਣ ਵਾਲਾ ਸੀ। ਫ਼ਰਾਂਸ ਵਰਗੇ ਮੁਲਕਾਂ ਨੇ ਵੱਡੀਆਂ ਟੀਮਾਂ ਮੇਲੇ ਵਿਚ ਭੇਜੀਆਂ।

ਕਿਤਾਬਾਂ ਦੀ ਵਿਕਰੀ ਦੇ ਨਾਲ-ਨਾਲ ਸਾਹਿਤ, ਭਾਸ਼ਾ, ਪ੍ਰਕਾਸ਼ਨ, ਅਨੁਵਾਦ ਜਿਹੇ ਵਿਸ਼ਿਆਂ 'ਤੇ ਗੰਭੀਰ ਚਰਚਾ ਦੇ ਅਨੇਕ ਦੌਰ ਚੱਲੇ। ਨੈਸ਼ਨਲ ਬੁੱਕ ਟਰੱਸਟ ਵੱਲੋਂ 250 ਤੋਂ ਵੱਧ ਕਿਤਾਬਾਂ ਰਲੀਜ਼ ਕੀਤੀਆਂ ਗਈਆਂ। ਕਿਤਾਬਾਂ ਦੇ 2000 ਤੋਂ ਵਧੇਰੇ ਸਟਾਲ ਲੱਗੇ ਹੋਏ ਸਨ ਅਤੇ ਵਿਕਰੀ ਦੇ ਪਿਛਲੇ ਸਾਰੇ ਰਿਕਾਰਡ ਟੁੱਟ ਗਏ। ਪ੍ਰਬੰਧਕ ਇਸ ਤੋਂ ਡਾਹਢੇ ਖੁਸ਼ ਸਨ।

2021-22 ਵਿਚ ਕੋਰੋਨਾ ਕਾਰਨ ਪੁਸਤਕ ਮੇਲਾ ਨਹੀਂ ਹੋ ਸਕਿਆ। ਹੁਣ ਜਦ 2023 ਵਿਚ ਹੋਇਆ, ਤਾਂ ਲੋਕਾਂ ਦਾ ਉਤਸ਼ਾਹ ਵੀ ਦੁੱਗਣਾ-ਤਿਗੁਣਾ ਹੋ ਗਿਆ। ਕਲਕੱਤਾ ਪੁਸਤਕ ਮੇਲੇ ਤੋਂ ਬਾਅਦ ਇਹ ਦੂਸਰਾ ਸਭ ਤੋਂ ਪੁਰਾਣਾ ਪੁਸਤਕ ਮੇਲਾ ਹੈ। ਇਸਦੀ ਸ਼ੁਰੂਆਤ 1972 ਵਿਚ ਹੋਈ ਸੀ। 2012 ਤੱਕ ਇਹ ਦੋ ਸਾਲਾਂ ਬਾਅਦ ਹੁੰਦਾ ਸੀ। ਉਸ ਤੋਂ ਬਾਅਦ ਹਰੇਕ ਸਾਲ ਹੋਣ ਲੱਗਾ।

ਸੰਸਦ ਟੀ.ਵੀ. ਦੁਆਰਾ ਪ੍ਰਸਾਰਿਤ ਕੀਤੀ ਗਈ ਵਿਸ਼ੇਸ਼ ਰਿਪੋਰਟ ਵਿਚ ਇਸਦੀ ਵੰਨ-ਸੁਵੰਨਤਾ ਅਤੇ ਇਸਦੇ ਮਹੱਤਵ 'ਤੇ ਰੌਸ਼ਨੀ ਪਾਈ ਗਈ। ਦੱਸਿਆ ਗਿਆ ਕਿ ਸ਼ਾਇਦ ਹੀ ਅਜਿਹਾ ਕੋਈ ਵਿਸ਼ਾ ਹੋਵੇ, ਜਿਸ ਨਾਲ ਸਬੰਧਤ ਪੁਸਤਕਾਂ ਮੇਲੇ ਵਿਚ ਨਾ ਹੋਣ। ਇਹ ਵਿਸ਼ਵ ਪੁਸਤਕ ਮੇਲਾ ਨੈਸ਼ਨਲ ਬੁੱਕ ਟਰੱਸਟ ਅਤੇ ਭਾਰਤ ਸਰਕਾਰ ਦੇ ਸਬੰਧਤ ਮਹਿਕਮਿਆਂ ਦੀ ਵੱਡੀ ਵਿਸ਼ੇਸ਼ ਪ੍ਰਾਪਤੀ ਮੰਨਿਆ ਜਾ ਰਿਹਾ ਹੈ।

ਸਿਆਣੇ ਕਹਿੰਦੇ ਹਨ ਪੁਸਤਕਾਂ ਮਨੁੱਖ ਦੀਆਂ ਸਭ ਤੋਂ ਵਧੀਆ ਮਿੱਤਰ ਹੁੰਦੀਆਂ ਹਨ। ਜੀਵਨੀਆਂ, ਸਵੈ-ਜੀਵਨੀਆਂ ਅਤੇ ਸਫ਼ਰਨਾਮੇ ਦੇਸ਼-ਦੁਨੀਆਂ ਨੂੰ ਸਮਝਣ ਮਾਨਣ ਦਾ ਬਿਹਤਰੀਨ ਮਾਧਿਅਮ ਮੰਨੇ ਜਾਂਦੇ ਹਨ। ਗੰਭੀਰ ਪਾਠਕਾਂ ਲਈ ਅਜਿਹੇ ਪੁਸਤਕ ਮੇਲੇ ਵਰਦਾਨ ਸਿੱਧ ਹੁੰਦੇ ਹਨ। ਅਜਿਹੇ ਪਾਠਕ ਵੀ ਹਨ, ਜਿਹੜੇ 25 ਫਰਵਰੀ ਤੋਂ 5 ਮਾਰਚ ਤੱਕ ਹਰ ਰੋਜ਼ ਮੇਲੇ ਵਿਚ ਜਾਂਦੇ ਰਹੇ ਅਤੇ ਆਪਣੀਆਂ ਮਨਪਸੰਦ ਪੁਸਤਕਾਂ ਖਰੀਦਦੇ ਰਹੇ। ਲੇਖਕਾਂ ਦੇ ਰੂ-ਬ-ਰੂ ਅਤੇ ਲੇਖਕ-ਪਾਠਕ ਦਾ ਸੰਵਾਦ ਇਸ ਪੁਸਤਕ ਮੇਲੇ ਦਾ ਹਾਸਲ ਰਿਹਾ। ਅਜਿਹੇ ਪੁਸਤਕ ਮੇਲਿਆਂ ਨਾਲ ਇਕ ਮਾਹੌਲ ਬਣਦਾ ਹੈ। ਪੁਸਤਕਾਂ ਪ੍ਰਤੀ ਆਮ ਲੋਕਾਂ ਅੰਦਰ ਚੇਤੰਨਤਾ ਪੈਦਾ ਹੁੰਦੀ ਹੈ। ਪੁਸਤਕ-ਪ੍ਰੇਮੀਆਂ ਨੂੰ ਇਕ ਹੀ ਥਾਂ ਵੱਖ-ਵੱਖ ਵਿਸ਼ਿਆਂ ਦੀਆਂ ਪੁਸਤਕਾਂ ਮਿਲ ਜਾਂਦੀਆਂ ਹਨ ਅਤੇ ਪ੍ਰਕਾਸ਼ਕਾਂ ਲਈ ਵੀ ਇਹ ਇਕ ਸੁਨਿਹਰੀ ਮੌਕਾ ਹੁੰਦਾ ਹੈ।

ਜਿੱਥੇ ਭਾਰਤ ਵਾਸੀਆਂ ਲਈ, ਵਿਸ਼ੇਸ਼ ਕਰਕੇ ਦਿੱਲੀ ਵਾਸੀਆਂ ਲਈ ਇਹ ਇਕ ਮਾਣਮੱਤੀ ਈਵੈਂਟ ਸੀ, ਉਥੇ ਸੰਸਦ ਟੀ.ਵੀ. ਨੇ ਇਸਦੀ ਵਿਸਥਾਰਤ ਕਵਰੇਜ ਕਰਕੇ ਇਸਦਾ ਦਾਇਰਾ ਹੋਰ ਮੋਕਲਾ ਕਰ ਦਿੱਤਾ।







# ਪੰਜਾਬੀ ਆਰਟ ਸਿਨਮੇ ਦੀਆਂ ਕੁਝ ਬੇਹਤਰੀਨ ਫ਼ਿਲਮਾਂ

ਅੰਗਰੇਜ ਸਿੰਘ ਵਿਰਦੀ
ਅੰਮ੍ਰਿਤਸਰ
ਮੋਬ : 94646-28857
(Punjab Mail USA)



ਪੂਰੀ ਦੁਨੀਆਂ ਵਿਚ ਆਰਟ ਸਿਨੇਮਾ ਦਾ ਆਪਣਾ ਇਕ ਵੱਖਰਾ ਇਤਿਹਾਸ ਰਿਹਾ ਹੈ। ਆਰਟ ਸਿਨੇਮਾ ਦੀ ਜੇਕਰ ਗੱਲ ਕੀਤੀ ਜਾਵੇ, ਤਾਂ ਇਹ ਓਨਾ ਹੀ ਪੁਰਾਣਾ ਹੈ, ਜਿੰਨਾ ਕਿ ਕਮਰਸ਼ੀਅਲ ਸਿਨੇਮਾ। ਫਰਾਂਸ ਦੇ ਨਿਊ ਵੇਵ ਅਤੇ ਇਟਲੀ ਦੇ ਨੀਓ ਰੀਅਲਿਜ਼ਮ ਜਿਹੇ ਆਰਟ ਸਿਨੇਮੇ ਤੋਂ ਪ੍ਰਭਾਵਿਤ ਭਾਰਤੀ ਆਰਟ ਸਿਨੇਮਾ ਤੋਂ ਭਾਰਤੀ ਸਿਨੇ ਪ੍ਰੇਮੀ ਭਲੀ-ਭਾਂਤ ਜਾਣੂ ਹਨ। ਕਮਰਸ਼ੀਅਲ ਭਾਰਤੀ ਸਿਨੇਮਾ ਦੇ ਨਾਲ-ਨਾਲ ਭਾਰਤ ਵਿਚ ਆਰਟ ਸਿਨੇਮਾ ਦਾ ਵੀ ਆਪਣਾ ਇਕ ਵਿਲੱਖਣ ਸਥਾਨ ਰਿਹਾ ਹੈ। ਭਾਰਤ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ ਬਹੁਤ ਸਾਰੀਆਂ ਭਾਰਤੀ ਕਲਾ ਫ਼ਿਲਮਾਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਬੇਹੱਦ ਸਰਾਹਨਾ ਅਤੇ ਪ੍ਰਸਿੱਧੀ ਹਾਸਿਲ ਕੀਤੀ ਹੈ। ਸਤਿਆਜੀਤ ਰੇਅ, ਬਿਮਲ ਰਾਏ ਅਤੇ ਰਿਤਵਿਕ ਘਟਕ ਵਰਗੇ ਆਰਟ ਫ਼ਿਲਮ ਨਿਰਦੇਸ਼ਕਾਂ ਵੱਲੋਂ ਬਣਾਈਆ ਫ਼ਿਲਮਾਂ ਨੂੰ ਅੱਜ ਵੀ ਵਿਸ਼ਵ ਦੀਆਂ ਮਹਾਨ ਫ਼ਿਲਮਾਂ ਦੀ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ। ਖ਼ਾਸ ਕਰ ਸਤਿਆਜੀਤ ਰੇਅ ਨੂੰ ਆਰਟ ਸਿਨਮੇ ਦੇ ਸਭ ਤੋਂ ਕਾਮਯਾਬ ਅਤੇ ਵਿਸ਼ਵ ਦੇ ਬੇਹਤਰੀਨ ਆਰਟ ਫ਼ਿਲਮ ਨਿਰਦੇਸ਼ਕ ਵਜੋਂ ਜਾਣਿਆ ਜਾਂਦਾ ਹੈ। ਬੰਗਲਾ ਭਾਸ਼ਾ ਵਿਚ ਨਿਰਦੇਸ਼ਿਤ ਉਨ੍ਹਾਂ ਦੀਆਂ ਫ਼ਿਲਮਾਂ ਵਿਸ਼ਵ ਦੀਆਂ ਬੇਹਤਰੀਨ ਆਰਟ ਫ਼ਿਲਮਾਂ ਵਿਚ ਗਿਣੀਆਂ ਜਾਂਦੀਆਂ ਹਨ। ਦੱਖਣੀ ਭਾਰਤੀ ਸਿਨੇਮੇ ਦੀ ਜੇਕਰ ਗੱਲ ਕੀਤੀ ਜਾਵੇ, ਤਾਂ ਉਥੇ ਕਮਰਸ਼ੀਅਲ ਸਿਨਮੇ ਦੇ ਨਾਲ-ਨਾਲ ਤਮਿਲ, ਤੇਲਗੂ, ਮਲਿਆਲਮ ਅਤੇ ਕੰਨੜ ਭਾਸ਼ਾਵਾਂ ਵਿਚ ਬਹੁਤ ਸਾਰੀਆਂ ਆਰਟ ਫ਼ਿਲਮਾਂ ਬਣ ਰਹੀਆਂ ਹਨ।

ਕਮਰਸ਼ੀਅਲ ਸਿਨੇਮਾ ਅਤੇ ਆਰਟ ਸਿਨੇਮਾ ਵਿਚ ਜੇਕਰ ਅੰਤਰ ਕਰਨਾ ਹੋਵੇ, ਤਾਂ ਕਮਰਸ਼ੀਅਲ ਸਿਨੇਮਾ ਦਾ ਮੁੱਖ ਉਦੇਸ਼ ਬਹੁਗਿਣਤੀ ਦਰਸ਼ਕਾਂ ਦਾ ਮਨੋਰੰਜਨ ਕਰਨਾ ਹੁੰਦਾ ਹੈ ਅਤੇ ਇਸ ਵਿਚ ਦਰਸ਼ਕਾਂ ਦੀ ਪਸੰਦ ਨਾ ਪਸੰਦ ਨੂੰ ਧਿਆਨ ਵਿਚ ਰੱਖ ਕੇ ਕਹਾਣੀ ਉਲੀਕੀ ਜਾਂਦੀ ਹੈ। ਪਰ ਆਰਟ ਸਿਨੇਮਾ ਵਿਚ ਫ਼ਿਲਮ ਨੂੰ ਇਕ ਖ਼ਾਸ ਸ਼ੈਲੀ ਵਿਚ ਤਰਤੀਬਬੱਧ ਕੀਤਾ ਜਾਂਦਾ ਹੈ। ਆਰਟ ਸਿਨੇਮਾ ਵਿਚ ਸਮਾਜਿਕ ਯਥਾਰਥਵਾਦ ਦੀ ਭਾਵਨਾ, ਪਾਤਰਾਂ ਦੇ ਵਿਚਾਰਾਂ, ਸੁਪਨਿਆਂ ਜਾਂ ਪ੍ਰੇਰਨਾਵਾਂ 'ਤੇ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ। ਇਸ ਵਿਚ ਦਸਤਾਵੇਜ਼ੀ ਅਤੇ ਜੀਵਨੀਆਂ ਦੇ ਕੁਝ ਤੱਤ ਵੀ ਸ਼ਾਮਲ ਕਰ ਲਏ ਜਾਂਦੇ ਹਨ। ਆਮ ਤੌਰ 'ਤੇ ਕਲਾ ਫ਼ਿਲਮਾਂ ਖਾਸ ਦਰਸ਼ਕਾਂ ਲਈ ਬਣਾਈਆਂ ਜਾਂਦੀਆਂ ਹਨ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਲੱਗਣ ਵਾਲੇ ਫ਼ਿਲਮ ਫ਼ੈਸਟੀਵਲਾਂ ਵਿਚ ਇਨ੍ਹਾਂ ਦੀ ਨੁਮਾਇਸ਼ ਕੀਤੀ ਜਾਂਦੀ ਹੈ ।

ਜੇਕਰ ਪੰਜਾਬੀ ਸਿਨੇਮੇ ਦੀ ਗੱਲ ਕੀਤੀ ਜਾਵੇ, ਤਾਂ ਕਮਰਸ਼ੀਅਲ ਸਿਨੇਮੇ ਦੇ ਨਾਲ-ਨਾਲ ਪੰਜਾਬੀ ਆਰਟ ਸਿਨੇਮੇ ਤਹਿਤ ਸਾਡੀ ਪੰਜਾਬੀ ਜ਼ੁਬਾਨ ਵਿਚ ਵੀ ਅੰਤਰਰਾਸ਼ਟਰੀ ਪੱਧਰ ਦੀਆਂ ਆਰਟ ਫ਼ਿਲਮਾਂ ਬਣ ਰਹੀਆਂ ਹਨ। ਫ਼ਿਲਮ ਮੜ੍ਹੀ ਦਾ ਦੀਵਾ, ਚੰਨ ਪ੍ਰਦੇਸੀ, ਦੀਵਾ ਬਲੇ ਸਾਰੀ ਰਾਤ, ਲੌਂਗ ਦਾ ਲਿਸ਼ਕਾਰਾ, ਚੰਮ, ਨਾਬਰ, ਅੰਨ੍ਹੇ ਘੋੜੇ ਦਾ ਦਾਨ, ਅੱਧ ਚਾਨਣੀ ਰਾਤ, ਕਿੱਸਾ, ਗੇਲੋ, ਕੁਦੇਸਣ, ਜ਼ੋਰਾ ਦਸ ਨੰਬਰੀਆ, ਚੌਥੀ ਕੂਟ, ਜਮਰੌਦ, ਬਾਗੀ ਦੀ ਧੀਅ ਤੇ ਹਾਲ ਹੀ ਵਿਚ ਪ੍ਰਦਰਸ਼ਿਤ ਹੋਈ ਫ਼ਿਲਮ ਰੇਜ਼ ਰੋਡ 290 ਕੁਝ ਐਸੀਆਂ ਚੁਨਿੰਦਾ ਫ਼ਿਲਮਾਂ ਹਨ, ਜਿਨ੍ਹਾਂ ਦਾ ਸ਼ੁਮਾਰ ਪੰਜਾਬੀ ਆਰਟ ਫ਼ਿਲਮਾਂ ਦੀਆਂ ਅਵੱਲ ਫ਼ਿਲਮਾਂ ਵਿਚ ਕੀਤਾ ਜਾ ਸਕਦਾ ਹੈ। ਪੰਜਾਬੀ ਆਰਟ ਫ਼ਿਲਮਾਂ 'ਤੇ ਜੇਕਰ ਸਰਸਰੀ ਨਜ਼ਰ ਮਾਰੀ ਜਾਵੇ, ਤਾਂ ਵਿਸ਼ੇ ਪੱਖੋਂ ਇਹ ਫ਼ਿਲਮਾਂ ਪੰਜਾਬੀ ਸਮਾਜ ਨੂੰ ਦਰਪੇਸ਼ ਮੁਸ਼ਕਿਲਾਂ, ਪੰਜਾਬੀ ਲੋਕਾਂ ਦੇ ਜੀਵਨ, ਉਨ੍ਹਾਂ ਦੇ ਰਹਿਣ-ਸਹਿਣ, ਪੰਜਾਬ ਦੇ ਇਤਿਹਾਸ ਅਤੇ ਸਾਹਿਤ ਦੀ ਖ਼ੂਬਸੂਰਤ ਅੱਕਾਸੀ ਕਰਦੀਆਂ ਨਜ਼ਰੀ ਆਉਂਦੀਆਂ ਹਨ। ਬੇਸ਼ੱਕ ਅੱਜ ਵੀ ਕਮਰਸ਼ੀਅਲ ਪੰਜਾਬੀ ਸਿਨਮਾ ਪੰਜਾਬ ਦੇ ਇੱਕ ਖਾਸ ਉੱਚ ਵਰਗ ਦੇ ਇਰਧ-ਗਿਰਧ ਹੀ ਘੁੰਮਦਾ ਨਜ਼ਰ ਆਉਂਦਾ ਹੈ ਪਰ ਪੰਜਾਬ ਦੇ ਆਰਥਿਕ ਅਤੇ ਸਮਾਜਿਕ ਪੱਖੋਂ ਨੀਵੇ ਵਰਗ ਦੇ ਲੋਕਾਂ ਦੀ ਗੱਲ ਪੰਜਾਬੀ ਆਰਟ ਸਿਨਮਾ ਬਾਖ਼ੂਬੀ ਕਰ ਰਿਹਾ ਹੈ। ਫ਼ਿਲਮ ਮੜ੍ਹੀ ਦਾ ਦੀਵਾ, ਅੰਨ੍ਹੇ ਘੋੜੇ ਦਾ ਦਾਨ ਅਤੇ ਚੰਮ ਜਿਹੀਆਂ ਫ਼ਿਲਮਾਂ ਪੰਜਾਬ ਦੇ ਹਾਸ਼ੀਏ 'ਤੇ ਰਹਿਣ ਵਾਲੇ ਨਿਮਨ ਵਰਗ ਦੇ ਲੋਕਾਂ ਦੀ ਜ਼ਿੰਦਗੀ ਦੀ ਤ੍ਰਾਸਦੀ ਨੂੰ ਬਿਆਨ ਕਰਦੀਆਂ ਅਤੇ ਨਾਲ ਹੀ ਉਨ੍ਹਾਂ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਦਾ ਯਥਾਰਥ ਚਿਤਰਨ ਕਰਦੀਆਂ ਨਜ਼ਰੀ ਆਉਂਦੀਆਂ ਹਨ।

ਸਿਨੇਮਾ ਇਕ ਆਰਟ ਹੈ ਤੇ ਜਿਸ ਵੀ ਫ਼ਿਲਮ ਨਿਰਦੇਸ਼ਕ ਨੇ ਇਸ ਆਰਟ ਨੂੰ ਚੰਗੀ ਤਰ੍ਹਾਂ ਜਾਣ ਲਿਆ ਹੈ, ਇਸ ਵਿਚ ਮੁਹਾਰਤ




ਹਾਸਿਲ ਕਰ ਲਈ, ਉਸ ਨੇ ਸ਼ਾਹਕਾਰ ਫ਼ਿਲਮਾਂ ਸਿਨੇਮੇ ਲਈ ਤਖ਼ਲੀਕ ਕੀਤੀਆਂ ਹਨ। ਮੌਜੂਦਾ ਦੌਰ ਵਿਚ ਪੰਜਾਬੀ ਸਿਨੇਮੇ ਵਿਚ ਬਹੁਤ ਸਾਰੇ ਨਿਰਦੇਸ਼ਕ ਐਸੇ ਹਨ, ਜਿਨ੍ਹਾਂ ਨੂੰ ਵਿਸ਼ਵ ਸਿਨੇਮੇ ਦੀ ਪੂਰੀ ਸਮਝ ਹੈ ਤੇ ਉਹ ਪੰਜਾਬੀ ਸਮਾਜ ਨੂੰ ਦਰਪੇਸ਼ ਮੁਸ਼ਕਿਲਾਂ ਨੂੰ ਸਿਨੇਮੇ ਦੀ ਸੂਖਮ ਅੱਖ ਰਾਹੀਂ ਬਾਖ਼ੂਬੀ ਪੇਸ਼ ਕਰਨ ਦਾ ਭਰਪੂਰ ਮਾਦਾ ਰੱਖਦੇ ਹਨ। ਪੰਜਾਬੀਅਤ ਨੂੰ ਜ਼ਿੰਦਾ ਰੱਖਣ ਲਈ ਪੰਜਾਬੀ ਆਰਟ ਸਿਨੇਮੇ ਦਾ ਜ਼ਿੰਦਾ ਰਹਿਣਾ ਬੇਹੱਦ ਜ਼ਰੂਰੀ ਹੈ।

ਬੇਹਤਰੀਨ ਪੰਜਾਬੀ ਆਰਟ ਫ਼ਿਲਮਾਂ ਦੀ ਜੇਕਰ ਗੱਲ ਕੀਤੀ ਜਾਵੇ, ਤਾਂ ਸਭ ਤੋਂ ਪਹਿਲਾਂ ਜਿਸ ਫ਼ਿਲਮ ਦਾ ਜ਼ਿਕਰ ਕਰਨਾ ਬਣਦਾ ਹੈ, ਉਹ ਹੈ ਪੰਜਾਬੀ ਫ਼ਿਲਮ ਮੜ੍ਹੀ ਦਾ ਦੀਵਾ। ਇਹ ਫ਼ਿਲਮ ਪੰਜਾਬੀ ਆਰਟ ਫ਼ਿਲਮਾਂ ਵਿਚੋਂ ਇੱਕ ਐਸੀ ਫ਼ਿਲਮ ਹੈ, ਜਿਸ ਨੂੰ ਪੰਜਾਬੀ ਦੀ ਪਹਿਲੀ ਸੰਪੂਰਨ ਆਰਟ ਫ਼ੀਚਰ ਫ਼ਿਲਮ ਹੋਣ ਦਾ ਫ਼ਖਰ ਹਾਸਲ ਹੈ। ਨੈਸ਼ਨਲ ਅਵਾਰਡ ਨਾਲ ਸਨਮਾਨਿਤ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਗੁਰਦਿਆਲ ਸਿੰਘ ਦੇ ਮਸ਼ਹੂਰ ਪੰਜਾਬੀ ਨਾਵਲ ਮੜ੍ਹੀ ਦਾ ਦੀਵਾ 'ਤੇ ਆਧਾਰਿਤ ਅਤੇ ਐੱਨ.ਐੱਫ.ਡੀ.ਸੀ. ਦੁਆਰਾ ਬਣਾਈ ਗਈ, ਨਿਰਦੇਸ਼ਕ ਸ. ਸੁਰਿੰਦਰ ਸਿੰਘ ਵੱਲੋਂ ਨਿਰਦੇਸ਼ਤ ਫ਼ਿਲਮ ਮੜ੍ਹੀ ਦਾ ਦੀਵਾ ਜਿੱਥੇ ਆਪਣੇ ਵਿਸ਼ਾ-ਵਸਤੂ ਨੂੰ ਲੈ ਕੇ ਚਰਚਿਤ ਹੋਈ, ਉੱਥੇ ਫ਼ਿਲਮ ਵਿਚਲੇ ਕਿਰਦਾਰਾਂ ਨੂੰ ਪਰਦੇ 'ਤੇ ਸਜੀਵ ਕਰਨ ਲਈ ਫ਼ਿਲਮ ਦੇ ਪ੍ਰਮੁੱਖ ਅਦਾਕਾਰਾਂ ਜਿਨ੍ਹਾਂ ਵਿਚ ਰਾਜ ਬੱਬਰ, ਦੀਪਤੀ ਨਵਲ, ਪੰਕਜ ਕਪੂਰ ਅਤੇ ਪ੍ਰੀਕਸ਼ਤ ਸਾਹਨੀ ਦੇ ਬੇਹਤਰੀਨ ਅਭਿਨੈ ਨੇ ਵੀ ਫ਼ਿਲਮ ਨੂੰ ਵਧੀਆਂ ਕਲਾਤਮਕ ਫ਼ਿਲਮ ਬਣਾਉਣ ਵਿਚ ਆਪਣਾ ਭਰਪੂਰ ਯੋਗਦਾਨ ਪਾਇਆ। ਪੰਜਾਬੀ ਆਰਟ ਸਿਨੇਮੇ ਵਿਚ ਫ਼ਿਲਮ ਮੜ੍ਹੀ ਦਾ ਦੀਵਾ ਇੱਕ ਮੀਲ ਪੱਥਰ ਦੀ ਤਰ੍ਹਾਂ ਹੈ। ਜਦ ਵੀ ਭਾਰਤੀ ਸਿਨੇਮਾ ਦੇ ਇਤਿਹਾਸ ਵਿਚ ਪੰਜਾਬੀ ਆਰਟ ਸਿਨੇਮਾ ਦੀ ਚਰਚਾ ਹੋਵੇਗੀ, ਤਾਂ ਉਸ ਵਿਚ ਪੰਜਾਬੀ ਫ਼ਿਲਮ ਮੜ੍ਹੀ ਦਾ ਦੀਵਾ ਦਾ ਜ਼ਿਕਰ ਜ਼ਰੂਰ ਹੋਵੇਗਾ।

ਫ਼ਿਲਮ ਮੜ੍ਹੀ ਦਾ ਦੀਵਾ ਤੋਂ ਬਾਅਦ ਜੋ ਪੰਜਾਬੀ ਆਰਟ ਫ਼ਿਲਮ ਸਭ ਤੋਂ ਵੱਧ ਚਰਚਿਤ ਹੋਈ, ਉਹ ਸੀ ਅੰਨ੍ਹੇ ਘੋੜੇ ਦਾ ਦਾਨ। ਨਾਵਲਕਾਰ ਗੁਰਦਿਆਲ ਸਿੰਘ ਦੇ ਹੀ ਇੱਕ ਹੋਰ ਮਸ਼ਹੂਰ ਨਾਵਲ ਅੰਨ੍ਹੇ ਘੋੜੇ ਦਾ ਦਾਨ 'ਤੇ ਬਣੀ ਇਸ ਫ਼ਿਲਮ ਨੇ ਨੈਸ਼ਨਲ ਅਵਾਰਡ ਦੇ ਨਾਲ-ਨਾਲ ਅੰਤਰਰਾਸ਼ਟਰੀ ਪੱਧਰ 'ਤੇ ਕਈ ਇਨਾਮ ਪੰਜਾਬੀ ਸਿਨਮੇ ਦੀ ਝੋਲੀ ਪਾਏ। ਦੁਨੀਆਂ ਭਰ ਵਿਚ ਲੱਗਣ ਵਾਲੇ ਫ਼ਿਲਮ ਫੈਸਟੀਵਲਾਂ ਵਿਚ ਬੇਹੱਦ ਸਲਾਹੀ ਜਾਣ ਵਾਲੀ ਇਸ ਫ਼ਿਲਮ ਨੇ ਨਵੇਂ ਕੀਰਤੀਮਾਨ ਸਥਾਪਿਤ ਕੀਤੇ। ਪੰਜਾਬੀ ਸਿਨੇਮੇ ਲਈ ਇਹ ਫ਼ਖਰ ਵਾਲੀ ਗੱਲ ਹੈ ਕਿ ਪੰਜਾਬ ਦੇ ਕਿਰਤੀ ਲੋਕਾਂ ਦੀ ਜ਼ਿੰਦਗੀ ਦੀਆਂ ਦੁਸ਼ਵਾਰੀਆਂ, ਮਿੱਥਾਂ ਵਿਚ ਗ੍ਰਸੇ ਉਨ੍ਹਾਂ ਲੋਕਾਂ ਦੇ ਦੁੱਖਾਂ, ਮਜਬੂਰੀਆਂ ਨੂੰ ਫ਼ਿਲਮ ਅੰਨ੍ਹੇ ਘੋੜੇ ਦਾ ਦਾਨ ਰਾਹੀਂ ਯਥਾਰਥਕ ਅਤੇ ਕਲਾਤਮਕ ਢੰਗ ਨਾਲ ਦਿਖਾਇਆ ਗਿਆ। ਮਾਲਵੇ ਇਲਾਕੇ ਦੇ ਕਿਰਤੀ ਅਤੇ ਨਿਮਨ ਵਰਗ ਦੇ ਲੋਕਾਂ ਦੇ ਜੀਵਨ ਨੂੰ ਦਰਸਾਉਂਦੀ ਇਸ ਫ਼ਿਲਮ ਵਿਚ ਪੇਂਡੂ ਅਤੇ ਸ਼ਹਿਰੀ ਸਲੱਮ ਬਸਤੀਆਂ ਵਿਚ ਰਹਿਣ ਵਾਲੇ ਗਰੀਬ ਲੋਕਾਂ ਦੇ ਰਹਿਣ-ਸਹਿਣ ਨੂੰ ਕੈਮਰੇ ਦੀ ਅੱਖ ਨਾਲ ਇੰਝ ਪੇਸ਼ ਕੀਤਾ ਗਿਆ ਕਿ ਦੇਖਣ ਵਾਲਾ ਹਰ ਸ਼ਕਸ ਇਹ ਮਹਿਸੂਸ ਕਰਦਾ ਕਿ ਉਹ ਹਕੀਕਤ ਵਿਚ ਹੀ ਇਹ ਸਭ ਦੇਖ ਰਿਹਾ ਹੈ, ਜਿਸ ਲਈ ਉਹ ਨਿਰਦੇਸ਼ਕ ਦੀ ਸਿਨਮੇ ਪ੍ਰਤੀ ਸਮਝ ਦੀ ਤਾਰੀਫ਼ ਕੀਤੇ ਬਿਨਾ ਨਹੀਂ ਰਹਿ ਸਕਦਾ। ਮਲ ਸਿੰਘ, ਸੈਮੁਅਲ ਸਿੰਘ, ਸਰਬਜੀਤ ਕੌਰ, ਧਰਮਿੰਦਰ ਕੌਰ, ਏਮੈਨੂਅਲ ਸਿੰਘ, ਕੁਲਵਿੰਦਰ ਕੌਰ, ਲੱਖਾ ਸਿੰਘ ਅਤੇ ਗੁਰਿੰਦਰ ਮਕਨਾ ਜਿਹੇ ਬੇਹਤਰੀਨ ਅਦਾਕਾਰਾਂ ਦੀ ਸ਼ਾਨਦਾਰ ਅਦਾਕਾਰੀ ਨਾਲ ਸਜੀ ਇਸ ਫ਼ਿਲਮ ਨੇ ਪੰਜਾਬੀ ਆਰਟ ਸਿਨਮੇ ਦਾ ਰੁਤਬਾ ਪੂਰੀ ਦੁਨੀਆਂ ਵਿਚ ਬੁਲੰਦ ਕੀਤਾ। ਪੰਜਾਬੀ ਆਰਟ ਸਿਨਮੇ ਨੂੰ ਸਮਰਪਿਤ ਬੇਹੱਦ ਜ਼ਹੀਨ ਫ਼ਿਲਮ ਨਿਰਦੇਸ਼ਕ ਗੁਰਵਿੰਦਰ ਸਿੰਘ ਦੁਆਰਾ ਨਿਰਦੇਸ਼ਤ ਅਤੇ ਐੱਨ.ਐੱਫ.ਡੀ.ਸੀ. ਵੱਲੋਂ ਨਿਰਮਤ ਇਸ ਫ਼ਿਲਮ ਨੂੰ ਸੰਨ 2011 ਵਿਚ ਬੈਸਟ ਨਿਰਦੇਸ਼ਕ, ਬੈਸਟ ਸਿਨਮੈਟੋਗ੍ਰਾਫੀ ਅਤੇ ਬੈਸਟ ਫ਼ੀਚਰ ਫ਼ਿਲਮ ਦਾ ਰਾਸ਼ਟਰੀ ਅਵਾਰਡ ਹਾਸਲ ਹੋਇਆ ਸੀ।

ਅੰਨ੍ਹੇ ਘੋੜੇ ਦਾ ਦਾਨ ਤੋਂ ਬਾਅਦ ਜੋ ਫ਼ਿਲਮ ਆਰਟ ਫ਼ਿਲਮ ਪ੍ਰੇਮੀਆਂ ਨੂੰ ਸਭ ਤੋਂ ਵੱਧ ਪਸੰਦ ਆਈ, ਉਹ ਸੀ ਜਰਮਨੀ ਅਤੇ ਭਾਰਤ ਦੇ ਸਾਂਝੇ ਸਹਿਯੋਗ ਨਾਲ ਬਣੀ ਪੰਜਾਬੀ ਫ਼ਿਲਮ 'ਕਿੱਸਾ ਦਾ ਟੇਲ ਆਫ ਏ ਲੋਨਲੀ ਗੋਸਟ'। ਸੰਨ 2013 ਵਿਚ ਬਣੀ ਪੰਜਾਬੀ ਫ਼ਿਲਮ ਕਿੱਸਾ ਇੱਕ ਐਸੀ ਆਰਟ ਫ਼ਿਲਮ ਹੈ, ਜਿਸ ਵਿਚ ਬੌਲੀਵੁੱਡ ਅਤੇ ਹੌਲੀਵੁੱਡ ਫ਼ਿਲਮਾਂ ਵਿਚ ਮਸ਼ਹੂਰ ਅਤੇ ਆਪਣੀ ਬੇਹਤਰੀਨ ਅਦਾਕਾਰੀ ਲਈ ਜਾਣੇ ਜਾਂਦੇ ਫ਼ਿਲਮ ਅਦਾਕਾਰ ਇਰਫ਼ਾਨ ਖਾਨ ਨੇ ਮੁੱਖ ਕਿਰਦਾਰ ਅਦਾ ਕੀਤਾ ਸੀ। ਪੰਜਾਬੀ ਆਰਟ ਫ਼ਿਲਮਾਂ ਦੀ ਸ਼੍ਰੇਣੀ ਵਿਚ ਇਸ ਫ਼ਿਲਮ ਦਾ ਆਪਣਾ ਇੱਕ ਅਲੱਗ ਸਥਾਨ ਹੈ। ਮਨੁੱਖੀ ਖ਼ਾਹਿਸ਼ਾਂ, ਭਾਵਨਾਵਾਂ ਅਤੇ ਰਿਸ਼ਤਿਆਂ ਦੀਆਂ ਗੁੰਝਲਾਂ ਨੂੰ ਬਾਰੀਕੀ ਨਾਲ ਪੇਸ਼ ਕਰਦੀ ਇਸ ਫ਼ਿਲਮ ਵਿਚ ਅਦਾਕਾਰਾਂ ਦੀ ਬੇਮਿਸਾਲ ਅਦਾਕਾਰੀ ਹਰ ਦੇਖਣ ਵਾਲੇ ਨੂੰ ਅੰਦਰ ਤੱਕ ਝੰਜੋੜ ਕੇ ਰੱਖ ਦਿੰਦੀ ਹੈ। ਫ਼ਿਲਮ ਦੀ ਕਹਾਣੀ ਦੀ ਜੇਕਰ ਗੱਲ ਕੀਤੀ ਜਾਵੇ, ਤਾਂ ਫ਼ਿਲਮ ਵਿਚ 47 ਦੀ ਵੰਡ ਦੇ ਸੰਤਾਪ ਨੂੰ ਹੰਢਾ ਚੁੱਕੇ ਇੱਕ ਐਸੇ ਇਨਸਾਨ ਅੰਬਰ ਸਿੰਘ (ਇਰਫ਼ਾਨ ਖਾਂ) ਦੀ ਕਹਾਣੀ ਦਿਖਾਈ ਗਈ ਹੈ, ਜਿਸ ਦੀ ਇਹ ਖ਼ਾਹਿਸ਼ ਹੈ ਕਿ ਉਸ ਦੇ ਘਰ ਉਸ ਦੇ ਵੰਸ਼ ਨੂੰ ਅੱਗੇ ਲੈ ਕੇ ਜਾਣ ਵਾਲਾ ਇੱਕ ਪੁੱਤਰ ਹੋਣਾ ਚਾਹੀਦਾ ਹੈ ਪਰ ਜਦ ਉਸ ਦੀ ਇਹ ਖ਼ਾਹਿਸ਼ ਪੂਰੀ ਨਹੀਂ ਹੁੰਦੀ, ਤਾਂ ਉਹ ਕੀ ਕੁਝ ਕਰ ਜਾਂਦਾ, ਉਸ ਜਨੂੰਨ ਨੂੰ ਹੀ ਇਸ ਫ਼ਿਲਮ ਵਿਚ ਬਿਆਨ ਕੀਤਾ ਗਿਆ ਹੈ। ਮੌਤ ਤੋਂ ਬਾਅਦ ਵੀ ਉਸ ਦੀ ਰੂਹ ਭਟਕਦੀ ਰਹਿੰਦੀ ਆਪਣੀ ਅਧੂਰੀ ਖ਼ਾਹਿਸ਼ ਨੂੰ ਪੂਰਾ ਕਰਨ ਲਈ। ਉਸ ਦੀ ਪੁੱਤਰ ਪ੍ਰਾਪਤੀ ਦੀ ਜ਼ਿੱਦ ਉਸ ਦੀ ਚੌਥੀ ਸਭ ਤੋਂ ਛੋਟੀ ਕੁੜੀ ਨੂੰ ਮੁੰਡੇ ਕੰਵਰ ਸਿੰਘ (ਅਦਾਕਾਰਾ ਤਿਲੋਤਮਾ ਸੋਮੇ) ਦਾ ਜੀਵਨ ਜਿਊਣ ਲਈ ਮਜਬੂਰ ਕਰਦੀ ਅਤੇ ਫ਼ਿਰ ਉਹ ਆਪਣੀ ਪੁੱਤਰ ਬਣਾਈ ਕੁੜੀ ਦਾ ਵਿਆਹ ਵੀ ਇੱਕ ਕੁੜੀ ਨੀਲੀ (ਅਦਾਕਾਰਾ ਰਸਿਕਾ ਦੁੱਗਲ) ਨਾਲ ਕਰਕੇ ਦੋ ਜ਼ਿੰਦਗੀਆਂ ਨੂੰ ਖਰਾਬ ਕਰ ਦਿੰਦਾ। 8 ਸਤੰਬਰ, 2013 ਨੂੰ ਟੋਰਾਂਟੋ ਫ਼ਿਲਮ ਫੈਸਟੀਵਲ ਵਿਚ ਅਤੇ ਭਾਰਤ ਦੇ ਸਿਨਮਾ ਘਰਾਂ ਵਿਚ 20 ਫਰਵਰੀ, 2015 ਨੂੰ ਪ੍ਰਦਰਸ਼ਿਤ ਇਸ ਅਵਾਰਡ ਜੇਤੂ ਫ਼ਿਲਮ ਦੇ ਨਿਰਦੇਸ਼ਕ ਸਨ ਅਨੂਪ ਸਿੰਘ ਅਤੇ ਕਹਾਣੀ ਲਿਖੀ ਸੀ ਅਨੂਪ ਸਿੰਘ ਅਤੇ ਮਦੂਜਾ ਮੁਖਰਜੀ ਨੇ। ਇਰਫ਼ਾਨ ਖਾਨ ਦੀ ਸਹਿਜ ਭਾਵਨਾ ਦੀ ਅਦਾਕਾਰੀ ਸ਼ਕਤੀਸ਼ਾਲੀ ਲਹਿਰਾਂ ਦੇ ਰੂਪ ਵਿਚ ਫ਼ਿਲਮ ਦੇ ਕਿਰਦਾਰ ਨੂੰ ਦਰਸ਼ਕਾਂ ਦੇ ਰੂਬਰੂ ਕਰਵਾਉਂਦਾ ਹੈ। ਉਮੀਦਾਂ, ਇੱਛਾਵਾਂ ਅਤੇ ਇਕੱਲੇਪਣ ਨੂੰ ਰਾਤ ਦੇ ਦ੍ਰਿਸ਼ਾਂ ਰਾਹੀਂ ਬਾਖ਼ੂਬੀ ਬਿਆਨ ਕਰਦੀ ਸਿਨਮੈਟੋਗ੍ਰਾਫੀ ਫ਼ਿਲਮ ਨੂੰ ਮਜ਼ਬੂਤੀ ਪ੍ਰਦਾਨ ਕਰਦੀ ਹੈ।

ਪਰਵਾਸ ਲਈ ਕਾਹਲੇ ਪੰਜਾਬੀ ਨੌਜਵਾਨਾਂ ਦਾ ਆਰਥਿਕ ਸ਼ੋਸ਼ਣ ਕਰਦੇ ਅਤੇ ਉਨ੍ਹਾਂ ਦੀਆਂ ਜਾਨਾਂ ਨੂੰ ਦਾਅ 'ਤੇ ਲਾਉਣ ਵਾਲੇ ਏਜੰਟਾਂ ਦੀ ਸੱਚਾਈ ਨੂੰ ਬਿਆਨ ਕਰਦੀ ਪੰਜਾਬੀ ਫ਼ਿਲਮ 'ਨਾਬਰ' ਪੰਜਾਬ ਦੀ ਇੱਕ ਹੋਰ ਸੱਚਾਈ ਨੂੰ ਬਿਆਨ ਕਰਦੀ ਬੇਹਤਰੀਨ ਆਰਟ ਫ਼ਿਲਮ ਹੈ। ਬਾਪ ਬੇਟੇ ਦੇ ਰਿਸ਼ਤੇ ਨੂੰ ਪੇਸ਼ ਕਰਦੀ ਅਤੇ ਪੁੱਤਰ ਵਿਯੋਗ ਵਿਚ ਤੜਫਦੇ ਮਾਂ-ਬਾਪ ਦੇ ਦੁੱਖਾਂ ਦੀ ਦਾਸਤਾਨ ਨੂੰ ਬਿਆਨ ਕਰਦੀ ਇਸ ਫ਼ਿਲਮ ਵਿਚ ਏਜੰਟਾਂ ਵੱਲੋਂ ਗਾਇਬ ਕੀਤੇ ਆਪਣੇ ਪੁੱਤ ਲਈ ਲੜਦੇ ਇੱਕ ਬਾਪ ਦੇ ਸੰਘਰਸ਼ ਦੀ ਕਹਾਣੀ ਹੈ। ਸੰਨ 2012 ਦੀ ਬੈਸਟ ਪੰਜਾਬੀ ਫੀਚਰ ਫ਼ਿਲਮ ਦਾ ਨੈਸ਼ਨਲ ਅਵਾਰਡ ਜੇਤੂ ਇਸ ਫ਼ਿਲਮ ਦੇ ਨਿਰਦੇਸ਼ਕ ਸਨ ਰਾਜੀਵ ਸ਼ਰਮਾ। ਅਦਾਕਾਰ ਹਰਦੀਪ ਗਿੱਲ, ਨਿਸ਼ਵਾਨ ਭੁੱਲਰ, ਗੀਤਾਂਜਲੀ ਗਿੱਲ, ਆਸ਼ੀਸ਼ ਦੁੱਗਲ, ਹਰਵਿੰਦਰ ਕੌਰ ਬਬਲੀ, ਅਨੀਤਾ ਦੇਵਗਨ ਅਤੇ ਰਾਣਾ ਰਣਬੀਰ ਦੀ ਅਦਾਕਾਰੀ ਨਾਲ ਸਜੀ ਇਸ ਫ਼ਿਲਮ ਨੇ ਆਪਣੀ ਬੇਹਤਰੀਨ ਪੇਸ਼ਕਾਰੀ ਨਾਲ ਦਰਸ਼ਕਾਂ ਨੂੰ ਕਾਫੀ ਪ੍ਰਭਾਵਿਤ ਕੀਤਾ। ਨਾਬਰ ਤੋਂ ਭਾਵ ਹੈ, ਸਮਾਜ ਵਿਚ ਬੇਇਨਸਾਫੀ ਕਰਨ ਵਾਲੇ ਲੋਕਾਂ ਨੂੰ ਚੁਣੌਤੀ ਦੇਣ ਵਾਲਾ, ਬੁਰਾਈ ਵਿਰੁੱਧ ਅਤੇ ਹੱਕਾਂ ਲਈ ਲੜਣ ਵਾਲਾ ਯੋਧਾ। ਇਸ ਫ਼ਿਲਮ ਵਿਚ ਹਰਦੀਪ ਗਿੱਲ ਇੱਕ ਬਾਪ ਦੇ ਰੂਪ ਵਿਚ ਇੱਕ ਨਾਬਰ ਹੈ, ਜੋ ਮਾਸੂਮ ਲੋਕਾਂ ਦੇ ਪੁੱਤਾਂ ਨੂੰ ਬਾਹਰ ਭੇਜਣ ਵਾਲੇ, ਉਨ੍ਹਾਂ ਦੀ ਜ਼ਮੀਨ-ਜਾਇਦਾਦ ਵਿਕਵਾਉਣ ਵਾਲੇ ਤੇ ਪੁੱਤਾਂ ਨੂੰ ਮਾਰਨ ਵਾਲੇ ਏਜੰਟਾਂ ਵਿਰੁੱਧ ਯੁੱਧ ਛੇੜਦਾ ਹੈ ਤੇ ਅਖੀਰ ਵਿਚ ਏਜੰਟਾਂ ਨੂੰ ਸਜ਼ਾ ਦਿਵਾ ਕੇ ਉਸ ਯੁੱਧ ਨੂੰ ਜਿੱਤ ਕੇ ਹੀ ਸਾਹ ਲੈਂਦਾ ਹੈ।

ਆਰਟ ਫ਼ਿਲਮ ਨਾਬਰ ਤੋਂ ਬਾਅਦ ਨਿਰਦੇਸ਼ਕ ਰਾਜੀਵ ਸ਼ਰਮਾ ਨੇ ਆਪਣੀ ਅਗਲੀ ਪੰਜਾਬੀ ਫ਼ਿਲਮ 'ਚੰਮ' ਰਾਹੀਂ ਇੱਕ ਐਸੇ ਵਰਗ ਦੀ ਗੱਲ ਕੀਤੀ ਹੈ, ਜਿਸ ਨੂੰ ਸਮਾਜ ਵਿਚ ਕੋਈ ਵਧੀਆ ਨਜ਼ਰ ਨਾਲ ਨਹੀਂ ਵੇਖਿਆ ਜਾਂਦਾ। ਮਰੇ ਪਸ਼ੂਆਂ ਦਾ ਚੰਮ ਲਾਹ ਕੇ ਉਸ ਨੂੰ ਵੇਚ ਕੇ ਗੁਜ਼ਾਰਾ ਕਰਨ ਵਾਲੇ ਗਰੀਬ ਲੋਕਾਂ ਦੀਆਂ ਤਕਲੀਫਾਂ ਨੂੰ ਬਿਆਨ ਕਰਦੀ ਇਹ ਇੱਕ ਬੇਹਤਰੀਨ ਫ਼ਿਲਮ ਹੈ। ਕਾਨ ਫ਼ਿਲਮ ਫੈਸਟੀਵਲ ਵਿਚ ਵਾਹ-ਵਾਹੀ ਖੱਟਣ ਵਾਲੀ ਅਤੇ ਪੰਜਾਬ ਦੇ ਕਈ ਪਿੰਡਾਂ ਵਿਚ ਵਿਖਾਈ ਗਈ ਇਸ ਫ਼ਿਲਮ ਜ਼ਰੀਏ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਚੰਮ ਲਾਹੁਣ ਵਾਲੇ ਪਿਤਾ ਪੁਰਖੀ ਕੰਮ ਨਾਲ ਜੁੜੇ ਲੋਕਾਂ ਨੂੰ ਵੀ ਜੀਊਣ ਦਾ ਹੱਕ ਹੈ ਤੇ ਉਹ ਵੀ ਇੱਜ਼ਤ ਦੀ ਜ਼ਿੰਦਗੀ ਬਸਰ ਕਰਨ ਦੇ ਹੱਕਦਾਰ ਹਨ। ਅਦਾਕਾਰ ਸੁਰਿੰਦਰ ਸ਼ਰਮਾ, ਹਰਦੀਪ ਗਿੱਲ, ਬਲਜਿੰਦਰ, ਜਿੰਮੀ ਗਿੱਦੜਬਾਹਾ ਅਤੇ ਮਹਿਰੀਨ ਕਾਲੇਕੇ ਦੀ ਸ਼ਾਨਦਾਰ ਅਦਾਕਾਰੀ ਨਾਲ ਸਜੀ ਇਸ ਫ਼ਿਲਮ ਵਿਚ ਦੋ ਭਰਾਵਾਂ ਦੀ ਕਹਾਣੀ ਬਿਆਨ ਕੀਤੀ ਗਈ ਹੈ। ਵੱਡਾ ਭਰਾ ਕੀਪਾ ਜ਼ਿੰਦਗੀ ਨੂੰ ਬੇਹਤਰ ਕਰਨ ਲਈ ਸੰਘਰਸ਼ ਕਰਦਾ ਹੈ ਤੇ ਅਖੀਰ ਉਹ ਪਿੰਡ ਦੇ ਸਰਪੰਚ ਦੇ ਵਿਰੋਧ ਦੇ ਬਾਵਜੂਦ ਦਲਿਤਾਂ ਲਈ ਰਾਖਵੀ ਰੱਖੀ ਜ਼ਮੀਨ ਨੂੰ ਆਪਣੇ ਇੱਕ ਦੋਸਤ ਦੀ ਮਦਦ ਨਾਲ ਬੋਲੀ ਦੇ ਕੇ ਪ੍ਰਾਪਤ ਕਰਨ ਵਿਚ ਸਫ਼ਲ ਹੋ ਜਾਂਦਾ ਹੈ ਤੇ ਇੱਜ਼ਤ ਦੀ ਰੋਟੀ ਕਮਾਉਣ ਦੇ ਰਾਹ ਪੈ ਜਾਂਦਾ ਹੈ। ਸੰਨ 2015 ਵਿਚ ਨਿਰਦੇਸ਼ਕ ਗੁਰਵਿੰਦਰ ਸਿੰਘ ਦੀ ਇੱਕ ਹੋਰ ਸ਼ਾਹਕਾਰ ਫ਼ਿਲਮ ਚੌਥੀ ਕੂਟ ਰਿਲੀਜ਼ ਹੋਈ। 1984 ਸਾਕਾ ਨੀਲਾ ਤਾਰਾ ਤੋਂ ਬਾਅਦ ਪੰਜਾਬ ਦੇ ਹਾਲਾਤਾਂ 'ਤੇ ਪ੍ਰਸਿੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਦੁਆਰਾ ਲਿਖੀਆਂ ਦੋ ਕਹਾਣੀਆਂ 'ਚੌਥੀ ਕੂਟ' ਅਤੇ 'ਹੁਣ ਮੈਂ ਠੀਕ-ਠਾਕ ਹਾਂ' 'ਤੇ ਆਧਾਰਿਤ ਇਸ ਫ਼ਿਲਮ ਨੇ ਅੰਤਰਰਾਸ਼ਟਰੀ ਫ਼ਿਲਮ ਫੈਸਟੀਵਲਾਂ ਵਿਚ ਦਰਸ਼ਕਾਂ ਅਤੇ ਫ਼ਿਲਮੀ ਹਸਤੀਆਂ ਦੀ ਭਰਪੂਰ ਵਾਹ-ਵਾਹੀ ਹਾਸਲ ਕੀਤੀ। ਸਿਨਮੈਟੋਗ੍ਰਾਫੀ, ਸਾਊਂਡ ਅਤੇ ਤਕਨੀਕੀ ਤੌਰ 'ਤੇ ਬੇਹਤਰੀਨ ਬਣੀ ਇਸ ਫ਼ਿਲਮ ਵਿਚ ਦੋ ਕਹਾਣੀਆਂ ਨਾਲ-ਨਾਲ ਚੱਲਦੀਆਂ ਹਨ। ਪਹਿਲੀ ਕਹਾਣੀ ਵਿਚ ਰੇਲ ਵਿਚ ਰਾਤ ਨੂੰ ਸਫ਼ਰ ਕਰਦੇ ਹਿੰਦੂ ਅਤੇ ਸਿੱਖ ਨੌਜਵਾਨਾਂ ਦੇ ਅੰਦਰ ਕੀ ਸੋਚਾਂ ਚੱਲ ਰਹੀਆਂ ਹੁੰਦੀਆਂ ਅਤੇ ਕਿਵੇਂ ਉਹ ਤਨਾਅ, ਸ਼ੱਕ ਅਤੇ ਖੌਫ਼ ਦੇ ਪਰਛਾਵੇਂ ਹੇਠ ਇੱਕ ਦੂਜੇ ਦਾ ਸਹਾਰਾ ਲੈਂਦੇ ਉਸ ਨੂੰ ਵਿਖਾਇਆ ਗਿਆ ਅਤੇ ਦੂਸਰੀ ਕਹਾਣੀ ਵਿਚ ਖੇਤਾਂ ਵਿਚ ਰਹਿੰਦੇ ਇੱਕ ਪਰਿਵਾਰ ਜਿਸ ਦੇ ਘਰੇ ਇੱਕ ਕੁੱਤਾ ਹੁੰਦਾ ਤੇ ਪੰਜਾਬ ਵਿਚ ਤਾਇਨਾਤ ਸਕਿਓਰਿਟੀ ਫੋਰਸ ਵਾਲੇ ਅਤੇ ਲਹਿਰ ਵਿਚ ਸ਼ਾਮਲ ਨੌਜਵਾਨ ਕਿਵੇਂ ਘਰ ਦੇ ਮੁਖੀ ਤੇ ਕੁੱਤੇ ਨੂੰ ਮਾਰਨ ਲਈ ਜਦ ਦਬਾਅ ਪਾਉਂਦੇ, ਤਾਂ ਉਸ ਤਨਾਅ ਅਤੇ ਦੁਚਿੱਤੀ ਵਿਚ ਫਸੇ ਮੁੱਖ ਪਾਤਰ ਜੋਗਿੰਦਰ ਸਿੰਘ ਨੂੰ ਦਿਖਾਇਆ ਗਿਆ ਹੈ। ਅਦਾਕਾਰ ਸੁਵਿੰਦਰ ਵਿੱਕੀ, ਰਾਜਬੀਰ ਕੌਰ, ਕੰਵਲਜੀਤ ਸਿੰਘ, ਹਰਨੇਕ ਔਲਖ ਅਤੇ ਗੁਰਪ੍ਰੀਤ ਭੰਗੂ ਅਭਿਨੀਤ ਇਸ ਫ਼ਿਲਮ ਨੂੰ ਦੇਖ ਕੇ ਨਿਰਦੇਸ਼ਕ ਗੁਰਵਿੰਦਰ ਸਿੰਘ ਦੀ ਸਿਨੇਮੇ ਪ੍ਰਤੀ ਸੂਝ-ਬੂਝ ਦਾ ਇਲਮ ਹੁੰਦਾ ਕਿ ਉਹ ਕਿੰਨਾ ਵੱਡਾ ਫ਼ਿਲਮ ਨਿਰਦੇਸ਼ਕ ਹੈ। ਭਾਰਤ ਦੇ ਬੇਹਤਰੀਨ ਆਰਟ ਫ਼ਿਲਮ ਨਿਰਦੇਸ਼ਕ ਬਣਨ ਦੇ ਉਸ ਵਿਚ ਸਾਰੇ ਗੁਣ ਮੌਜੂਦ ਹਨ।

ਕਮਰਸ਼ੀਅਲ ਤੌਰ 'ਤੇ ਹਿੱਟ ਫ਼ਿਲਮ 'ਚੰਨ ਪ੍ਰਦੇਸੀ' ਇੱਕ ਨਾਇਕਾ ਪ੍ਰਧਾਨ ਫ਼ਿਲਮ ਸੀ, ਜਿਸ ਨੂੰ ਨੈਸ਼ਨਲ ਅਵਾਰਡ ਵੀ ਹਾਸਿਲ ਹੋਇਆ। ਚੰਨ ਪ੍ਰਦੇਸੀ ਇੱਕ ਐਸੀ ਫ਼ਿਲਮ ਸੀ, ਜਿਸ ਵਿਚ ਇੱਕ ਨਿਮਨ ਵਰਗ ਦੀ ਔਰਤ ਕੰਮੋ (ਅਦਾਕਾਰਾ ਰਮਾ ਵਿੱਜ) ਨਾਲ ਪਿੰਡ ਦੇ ਜਗੀਰਦਾਰ ਜੋਗਿੰਦਰ (ਅਮਰੀਸ਼ ਪੁਰੀ) ਵੱਲੋਂ ਕੀਤੀ ਜ਼ਿਆਦਤੀ ਅਤੇ ਉਸ ਤੋਂ ਬਾਅਦ ਉਸ ਨੂੰ ਉਸਦੇ ਪਤੀ ਨੇਕ (ਕੁਲਭੂਸ਼ਨ ਖਰਬੰਦਾ) ਵੱਲੋਂ ਜਵਾਨੀ ਵਿਚ ਹੀ ਇਕੱਲਿਆਂ ਛੱਡ ਕੇ ਜਾਣ ਤੋਂ ਬਾਅਦ ਜ਼ਿੰਦਗੀ ਦੀਆਂ ਮੁਸੀਬਤਾਂ ਨੂੰ ਝੱਲਕੇ ਆਪਣੇ ਪੁੱਤਰ ਨੂੰ ਇਕੱਲਿਆਂ ਪਾਲ ਪੋਸ ਕੇ ਵੱਡਾ ਕਰਨ ਨੂੰ ਵਿਖਾਇਆ ਗਿਆ ਹੈ। ਬੇਸ਼ੱਕ ਫ਼ਿਲਮ ਕਮਰਸ਼ੀਅਲ ਤੌਰ 'ਤੇ ਵੀ ਸਫਲ ਰਹੀ ਪਰ ਇਸ ਵਿਚ ਆਰਟ ਫ਼ਿਲਮ ਦੇ ਸਾਰੇ ਗੁਣ ਮੌਜੂਦ ਸਨ ਤੇ ਕਲਾਕਾਰਾਂ ਦੀ ਸਜੀਵ ਅਦਾਕਾਰੀ ਨੇ ਇਸ ਫ਼ਿਲਮ ਨੂੰ ਇੱਕ ਯਾਦਗਾਰੀ ਫ਼ਿਲਮ ਬਣਾ ਦਿੱਤਾ ਸੀ। ਇਸੇ ਤਰ੍ਹਾਂ 1983 ਵਿਚ ਪ੍ਰਦਰਸ਼ਿਤ ਹੋਈ ਪੰਜਾਬੀ ਫ਼ਿਲਮ 'ਲੌਂਗ ਦਾ ਲਿਸ਼ਕਾਰਾ' ਅਤੇ 1990 ਵਿਚ ਪ੍ਰਦਰਸ਼ਿਤ ਹੋਈ ਪੰਜਾਬੀ ਫ਼ਿਲਮ 'ਦੀਵਾ ਬਲੇ ਸਾਰੀ ਰਾਤ' ਜਿਸ ਦੇ ਨਿਰਦੇਸ਼ਕ ਸਨ ਪੰਜਾਬੀ ਥੀਏਟਰ ਦੀ ਮਹਾਨ ਹਸਤੀ ਹਰਪਾਲ ਟਿਵਾਣਾ ਜੀ, 2012 ਵਿਚ ਪ੍ਰਦਰਸ਼ਿਤ ਹੋਈ ਨਿਰਦੇਸ਼ਕ ਜੀਤ ਮਠਾੜੂ ਦੀ ਫ਼ਿਲਮ 'ਕੁਦੇਸਣ', 2016 ਵਿਚ ਪ੍ਰਦਰਸ਼ਿਤ ਹੋਈ ਨਿਰਦੇਸ਼ਕ ਮਨਭਾਵਨ ਸਿੰਘ ਦੀ ਫ਼ਿਲਮ 'ਗੇਲੋ', 2017 ਵਿਚ ਪ੍ਰਦਰਸ਼ਿਤ ਹੋਈ ਨਿਰਦੇਸ਼ਕ ਅਮਰਦੀਪ ਸਿੰਘ ਗਿੱਲ ਦੀ ਫ਼ਿਲਮ 'ਜੋਰਾ ਦਸ ਨੰਬਰੀਆ', 2021 ਵਿਚ ਪ੍ਰਦਰਸ਼ਿਤ ਹੋਈ ਨਿਰਦੇਸ਼ਕ ਨਵਤੇਜ ਸੰਧੂ ਦੀ ਫ਼ਿਲਮ 'ਜਮਰੌਦ', 2022 ਵਿਚ ਪ੍ਰਦਰਸ਼ਿਤ ਹੋਈ ਨਿਰਦੇਸ਼ਕ ਮੁਕੇਸ਼ ਗੌਤਮ ਦੀ ਫ਼ਿਲਮ 'ਬਾਗੀ ਦੀ ਧੀ' ਅਤੇ ਹਾਲ ਹੀ ਵਿਚ 13 ਜਨਵਰੀ 2023 ਨੂੰ ਪ੍ਰਦਰਸ਼ਿਤ ਹੋਈ ਨਿਰਦੇਸ਼ਕ ਸਤਿੰਦਰ ਕੱਸੋਆਣਾ ਦੀ ਫ਼ਿਲਮ 'ਰੇਂਜ ਰੋਡ 290' ਵੀ ਆਪਣੇ ਵਿਸ਼ਾ-ਵਸਤੂ ਪੱਖੋਂ ਆਰਟ ਫ਼ਿਲਮਾਂ ਵਜੋਂ ਹੀ ਵੇਖੀਆਂ ਜਾ ਸਕਦੀਆਂ ਹਨ।

ਪੰਜਾਬੀ ਆਰਟ ਸਿਨੇਮੇ ਵਿਚ ਪੰਜਾਬੀ ਸਾਹਿਤ ਨੇ ਬਹੁਤ ਵੱਡਾ ਹਿੱਸਾ ਪਾਇਆ ਹੈ। ਪੰਜਾਬੀ ਦੇ ਸਿਰਮੌਰ ਨਾਵਲਕਾਰ ਗੁਰਦਿਆਲ ਸਿੰਘ ਦੇ ਤਿੰਨ ਜਗਤ ਪ੍ਰਸਿੱਧ ਨਾਵਲ 'ਮੜ੍ਹੀ ਦਾ ਦੀਵਾ', 'ਅੰਨ੍ਹੇ ਘੋੜੇ ਦਾ ਦਾਨ' ਅਤੇ 'ਅੱਧ ਚਾਨਣੀ ਰਾਤ' 'ਤੇ ਆਧਾਰਿਤ ਤਿੰਨ ਬੇਹਤਰੀਨ ਆਰਟ ਫ਼ਿਲਮਾਂ ਇਸੇ ਨਾਮ 'ਤੇ ਬਣੀਆਂ। ਇਸੇ ਤਰ੍ਹਾਂ ਪੰਜਾਬੀ ਫ਼ਿਲਮ 'ਜ਼ਮਰੌਦ' ਵਰਿਆਮ ਸਿੰਘ ਸੰਧੂ ਦੀ ਕਹਾਣੀ ਜ਼ਮਰੌਦ 'ਤੇ ਆਧਾਰਿਤ, ਪੰਜਾਬੀ ਫ਼ਿਲਮ 'ਬਾਗੀ ਦੀ ਧੀ' ਗੁਰਮੁੱਖ ਸਿੰਘ ਮੁਸਾਫ਼ਿਰ ਦੀ ਕਹਾਣੀ ਬਾਗੀ ਦੀ ਧੀ 'ਤੇ ਆਧਾਰਿਤ, ਪੰਜਾਬੀ ਫ਼ਿਲਮ 'ਗੇਲੋ' ਰਾਮ ਸਰੂਪ ਅਣਖੀ ਦੇ ਨਾਵਲ ਗੇਲੋ 'ਤੇ ਆਧਾਰਿਤ, ਪੰਜਾਬੀ ਫ਼ਿਲਮ 'ਕੁਦੇਸਣ' ਜਤਿੰਦਰ ਸਿੰਘ ਬਰਾੜ ਦੇ ਨਾਟਕ ਕੁਦੇਸਣ 'ਤੇ ਆਧਾਰਿਤ ਅਤੇ ਪੰਜਾਬੀ ਫ਼ਿਲਮ 'ਚੰਮ' ਭਗਵੰਤ ਰਸੂਲਪੁਰੀ ਦੀ ਕਹਾਣੀ 'ਤੇ ਆਧਾਰਿਤ ਸਨ। ਪੰਜਾਬੀ ਦਾ ਬਹੁਤ ਸਾਰਾ ਸਾਹਿਤ ਐਸਾ ਹੈ, ਜਿਸ 'ਤੇ ਬੇਹਤਰੀਨ ਫ਼ਿਲਮਾਂ ਬਣਾਈਆ ਜਾ ਸਕਦੀਆਂ ਹਨ। ਪਰ ਇਸ ਦੇ ਲਈ ਆਰਟ ਸਿਨੇਮੇ ਨੂੰ ਦੇਖਣ ਵਾਲੇ ਦਰਸ਼ਕਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਸਿਨਮੇ ਦੀ ਸਫਲਤਾ ਬਾਕਸ ਆਫਿਸ ਦੁਆਰਾ ਸੰਚਾਲਿਤ ਹੁੰਦੀ ਹੈ ਤੇ ਉਹ ਹੀ ਸਿਨੇਮੇ ਦੀ ਦਿਸ਼ਾ ਅਤੇ ਦਰਸ਼ਕਾਂ ਦਾ ਸਿਨੇਮੇ ਵੱਲ ਰੁਖ ਤਹਿ ਕਰਦਾ ਹੈ। ਜਦੋਂ ਤੱਕ ਪੰਜਾਬੀ ਆਰਟ ਫ਼ਿਲਮਾਂ ਵਿਆਪਕ ਤੌਰ 'ਤੇ ਨਹੀਂ ਵੇਖੀਆਂ ਜਾਂਦੀਆਂ ਅਤੇ ਇਨ੍ਹਾਂ ਨੂੰ ਪੰਜਾਬੀ ਦਰਸ਼ਕਾਂ ਅਤੇ ਪੰਜਾਬ ਸਰਕਾਰ ਦਾ ਪੂਰਾ ਸਮਰਥਨ ਨਹੀਂ ਮਿਲਦਾ, ਓਦੋਂ ਤੱਕ ਪੰਜਾਬੀ ਆਰਟ ਸਿਨੇਮਾ ਅੱਗੇ ਨਹੀਂ ਵੱਧ ਸਕਦਾ।

# ਨਸ਼ੇ ਦੇ ਜ਼ਹਿਰ ਨਾਲ ਭਰਿਆ ਪੰਜਾਬ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)

7 ਮਾਰਚ, 2023 ਨੂੰ ਗੁਜਰਾਤ ਦੇ ਤੱਟ ਤੋਂ 61 ਕਿਲੋ ਹੈਰੋਇਨ ਫੜੀ ਗਈ ਹੈ, ਇਸ ਦੀ ਕੌਮਾਂਤਰੀ ਬਾਜ਼ਾਰ 'ਚ ਕੀਮਤ 425 ਕਰੋੜ ਆਂਕੀ ਗਈ ਹੈ।

ਸਤੰਬਰ 2022 'ਚ 40 ਕਿਲੋਗ੍ਰਾਮ ਅਤੇ ਅਕਤੂਬਰ 2021 'ਚ ਗੁਜਰਾਤ ਦੀ ਬੰਦਰਗਾਹ ਤੋਂ ਹੀ 2988 ਕਿਲੋਗ੍ਰਾਮ ਦੀ ਵੱਡੀ ਖੇਪ ਫੜੀ ਗਈ ਸੀ। ਗੁਜਰਾਤ ਸੂਬੇ ਦੀਆਂ ਬੰਦਰਗਾਹਾਂ ਤੋਂ ਫੜੇ ਨਸ਼ੇ ਸਬੰਧੀ ਗੁਜਰਾਤ ਦੇ ਅਧਿਕਾਰੀ ਦਾਅਵਾ ਕਰਦੇ ਹਨ ਕਿ ਇਹ ਨਸ਼ੀਲੇ ਪਦਾਰਥ ਪੰਜਾਬ ਪਹੁੰਚਾਏ ਜਾਣੇ ਸਨ। ਤਸਕਰਾਂ ਦੇ ਗਰੋਹਾਂ ਵਲੋਂ ਪਾਕਿਸਤਾਨ, ਇਰਾਨ ਤੋਂ ਇਹ ਨਸ਼ੇ ਪੰਜਾਬ 'ਚ ਸਪਲਾਈ ਕਰਨ ਦੀਆਂ ਖ਼ਬਰਾਂ ਵੀ ਹਨ।

ਨਸ਼ਿਆਂ ਦਾ ਪ੍ਰਕੋਪ ਇਕੱਲੇ ਪੰਜਾਬ, ਜਾਂ ਭਾਰਤ ਦੇ ਵੱਖ-ਵੱਖ ਸੂਬਿਆਂ 'ਚ ਹੀ ਪੈਰ ਨਹੀਂ ਪਸਾਰ ਰਿਹਾ, ਸਗੋਂ ਕੈਨੇਡਾ, ਅਮਰੀਕਾ ਵਰਗੇ ਦੇਸ਼ਾਂ ਵਿਚ ਵੀ ਹਰ ਕਿਸਮ ਦੇ ਨਸ਼ੇ ਤਸਕਰਾਂ ਰਾਹੀਂ ਪਹੁੰਚਾਏ ਜਾਂਦੇ ਹਨ ਅਤੇ ਉਥੇ ਵੀ ਨੌਜਵਾਨਾਂ ਵਲੋਂ ਇਸ ਦੀ ਵਰਤੋਂ ਹੁੰਦੀ ਹੈ। ਇਸ ਨਾਲ ਟੱਬਰਾਂ ਦੇ ਟੱਬਰ ਤਬਾਹ ਹੋ ਰਹੇ ਹਨ, ਉਜੜ ਰਹੇ ਹਨ। ਅਪਰਾਧਾਂ 'ਚ ਅਤਿਅੰਤ ਵਾਧਾ ਹੋ ਰਿਹਾ ਹੈ। ਨਸ਼ਿਆਂ 'ਚ ਇਹ ਵਾਧਾ ਵਿਸ਼ਵ ਪੱਧਰੀ ਸਰਕਾਰਾਂ ਲਈ ਚਿੰਤਾ ਦਾ ਵਿਸ਼ਾ ਹੈ।

ਪੰਜਾਬ ਵਰਗਾ ਖੁਸ਼ਹਾਲ ਸੂਬਾ, ਜਿਥੋਂ ਦੇ ਵਾਸੀਆਂ ਦੇ ਸੁਡੋਲ ਜੁੱਸੇ ਹਨ, ਜਿਥੋਂ ਦੇ ਨੌਜਵਾਨ, ਮੁਟਿਆਰਾਂ ਛੈਲ-ਛਬੀਲੇ ਹਨ, ਨਸ਼ਿਆਂ 'ਚ ਗ੍ਰਸਕੇ ਔਝੜੇ ਰਾਹੀਂ ਪਏ ਹੋਏ ਆਪਣੀ ਹੋਂਦ ਤੇ ਸ਼ਾਖ ਗੁਆ ਰਹੇ ਹਨ।

ਪੰਜਾਬ 'ਚ ਨਸ਼ੇ ਵਰਤਣ ਵਾਲਿਆਂ ਦੀ ਸਥਿਤੀ ਵੇਖੋ। ਆਲ ਇੰਡੀਆ ਇੰਸਟੀਚੀਊਟ ਆਫ ਮੈਡੀਕਲ ਸਾਇੰਸ ਦੇ ਡਾ: ਅਤੁਲ ਅੰਬੇਦਕਰ ਅਨੁਸਾਰ ਪੰਜਾਬ 'ਚ ਅਲਕੋਹਲ (ਸ਼ਰਾਬ) ਪੀਣ ਵਾਲੇ 28.5 ਫੀਸਦੀ ਲੋਕ ਹਨ, ਜਦਕਿ ਰਾਸ਼ਟਰੀ ਔਸਤ 14.6 ਫੀਸਦੀ ਹੈ। ਅਫੀਮ ਅਤੇ ਹੈਰੋਇਨ ਚਿੱਟਾ ਆਦਿ ਪੀਣ ਵਾਲੇ ਪੰਜਾਬ 'ਚ 9.7 ਫੀਸਦੀ ਹਨ ਜਦਕਿ ਰਾਸ਼ਟਰੀ ਔਸਤ 2.1 ਫੀਸਦੀ ਹੈ। ਜ਼ਾਹਿਰ ਹੈ ਕਿ ਨਸ਼ੇ ਵਰਤਣ ਵਾਲਿਆਂ ਦੀ ਗਿਣਤੀ ਪੰਜਾਬ 'ਚ ਜ਼ਿਆਦਾ ਹੈ। ਪੰਜਾਬ 'ਚ ਨਸ਼ੇ ਵਰਤਣ ਕਾਰਨ ਮਰਨ ਵਾਲਿਆਂ ਦੀ ਗਿਣਤੀ ਲਗਾਤਾਰ ਵਧੀ ਹੈ ਅਤੇ ਪੰਜਾਬ 'ਚ ਐਡਵੋਕੇਟ ਨਵਕਿਰਨ ਸਿੰਘ (ਜੋ ਪੰਜਾਬ, ਹਰਿਆਣਾ ਹਾਈਕੋਰਟ 'ਚ ਨਸ਼ਿਆਂ ਪ੍ਰਤੀ ਕੇਸ ਲੜ ਰਹੇ ਹਨ) ਅਨੁਸਾਰ ਪੰਜਾਬ 'ਚ ਨਸ਼ੇ ਉਦੋਂ ਤੱਕ ਬੰਦ ਨਹੀਂ ਹੋ ਸਕਦੇ, ਜਦੋਂ ਤੱਕ ਨਸ਼ਾ ਤਸਕਰਾਂ, ਭੈੜੇ ਪੁਲਿਸ ਅਫ਼ਸਰਾਂ ਅਤੇ ਲਾਲਚੀ ਸਿਆਸਤਦਾਨਾਂ ਦੀ ਤਿੱਕੜੀ ਤੋੜੀ ਨਹੀਂ ਜਾਂਦੀ।

ਪੰਜਾਬ ਦਾ ਪੇਂਡੂ ਇਲਾਕਾ ਖ਼ਾਸ ਤੌਰ 'ਤੇ ਨਸ਼ਿਆਂ ਦੀ ਲਪੇਟ ਵਿਚ ਹੈ। ਨਸ਼ਿਆਂ 'ਚ ਪੇਂਡੂ ਨੌਜਵਾਨਾਂ ਦਾ ਵੱਧ ਹੋਣਾ ਬੇਰੁਜ਼ਗਾਰੀ ਰਿਸ਼ਤਿਆਂ 'ਚ ਟੁੱਟ-ਭੱਜ, ਆਰਥਿਕ ਤੰਗੀ-ਤੁਰਸ਼ੀ ਅਤੇ ਸੱਭਿਆਚਾਰਕ ਤਾਣੇ-ਬਾਣੇ 'ਚ ਵਿਗਾੜ ਦਾ ਹੋਣਾ ਹੈ। 1984 ਤੋਂ ਬਾਅਦ ਖ਼ਾਸ ਤੌਰ 'ਤੇ ਨੌਜਵਾਨ ਗਰਮ-ਸਰਦ ਲਹਿਰ ਤੋਂ ਬਾਅਦ ਪ੍ਰੇਸ਼ਾਨੀ, ਨਿਰਾਸ਼ਤਾ ਦੇ ਆਲਮ 'ਚ ਨਸ਼ਿਆਂ ਨਾਲ ਵਧੇਰੇ ਜੁੜੇ। ਨਸ਼ਿਆਂ ਕਾਰਨ ਸਮਾਜਿਕ ਵਿਗਾੜ ਤਾਂ ਵਧਿਆ ਹੀ, ਸਿਹਤ ਨੇ ਤਾਂ



ਖਰਾਬ ਹੋਣਾ ਹੀ ਸੀ, ਪਰ ਨੌਜਵਾਨ ਗੱਭਰੂ-ਮੁਟਿਆਰਾਂ 'ਚ ਜਨਣ ਪ੍ਰਕਿਰਿਆ 'ਚ ਘਾਟ ਦਿਸਣ ਲੱਗੀ ਹੈ। ਇਹ ਅਣਖੀਲੀ ਪੰਜਾਬੀ ਕੌਮ ਲਈ ਇਕ ਤ੍ਰਿਸਕਾਰ ਦੀ ਸਥਿਤੀ ਬਣ ਚੁੱਕੀ ਹੈ। ਪੰਜਾਬ ਨੂੰ ਪਹਿਲਾਂ "ਕੁੜੀ-ਮਾਰ" ਸੂਬੇ ਵਜੋਂ ਅਤੇ ਹੁਣ ਪੰਜਾਬੀਆਂ ਨੂੰ ਨੌਸ਼ਈਆਂ ਵਜੋਂ ਸ਼ਰਮਿੰਦਗੀ ਉਠਾਉਣੀ ਪੈ ਰਹੀ ਹੈ। ਇੱਕ ਸਰਵੇ ਅਨੁਸਾਰ ਗੋਆ ਦੀ 78 ਫੀਸਦੀ, ਪੰਜਾਬ ਦੀ 77.5 ਫੀਸਦੀ ਪੇਂਡੂ ਆਬਾਦੀ ਕੋਈ ਨਾ ਕੋਈ ਨਸ਼ਾ ਕਰਦੀ ਹੈ, ਜਿਸ ਵਿਚ ਸ਼ਰਾਬ, ਡੋਡੇ, ਅਫੀਮ, ਹੈਰੋਇਨ ਅਤੇ ਹੋਰ ਸਿੰਥੈਟਿਕ ਨਸ਼ੇ ਸ਼ਾਮਲ ਹਨ। ਇਕ ਹੋਰ ਰਿਪੋਰਟ ਇਹ ਵੀ ਕਹਿੰਦੀ ਹੈ ਕਿ ਮੇਘਾਲਿਆਂ ਦੇ 90.7 ਫੀਸਦੀ ਅਤੇ ਮੀਜ਼ੋਰਮ ਦੇ 91 ਫੀਸਦੀ ਸ਼ਹਿਰੀ ਲੋਕ ਨਸ਼ਿਆਂ ਤੋਂ ਛੁਟਕਾਰਾ ਪਾਉਣ ਲਈ ਅਤੇ ਇਲਾਜ ਕਰਾਉਣ ਲਈ ਅੱਗੇ ਆਏ। ਜਦਕਿ ਪੰਜਾਬ ਦੇ ਨੌਜਵਾਨ ਜਾਂ ਲੋਕ ਵਾਹ ਲੱਗਦਿਆਂ ਨਸ਼ਾ ਛੁਡਾਊ ਕੇਂਦਰਾਂ 'ਚ ਜਾਣ ਤੋਂ ਕੰਨੀਂ ਕਤਰਾਉਂਦੇ ਹਨ ਅਤੇ ਉਥੇ ਜਾਣ 'ਚ ਸ਼ਰਮਿੰਦਗੀ ਮਹਿਸੂਸ ਕਰਦੇ ਹਨ।

ਨਸ਼ਿਆਂ ਦੀ ਮਾਰ ਘਰ-ਘਰ ਵਿਚ ਹੈ। ਕੋਈ ਸ਼ਰਾਬ ਦੇ ਨਾਲ ਪੀੜਤ ਹੈ ਅਤੇ ਕੋਈ ਹੋਰ ਕਿਸੇ ਸਿੰਥੈਟਿਕ ਨਸ਼ੇ ਨਾਲ। ਨਿੱਤ ਦਿਹਾੜੇ ਨਸ਼ੇ ਦੀ ਵਾਧੂ ਖੁਰਾਕ ਲੈਣ ਨਾਲ ਨੌਜਵਾਨਾਂ ਦਾ ਮਰਨਾ ਸੁਣਨ ਨੂੰ ਮਿਲਦਾ ਹੈ। ਪਰਿਵਾਰਾਂ 'ਚ ਕਲੇਸ਼ ਤਾਂ ਪੈਂਦਾ ਹੀ ਹੈ, ਨਸ਼ੇ ਕਰਨ ਵਾਲੇ ਚੋਰੀਆਂ, ਲੁੱਟਾਂ ਦੇ ਰਾਹ ਪੈ ਕੇ ਆਪਣਾ ਜੀਵਨ ਔਖਾ ਕਰ ਰਹੇ ਹਨ। ਬਾਵਜੂਦ ਇਸ ਗੱਲ ਦੇ ਕਿ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨਿਰੰਤਰ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਲਈ ਯਤਨਸ਼ੀਲ ਹੈ, ਪਰ ਗੁਜਰਾਤ ਬੰਦਰਗਾਹ ਅਤੇ ਪਾਕਿਸਤਾਨ ਵਾਲੀ ਸਰਹੱਦ ਦੇ ਪਾਸਿਓਂ ਡਰੋਨ ਰਾਹੀਂ ਨਸ਼ਿਆਂ ਦਾ ਨਿਰੰਤਰ ਆਉਣਾ ਵੱਡੇ ਸਵਾਲ ਪੈਦਾ ਕਰ ਰਿਹਾ ਹੈ। ਨਸ਼ਿਆਂ ਦਾ ਪੰਜਾਬ ਦੀਆਂ ਜੇਲ੍ਹਾਂ ਵਿਚ ਮਿਲਣਾ ਹੋਰ ਵੀ ਹੈਰਾਨੀਜਨਕ ਹੈ। ਨਸ਼ਿਆਂ ਦੀ ਲਾਹਨਤ ਕਾਰਨ ਪੰਜਾਬ ਵੱਡਾ ਨੁਕਸਾਨ ਝੱਲ ਚੁੱਕਾ ਹੈ ਅਤੇ ਹਰ ਦਿਨ, ਲਗਾਤਾਰ ਨਸ਼ਿਆਂ ਦੀ ਮਾਰ ਹੇਠ ਆ ਰਿਹਾ ਹੈ।

ਪੰਜਾਬ ਵਿਚ ਪੰਜਾਬੀਆਂ ਖ਼ਾਸ ਕਰਕੇ ਨੌਜਵਾਨਾਂ ਦਾ ਹਰ ਹੀਲੇ ਪ੍ਰਵਾਸ ਕੀ ਦਰਸਾਉਂਦਾ ਹੈ? ਪੰਜਾਬ ਵਿਚ ਗੈਂਗਾਂ ਦੀਆਂ ਲੜਾਈਆਂ ਅਤੇ ਆਮ ਲੋਕਾਂ ਨੂੰ ਉਨ੍ਹਾਂ ਵਲੋਂ ਮਿਲਦੀਆਂ ਧਮਕੀਆਂ ਅਤੇ ਕਤਲਾਂ ਦੀਆਂ ਵਾਰਦਾਤਾਂ ਕੀ ਦਰਸਾਉਂਦੀਆਂ ਹਨ? ਪੰਜਾਬ ਦਾ ਪੋਟਾ-ਪੋਟਾ ਕਰਜ਼ਈ ਹੋਣਾ, ਖੁਦਕੁਸ਼ੀਆਂ ਖ਼ਾਸ ਕਰਕੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਕੀ ਦਰਸਾਉਂਦੀਆਂ ਹਨ? ਪੰਜਾਬ ਦੇ ਹਿੱਤ, ਮਸਲੇ, ਔਕੜਾਂ, ਦੁਸ਼ਵਾਰੀਆਂ ਨੂੰ ਦੂਰ ਛੱਡਕੇ ਸਿਆਸਤਦਾਨਾਂ ਦੀਆਂ ਆਪਸੀ ਲੜਾਈਆਂ ਕਿਹੜੇ ਪੰਜਾਬ ਦੇ ਹਿਤੈਸ਼ੀ ਹੋਣ ਦਾ ਪ੍ਰਮਾਣ ਹੈ?

ਪੰਜਾਬ 'ਚ ਸੱਭਿਆਚਾਰਕ ਸੰਕਟ ਵਧ ਰਿਹਾ ਹੈ। ਖੇਤੀ ਦਾ ਤਾਣਾ-ਬਾਣਾ ਟੁੱਟ ਰਿਹਾ ਹੈ। ਪੰਜਾਬ ਆਪਣੇ ਆਪ ਤੋਂ ਭੱਜ ਰਿਹਾ ਹੈ। ਪੰਜਾਬ ਕਦੇ ਭੱਜੂ ਨਹੀਂ ਸੀ, ਪੰਜਾਬ ਲੜਦਾ ਸੀ, ਪੰਜਾਬ ਖੜਦਾ ਸੀ, ਪੰਜਾਬ ਆਫ਼ਤਾਂ ਸਹਿੰਦਾ ਸੀ। ਪਰ ਪੰਜਾਬ ਹੁਣ ਭਗੌੜਾ ਹੋਇਆ ਦਿੱਸਦਾ ਹੈ। ਇਹ ਭਗੌੜਾਪਨ ਉਸ ਦੀ ਦਿੱਖ ਬਦਲ ਰਿਹਾ ਹੈ। ਉਸਦੀ ਆਰਥਿਕਤਾ ਨਿਚੋੜ ਰਿਹਾ ਹੈ। ਉਸਦੇ ਸੱਭਿਆਚਾਰ 'ਚ ਬਦਲਾ ਲਿਆ ਰਿਹਾ ਹੈ। ਉਸਦੇ ਰੀਤੀ-ਰਿਵਾਜ਼, ਬੋਲੀ, ਉਸ ਤੋਂ ਖੁੱਸ ਰਹੇ ਹਨ। ਨਸ਼ਿਆਂ ਨੇ ਤਾਂ ਉਸਦਾ ਲੱਕ ਹੀ ਤੋੜ ਦਿੱਤਾ ਹੈ। ਪਿੰਡਾਂ ਦੀ ਪਰਿਆ 'ਚ ਸੋਗ ਦੇ ਝਲਕਾਰੇ, ਪਿੰਡਾਂ ਦੇ ਲਹਿਲਹਾਉਂਦੇ ਖੇਤਾਂ ਦੇ ਲਿਸ਼ਕਾਰਿਆਂ 'ਤੇ ਭਾਰੂ ਹੋ ਗਏ ਜਾਪਦੇ ਹਨ।

"ਉਡਦਾ ਪੰਜਾਬ" ਦੀ ਉਪਾਧੀ ਪ੍ਰਾਪਤ ਕਰ ਚੁੱਕੇ ਪੰਜਾਬ 'ਚ ਇੱਕ ਸਰਕਾਰੀ ਸਰਵੇ ਅਨੁਸਾਰ 8,60,000 ਨੌਜਵਾਨ ਨਸ਼ਾ ਕਰਦੇ ਹਨ ਅਤੇ ਉਨ੍ਹਾਂ 'ਚੋਂ 53 ਫੀਸਦੀ ਮਾਰੂ ਨਸ਼ਾ ਹੈਰੋਇਨ ਲੈਂਦੇ ਹਨ, ਇਹ ਨੌਜਵਾਨ 15 ਤੋਂ 35 ਸਾਲ ਦੀ ਉਮਰ ਦੇ ਹਨ। ਇੱਕ ਹੋਰ ਸਰਵੇ-ਅੰਦਾਜ਼ਾ ਤਾਂ ਇਹ ਵੀ ਕਹਿੰਦਾ ਹੈ ਕਿ ਪੰਜਾਬ ਦੇ ਦੋ ਤਿਹਾਈ ਘਰਾਂ 'ਚ ਕੋਈ ਨਾ ਕੋਈ ਇੱਕ ਵਿਅਕਤੀ ਕਿਸੇ ਨਾ ਕਿਸੇ ਕਿਸਮ ਦਾ ਨਸ਼ਾ ਜ਼ਰੂਰ ਕਰਦਾ ਹੈ। ਕਿੱਡਾ ਵੱਡਾ ਦੁਖਾਂਤ ਹੈ ਇਹ! ਉਹ ਪੰਜ ਦਰਿਆਵਾਂ ਦਾ ਜਰਖੇਜ਼ ਇਲਾਕਾ ਜਿਥੋਂ ਦੇ ਪੌਣ ਪਾਣੀ, ਉਪਜਾਊ ਧਰਤੀ ਦਾ ਵਿਸ਼ਵ ਭਰ 'ਚ ਮੁਕਾਬਲਾ ਹੀ ਕੋਈ ਨਹੀਂ ਸੀ, ਅੱਜ ਖਾਦਾਂ, ਕੀਟਨਾਸ਼ਕਾਂ ਦੀ ਜ਼ਹਿਰ ਨਾਲ ਲਬਰੇਜ ਹੈ ਅਤੇ ਇਥੋਂ ਦੇ ਲੋਕ ਧਾਰਮਿਕ ਬਿਰਤੀ ਦੇ ਹੋਣ ਦੇ ਬਾਵਜੂਦ ਵੀ ਨਸ਼ਿਆਂ ਨੇ ਉਵੇਂ ਹੀ ਅੰਦਰੋਂ-ਅੰਦਰੀ ਖਾ ਲਏ ਹਨ, ਜਿਵੇਂ ਘੁਣ ਲੱਕੜ ਨੂੰ ਚੱਬ ਜਾਂਦਾ ਹੈ। ਪੋਸਟ ਗਰੈਜੂਏਟ ਇੰਸਟੀਚੀਊਟ ਆਫ ਮੈਡੀਕਲ ਐਜੂਕੇਸ਼ਨ ਚੰਡੀਗੜ੍ਹ ਦੇ ਇੱਕ ਸਰਵੇ ਅਨੁਸਾਰ ਪੰਜਾਬ ਦੇ ਸੱਤ ਵਿਅਕਤੀਆਂ ਵਿਚੋਂ ਇੱਕ ਨਸ਼ਾ ਕਰਦਾ ਹੈ ਅਤੇ ਸਾਲਾਨਾ ਪੰਜਾਬ ਵਿਚ 7500 ਕਰੋੜ ਰੁਪਏ ਦਾ ਵਪਾਰ ਹੁੰਦਾ ਹੈ। ਸ਼ਾਇਦ ਹੀ ਪੰਜਾਬ ਦਾ ਕੋਈ ਬਾਜ਼ਾਰ, ਪਿੰਡ ਦਾ ਕੋਈ ਮੁਹੱਲਾ ਇਹੋ ਜਿਹਾ ਹੋਵੇ, ਜੋ ਨਸ਼ੇ ਤੋਂ ਮੁਕਤ ਹੋਵੇ।

ਪੰਜਾਬ 'ਚ ਸਭ ਤੋਂ ਪ੍ਰੇਸ਼ਾਨੀ ਵਾਲੀ ਗੱਲ ਤਾਂ ਇਹ ਹੈ ਕਿ ਨਸ਼ੇ ਹੁਣ ਬਾਲਗਾਂ ਦੇ ਪੱਲੇ ਹੀ ਨਹੀਂ ਰਹੇ, ਸਗੋਂ ਬੱਚਿਆਂ ਕੋਲ ਸਕੂਲਾਂ ਤੱਕ ਵੀ ਪੁੱਜ ਗਏ ਹਨ। ਪਿਛਲੇ ਦਿਨੀਂ ਜਦੋਂ ਗਵਰਨਰ ਪੰਜਾਬ ਨੇ ਸਰਹੱਦੀ ਜ਼ਿਲ੍ਹਿਆਂ ਦਾ ਦੌਰਾ ਕੀਤਾ ਤਾਂ ਆਮ ਲੋਕਾਂ ਨੇ ਸ਼ਿਕਾਇਤ ਕੀਤੀ ਕਿ ਪਿੰਡਾਂ 'ਚ ਕਰਿਆਨੇ ਦੀਆਂ ਦੁਕਾਨਾਂ ਉਤੇ ਨਸ਼ੇ ਮਿਲਦੇ ਹਨ। ਨਸ਼ਾ ਤਸਕਰ ਕਿਸ਼ੋਰ ਬੱਚਿਆਂ ਨੂੰ ਨਸ਼ਾ ਵਾਹਕ ਦੇ ਤੌਰ 'ਤੇ ਵੀ ਵਰਤ ਰਹੇ ਹਨ।


ਭਾਰਤ ਦੀ ਸੁਪਰੀਮ ਕੋਰਟ ਦੇ ਮਾਨਯੋਗ ਜੱਜ ਐੱਮ.ਆਰ. ਸ਼ਾਹ ਦੀ ਅਗਵਾਈ ਵਾਲੇ ਬੈਂਚ ਨੇ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਨਸ਼ੇ ਸਰਹੱਦੀ ਸੂਬੇ ਪੰਜਾਬ ਨੂੰ ਪਹਿਲਾਂ ਤਬਾਹ ਕਰਨਗੇ ਅਤੇ ਫਿਰ ਪੂਰੇ ਦੇਸ਼ ਨੂੰ ਖ਼ਤਮ ਕਰ ਦੇਵੇਗਾ। ਭਾਵੇਂ ਕਿ ਪੰਜਾਬ ਸਰਕਾਰ ਵਲੋਂ ਸੁਪਰੀਮ ਕੋਰਟ 'ਚ ਦੱਸਿਆ ਗਿਆ ਕਿ ਪਿਛਲੇ ਦੋ ਸਾਲਾਂ 'ਚ 34,000 ਐੱਫ.ਆਈ.ਆਰ. ਨਸ਼ੱਈਆਂ ਵਿਰੁੱਧ ਦਰਜ ਕੀਤੀਆਂ ਗਈਆਂ ਹਨ ਪਰ ਸੁਪਰੀਮ ਕੋਰਟ ਨੇ ਜਦੋਂ ਪੁੱਛਿਆ ਕੀ ਇਨ੍ਹਾਂ ਵਿਰੁੱਧ ਚਾਰਜਸ਼ੀਟ ਅਦਾਲਤਾਂ 'ਚ ਪੇਸ਼ ਕੀਤੀਆਂ ਗਈਆਂ, ਤਾਂ ਸਰਕਾਰ ਵਲੋਂ ਤਸੱਲੀਬਖ਼ਸ਼ ਜਵਾਬ ਨਹੀਂ ਮਿਲਿਆ। ਸੁਪਰੀਮ ਕੋਰਟ ਨੇ ਨਸ਼ਾ ਤਸਕਰਾਂ ਅਤੇ ਨਸ਼ੱਈਆਂ ਨੂੰ ਨੱਥ ਪਾਉਣ ਲਈ ਸਖ਼ਤ ਹੁਕਮ ਜਾਰੀ ਕੀਤੇ।

ਪੰਜਾਬ 'ਚ ਹਰ ਔਰਤ ਦੀ ਇੱਕ ਆਵਾਜ਼ ਗੂੰਜਦੀ ਹੈ, ਨਸ਼ਿਆਂ ਤੋਂ ਪੰਜਾਬ ਨੂੰ ਬਚਾ ਲਵੋ। ਪੰਜਾਬ 'ਚ ਬੁੱਢੇ ਬਾਬੇ ਦੀ ਇੱਕ ਆਵਾਜ਼ ਪੁਕਾਰ ਲਾਉਂਦੀ ਹੈ, ਪੰਜਾਬ ਨੂੰ ਨਸ਼ਿਆਂ ਦੇ ਸੌਦਾਗਰਾਂ ਹੈਂਸਆਰਿਆਂ ਤੋਂ ਦੂਰ ਰੱਖੋ। ਪੰਜਾਬ ਦਾ ਬਚਪਨ ਬਚੇਗਾ, ਪੰਜਾਬ ਦੀ ਨੌਜਵਾਨੀ ਬਚੇਗੀ, ਤਦੇ ਪੰਜਾਬ ਬਚੇਗਾ।

ਇਵੇਂ ਜਾਪਦਾ ਹੈ ਕਿ ਪੰਜਾਬ ਤਾਂ ਨਸ਼ਿਆਂ ਦੀ ਦਲਦਲ 'ਚ ਇੱਕ ਸਾਜ਼ਿਸ਼ ਅਨੁਸਾਰ ਫਸਾ ਦਿੱਤਾ ਗਿਆ ਹੈ। ਦੇਸ਼ ਦੇ ਅੰਦਰੋਂ-ਬਾਹਰੋਂ ਇਸਨੂੰ ਖੋਖਲਾ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਪੰਜਾਬ ਦੇ ਹਾਲਾਤ ਕਿਸੇ ਪੱਖ ਤੋਂ ਵੀ ਸੁਖਾਵੇਂ ਨਹੀਂ, ਨਾ ਆਰਥਿਕ ਤੌਰ 'ਤੇ, ਨਾ ਰਾਜਨੀਤਿਕ ਤੌਰ 'ਤੇ ਅਤੇ ਨਾ ਹੀ ਸਮਾਜਿਕ ਤੌਰ 'ਤੇ।

ਪੰਜਾਬ 'ਚੋ ਨਸ਼ਿਆਂ ਨੂੰ ਖ਼ਤਮ ਕਰਨ ਲਈ "ਪੱਗੜੀ ਸੰਭਾਲ" ਵਰਗੀ ਲਹਿਰ ਖੜ੍ਹੀ ਕਰਨੀ ਪਵੇਗੀ, ਸਰਕਾਰ ਨੂੰ ਜਿਥੇ ਸੰਜੀਦਾ ਕੋਸ਼ਿਸ਼ ਕਰਨੀ ਹੋਵੇਗੀ, ਉਥੇ ਸਮੁੱਚੇ ਸਮਾਜ ਅਤੇ ਚੇਤੰਨ ਲੋਕਾਂ ਨੂੰ ਮਹੱਤਵਪੂਰਨ ਭੂਮਿਕਾ ਲਈ ਤਿਆਰ ਹੋਣਾ ਪਵੇਗਾ ਅਤੇ ਬੱਚਿਆਂ ਦੇ ਮਾਪਿਆਂ ਨੂੰ ਵੀ ਆਪਣਾ ਫਰਜ਼ ਨਿਭਾਉਣਾ ਹੋਏਗਾ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ



Dr. Bindra Clinic
Dental Care & Hair Transplant
COSMETIC - IMPLANT - RESTORATIVE



ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M

Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with, it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸਮਾਂ ਨਾ ਕਦੇ ਰੁਕਿਆ, ਨਾ ਪੈਰ ਰੁਕੇ। ਸਮੇਂ ਦੇ ਨਾਲ ਤੁਰਨ ਵਾਲੇ ਆਪਣੇ ਪਿੰਡ ਪਹੁੰਚ ਜਾਂਦੇ ਹਨ

ਸਮਾਂ ਸਾਡੇ ਕੋਲ ਸਭ ਤੋਂ ਕੀਮਤੀ ਸਰੋਤ ਹੈ ਅਤੇ ਇੱਕ ਵਾਰ ਜਦੋਂ ਇਹ ਚਲਾ ਜਾਂਦਾ ਹੈ, ਤਾਂ ਅਸੀਂ ਇਸਨੂੰ ਕਦੇ ਵੀ ਵਾਪਸ ਨਹੀਂ ਲੈ ਸਕਦੇ। ਬਦਕਿਸਮਤੀ ਨਾਲ, ਸਾਡੇ ਵਿਚੋਂ ਬਹੁਤ ਸਾਰੇ ਇਸ ਨੂੰ ਸਮਝਦੇ ਹਨ ਅਤੇ ਇਸ ਨੂੰ ਵਿਅਰਥ ਗਤੀਵਿਧੀਆਂ ਵਿਚ ਬਰਬਾਦ ਕਰਦੇ ਹਨ। ਜਦੋਂ ਅਸੀਂ ਸਮੇਂ ਨੂੰ ਮਾਰਦੇ ਹਾਂ, ਅਸੀਂ ਅਸਲ ਵਿਚ ਆਪਣੀ ਜ਼ਿੰਦਗੀ ਦੇ ਇੱਕ ਹਿੱਸੇ ਨੂੰ ਮਾਰ ਰਹੇ ਹੁੰਦੇ ਹਾਂ। ਕਵੀ ਡਾ: ਸਤਿਆਵਾਨ ਸੌਰਭ ਦਾ ਕਹਿਣਾ ਹੈ ਕਿ:-

ਕੋਈ ਪਲ ਨਹੀਂ ਰੁਕਿਆ, ਇਹ ਸਮਾਂ ਹੈ।
ਇੱਕ ਦਿਨ ਅਸੀਂ ਵੀ ਸਾਰਿਆਂ ਤੋਂ ਦੂਰ ਹੋ ਜਾਵਾਂਗੇ।

ਸਮਾਂ ਇੱਕ ਸੀਮਤ ਸਰੋਤ ਹੈ ਅਤੇ ਸਾਡੇ ਸਾਰਿਆਂ ਕੋਲ ਹਰ ਰੋਜ਼ ਇਸ ਦੀ ਇੱਕੋ ਜਿਹੀ ਮਾਤਰਾ ਹੁੰਦੀ ਹੈ। ਜਿਸ ਤਰੀਕੇ ਨਾਲ ਅਸੀਂ ਇਸਨੂੰ ਵਰਤਦੇ ਹਾਂ, ਉਹ ਸਾਡੀ ਸਫਲਤਾ, ਖ਼ੁਸ਼ੀ ਅਤੇ ਜੀਵਨ ਵਿਚ ਸਮੁੱਚੀ ਸੰਤੁਸ਼ਟੀ ਨੂੰ ਨਿਰਧਾਰਤ ਕਰਦਾ ਹੈ। ਸਮਾਂ ਅਨਮੋਲ ਹੈ ਅਤੇ ਸਾਨੂੰ ਇਸ ਦੀ ਸਹੀ ਵਰਤੋਂ ਕਰਨੀ ਚਾਹੀਦੀ ਹੈ। ਬਦਕਿਸਮਤੀ ਨਾਲ, ਸਾਡੇ ਵਿਚੋਂ ਬਹੁਤ ਸਾਰੇ ਅਜਿਹੀਆਂ ਗਤੀਵਿਧੀਆਂ 'ਤੇ ਸਮਾਂ ਬਰਬਾਦ ਕਰਦੇ ਹਨ, ਜੋ ਸਾਡੀ ਜ਼ਿੰਦਗੀ ਦਾ ਕੋਈ ਮੁੱਲ ਨਹੀਂ ਲੈਂਦੀਆਂ ਹਨ।

ਸਾਡੀ ਤੇਜ਼ ਰਫ਼ਤਾਰ ਵਾਲੀ ਦੁਨੀਆਂ ਵਿਚ, ਚੂਹੇ ਦੀ ਦੌੜ ਵਿਚ ਫਸਣਾ ਅਤੇ ਅਸਲ ਵਿਚ ਮਹੱਤਵਪੂਰਨ ਕੀ ਹੈ, ਨੂੰ ਭੁੱਲ ਜਾਣਾ ਆਸਾਨ ਹੈ। ਅਸੀਂ ਅਕਸਰ ਆਪਣੇ ਆਪ ਨੂੰ ਇਹ ਕਾਮਨਾ ਕਰਦੇ ਹਾਂ ਕਿ ਸਾਡੇ ਕੋਲ ਉਨ੍ਹਾਂ ਚੀਜ਼ਾਂ ਨੂੰ ਕਰਨ ਲਈ ਵਧੇਰੇ ਸਮਾਂ ਹੋਵੇ, ਜੋ ਅਸੀਂ ਪਸੰਦ ਕਰਦੇ ਹਾਂ, ਜਾਂ ਸਮਾਂ-ਸੀਮਾਵਾਂ ਅਤੇ ਮੁਲਾਕਾਤਾਂ ਦੁਆਰਾ ਤਣਾਅ ਵਿਚ ਰਹਿੰਦੇ ਹਾਂ। ਪਰ ਉਦੋਂ ਕੀ ਜੇ ਅਸੀਂ ਇੱਕ ਕਦਮ ਪਿੱਛੇ ਹੱਟ ਕੇ ਸਮੇਂ ਦੀ ਕੀਮਤ ਨੂੰ ਵੇਖੀਏ?

ਯਕੀਨਨ, ਅਸੀਂ ਸਾਰੇ ਸਹਿਮਤ ਹੋ ਸਕਦੇ ਹਾਂ ਕਿ ਸਮਾਂ ਪੈਸਾ ਹੈ। ਪਰ ਇਸ ਦਾ ਅਸਲ ਵਿਚ ਕੀ ਮਤਲਬ ਹੈ? ਜਦੋਂ ਅਸੀਂ ਇਸਨੂੰ ਤੋੜਦੇ ਹਾਂ। ਸਮਾਂ ਅਸਲ ਵਿਚ ਸਾਡੇ ਕੋਲ ਸਭ ਤੋਂ ਕੀਮਤੀ ਵਸਤੂਆਂ ਵਿਚੋਂ ਇੱਕ ਹੈ। ਇਹ ਇੱਕ ਸੀਮਤ ਸਰੋਤ ਹੈ, ਜੋ ਇੱਕ ਵਾਰ ਚਲੇ ਗਏ, ਅਸੀਂ ਕਦੇ ਵਾਪਸ ਨਹੀਂ ਆ ਸਕਦੇ। ਇਸ ਲਈ ਹਰ ਪਲ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਬਹੁਤ ਜ਼ਰੂਰੀ ਹੈ। ਹਰ ਦਿਨ ਤੁਹਾਡੇ ਟੀਚਿਆਂ 'ਤੇ ਧਿਆਨ ਕੇਂਦਰਿਤ ਕਰਨ ਅਤੇ ਅਜ਼ੀਜ਼ਾਂ ਨਾਲ ਸਥਾਈ ਯਾਦਾਂ ਬਣਾਉਣ ਦਾ ਇੱਕ ਨਵਾਂ ਮੌਕਾ ਹੁੰਦਾ ਹੈ।

ਸਮਾਂ ਬਰਬਾਦ ਕਰਨ ਦੇ ਸਭ ਤੋਂ ਆਮ ਤਰੀਕਿਆਂ ਵਿਚੋਂ ਇੱਕ ਹੈ ਢਿੱਲ। ਇਹ ਬਰਬਾਦੀ ਕਿਸੇ ਕੰਮ ਨੂੰ ਕਰਨ ਵਿਚ ਦੇਰੀ ਜਾਂ ਮੁਲਤਵੀ ਕਰਨ ਦਾ ਕੰਮ ਹੈ। ਅਸੀਂ ਅਕਸਰ ਜ਼ਰੂਰੀ ਕੰਮਾਂ ਨੂੰ ਆਖਰੀ ਸਮੇਂ ਤੱਕ ਟਾਲ ਦਿੰਦੇ ਹਾਂ, ਜਿਸ ਕਾਰਨ ਤਣਾਅ ਅਤੇ ਚਿੰਤਾ ਹੁੰਦੀ ਹੈ। ਨਾ ਸਿਰਫ਼ ਸਮਾਂ ਬਰਬਾਦ ਹੁੰਦਾ ਹੈ, ਸਗੋਂ ਇਹ ਸਾਡੀ ਮਾਨਸਿਕ ਸਿਹਤ ਅਤੇ ਉਤਪਾਦਕਤਾ ਨੂੰ ਵੀ ਪ੍ਰਭਾਵਿਤ ਕਰਦਾ ਹੈ।

ਸਮਾਂ ਬਰਬਾਦ ਕਰਨ ਦਾ ਇਕ ਹੋਰ ਤਰੀਕਾ ਹੈ ਸੋਸ਼ਲ ਮੀਡੀਆ 'ਤੇ ਘੰਟੇ ਬਿਤਾਉਣਾ ਜਾਂ ਟੀ.ਵੀ. ਦੇਖਣਾ। ਹਾਲਾਂਕਿ ਇਹ ਗਤੀਵਿਧੀਆਂ ਆਨੰਦਦਾਇਕ ਹੋ ਸਕਦੀਆਂ ਹਨ, ਪਰ ਇਹ ਸਾਡੇ ਜੀਵਨ ਲਈ ਕੋਈ ਅਸਲੀ ਮੁੱਲ ਨਹੀਂ ਲਿਆਉਂਦੀਆਂ ਹਨ। ਇਸ ਦੀ ਬਜਾਏ, ਉਹ ਸਾਡਾ ਧਿਆਨ ਹੋਰ ਮਹੱਤਵਪੂਰਣ ਚੀਜ਼ਾਂ ਤੋਂ ਭਟਕਾਉਂਦੇ ਹਨ, ਜਿਵੇਂ ਕਿ ਅਜ਼ੀਜ਼ਾਂ ਨਾਲ ਸਮਾਂ ਬਿਤਾਉਣਾ, ਆਪਣੇ ਟੀਚਿਆਂ ਦਾ ਪਿੱਛਾ ਕਰਨਾ, ਜਾਂ ਨਵੇਂ ਹੁਨਰ ਸਿੱਖਣਾ।

ਜਦੋਂ ਅਸੀਂ ਸਮਾਂ ਬਰਬਾਦ ਕਰਦੇ ਹਾਂ, ਅਸੀਂ ਮੌਕੇ ਤੋਂ ਵੀ ਖੁੰਝ ਜਾਂਦੇ ਹਾਂ। ਸਮਾਂ ਕਿਸੇ ਦਾ ਇੰਤਜ਼ਾਰ ਨਹੀਂ ਕਰਦਾ ਅਤੇ ਇੱਕ ਵਾਰ



ਜਦੋਂ ਇਹ ਚਲਾ ਜਾਂਦਾ ਹੈ, ਤਾਂ ਇਹ ਹਮੇਸ਼ਾ ਲਈ ਖਤਮ ਹੋ ਜਾਂਦਾ ਹੈ। ਹਰ ਪਲ ਜੋ ਅਸੀਂ ਕੁਝ ਗੈਰ-ਉਤਪਾਦਕ ਕਰਨ ਵਿਚ ਬਿਤਾਉਂਦੇ ਹਾਂ, ਉਹ ਪਲ ਹੁੰਦਾ ਹੈ, ਜਿਸਦੀ ਵਰਤੋਂ ਅਸੀਂ ਆਪਣੇ ਟੀਚਿਆਂ ਵੱਲ ਤਰੱਕੀ ਕਰਨ ਜਾਂ ਕਿਸੇ ਤਰੀਕੇ ਨਾਲ ਆਪਣੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਕਰ ਸਕਦੇ ਹਾਂ। ਭਾਵੇਂ ਇਹ ਕੋਈ ਨਵਾਂ ਹੁਨਰ ਸਿੱਖਣਾ ਹੋਵੇ, ਕਿਸੇ ਸ਼ੌਕ ਦਾ ਪਿੱਛਾ ਕਰਨਾ ਹੋਵੇ, ਜਾਂ ਅਜ਼ੀਜ਼ਾਂ ਨਾਲ ਵਧੀਆ ਸਮਾਂ ਬਿਤਾਉਣਾ ਹੋਵੇ, ਇੱਥੇ ਹਮੇਸ਼ਾ ਕੁਝ ਹੋਰ ਕੀਮਤੀ ਹੁੰਦਾ ਹੈ, ਜੋ ਅਸੀਂ ਆਪਣੇ ਸਮੇਂ ਨਾਲ ਕਰ ਸਕਦੇ ਹਾਂ।

ਇਸ ਤੋਂ ਇਲਾਵਾ, ਸਮਾਂ ਬਰਬਾਦ ਕਰਨ ਨਾਲ ਸਾਡੀ ਮਾਨਸਿਕ ਅਤੇ ਸਰੀਰਕ ਸਿਹਤ 'ਤੇ ਮਾੜੇ ਨਤੀਜੇ ਹੋ ਸਕਦੇ ਹਨ। ਜਦੋਂ ਅਸੀਂ ਸੋਸ਼ਲ ਮੀਡੀਆ 'ਤੇ ਜ਼ਿਆਦਾ ਸਮਾਂ ਬਿਤਾਉਂਦੇ ਹਾਂ ਜਾਂ ਟੀ.ਵੀ. ਦੇਖਦੇ ਹਾਂ, ਤਾਂ ਅਸੀਂ ਬੇਹੋਸ਼ ਅਤੇ ਅਕਿਰਿਆਸ਼ੀਲ ਹੋ ਜਾਂਦੇ ਹਾਂ। ਇਸ ਨਾਲ ਭਾਰ ਵਧਣਾ, ਮਾੜੀ ਸਥਿਤੀ ਅਤੇ ਹੋਰ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਤੋਂ ਇਲਾਵਾ, ਗੈਰ-


ਪ੍ਰਿਅੰਕਾ ਸੌਰਭ
ਹਰਿਆਣਾ
ਰਾਜਨੀਤੀ ਵਿਗਿਆਨ 'ਚ ਖੋਜ ਵਿਦਵਾਨ,ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਹਰਿਆਣਾ
(ਮੋ.) 70153-75570
(Punjab Mail USA)




ਉਤਪਾਦਕ ਗਤੀਵਿਧੀਆਂ 'ਤੇ ਬਹੁਤ ਜ਼ਿਆਦਾ ਸਮਾਂ ਬਿਤਾਉਣ ਨਾਲ ਵੀ ਦੋਸ਼, ਪਛਤਾਵਾ, ਅਤੇ ਘੱਟ ਸਵੈ-ਮਾਣ ਦੀ ਭਾਵਨਾ ਪੈਦਾ ਹੋ ਸਕਦੀ ਹੈ।

ਦੂਜੇ ਪਾਸੇ, ਜਦੋਂ ਅਸੀਂ ਆਪਣੇ ਸਮੇਂ ਨੂੰ ਸਮਝਦਾਰੀ ਨਾਲ ਵਰਤਦੇ ਹਾਂ, ਤਾਂ ਅਸੀਂ ਸ਼ਾਨਦਾਰ ਕੰਮ ਕਰ ਸਕਦੇ ਹਾਂ। ਸਮਾਂ ਇੱਕ ਅਜਿਹਾ ਸਰੋਤ ਹੈ, ਜੋ ਜੀਵਨ ਵਿਚ ਕੁਝ ਵੀ ਪ੍ਰਾਪਤ ਕਰਨ ਲਈ ਲੋੜੀਂਦਾ ਹੈ, ਅਤੇ ਜੇਕਰ ਅਸੀਂ ਇਸਨੂੰ ਸਮਝਦਾਰੀ ਨਾਲ ਵਰਤੀਏ, ਤਾਂ ਅਸੀਂ ਆਪਣੇ ਟੀਚਿਆਂ ਨੂੰ ਪ੍ਰਾਪਤ ਕਰ ਸਕਦੇ ਹਾਂ ਅਤੇ ਇੱਕ ਸੰਪੂਰਨ ਜੀਵਨ ਜੀ ਸਕਦੇ ਹਾਂ। ਸਪੱਸ਼ਟ ਟੀਚਿਆਂ ਨੂੰ ਨਿਰਧਾਰਤ ਕਰਕੇ, ਆਪਣੇ ਸਮੇਂ ਨੂੰ ਤਰਜੀਹ ਦੇ ਕੇ, ਅਤੇ ਉਨ੍ਹਾਂ ਗਤੀਵਿਧੀਆਂ 'ਤੇ ਧਿਆਨ ਕੇਂਦਰਿਤ ਕਰਕੇ ਜੋ ਸਾਡੀਆਂ ਜ਼ਿੰਦਗੀਆਂ ਨੂੰ ਮਹੱਤਵ ਦਿੰਦੇ ਹਨ, ਅਸੀਂ ਆਪਣੇ ਸਮੇਂ ਦਾ ਵੱਧ ਤੋਂ ਵੱਧ ਲਾਭ ਉਠਾ ਸਕਦੇ ਹਾਂ ਅਤੇ ਆਪਣੀ ਪੂਰੀ ਸਮਰੱਥਾ ਤੱਕ ਪਹੁੰਚ ਸਕਦੇ ਹਾਂ। ਡਾ: ਸਤਿਆਵਾਨ ਸੌਰਭ ਨੇ ਠੀਕ ਹੀ ਕਿਹਾ ਹੈ ਕਿ:-

ਸਮਾਂ ਨਾ ਕਦੇ ਰੁਕਿਆ, ਨਾ ਪੈਰ ਰੁਕੇ।
ਸਮੇਂ ਦੇ ਨਾਲ ਤੁਰਨ ਵਾਲੇ ਆਪਣੇ ਪਿੰਡ ਪਹੁੰਚ ਜਾਂਦੇ ਹਨ।

ਸਮਾਂ ਇੱਕ ਕੀਮਤੀ ਸਰੋਤ ਹੈ, ਜਿਸਨੂੰ ਸਾਨੂੰ ਕਦੇ ਵੀ ਹਲਕੇ ਵਿਚ ਨਹੀਂ ਲੈਣਾ ਚਾਹੀਦਾ। ਜਦੋਂ ਅਸੀਂ ਸਮੇਂ ਨੂੰ ਮਾਰਦੇ ਹਾਂ, ਅਸੀਂ ਅਸਲ ਵਿਚ ਆਪਣੀ ਜ਼ਿੰਦਗੀ ਦੇ ਇੱਕ ਹਿੱਸੇ ਨੂੰ ਮਾਰ ਰਹੇ ਹੁੰਦੇ ਹਾਂ। ਗੈਰ-ਉਤਪਾਦਕ ਗਤੀਵਿਧੀਆਂ 'ਤੇ ਸਮਾਂ ਬਰਬਾਦ ਕਰਨਾ ਨਾ ਸਿਰਫ਼ ਸਾਨੂੰ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਤੋਂ ਰੋਕਦਾ ਹੈ, ਸਗੋਂ ਸਾਡੀ ਮਾਨਸਿਕ ਅਤੇ ਸਰੀਰਕ ਸਿਹਤ 'ਤੇ ਵੀ ਨਕਾਰਾਤਮਕ ਅਸਰ ਪਾਉਂਦਾ ਹੈ। ਆਪਣੇ ਸਮੇਂ ਦੀ ਸਮਝਦਾਰੀ ਨਾਲ ਵਰਤੋਂ ਕਰਕੇ ਅਤੇ ਉਨ੍ਹਾਂ ਗਤੀਵਿਧੀਆਂ 'ਤੇ ਧਿਆਨ ਕੇਂਦਰਿਤ ਕਰਕੇ ਜੋ ਸਾਡੇ ਜੀਵਨ ਨੂੰ ਮਹੱਤਵ ਦਿੰਦੇ ਹਨ, ਅਸੀਂ ਆਪਣੀ ਪੂਰੀ ਸਮਰੱਥਾ ਨੂੰ ਪ੍ਰਾਪਤ ਕਰ ਸਕਦੇ ਹਾਂ ਅਤੇ ਸੰਪੂਰਨ ਜੀਵਨ ਜੀਅ ਸਕਦੇ ਹਾਂ। ਯਾਦ ਰੱਖੋ, ਸਮਾਂ ਇੱਕ ਸੀਮਤ ਸਰੋਤ ਹੈ ਅਤੇ ਇਸਦਾ ਵੱਧ ਤੋਂ ਵੱਧ ਲਾਭ ਉਠਾਉਣਾ ਸਾਡੇ ਉੱਤੇ ਨਿਰਭਰ ਕਰਦਾ ਹੈ।

ਜੇਕਰ ਅਸੀਂ ਹਰ ਪਲ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੇ ਯੋਗ ਹੁੰਦੇ ਹਾਂ, ਤਾਂ ਅਸੀਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਆਪਣੇ ਟੀਚਿਆਂ ਨੂੰ ਪੂਰਾ ਕਰਨ ਲਈ ਬਿਹਤਰ ਢੰਗ ਨਾਲ ਤਿਆਰ ਹੋਵਾਂਗੇ। ਆਪਣੇ ਸਮੇਂ ਦਾ ਪ੍ਰਬੰਧਨ ਕਰਨਾ, ਤਰਜੀਹਾਂ ਨਿਰਧਾਰਤ ਕਰਨਾ ਅਤੇ ਸਵੈ-ਅਨੁਸ਼ਾਸਨ ਪੈਦਾ ਕਰਨਾ ਸਿੱਖ ਕੇ, ਅਸੀਂ ਉਨ੍ਹਾਂ ਮਾਮਲਿਆਂ ਵਿਚ ਵਧੇਰੇ ਲਾਭਕਾਰੀ ਬਣ ਸਕਦੇ ਹਾਂ, ਜੋ ਸਭ ਤੋਂ ਮਹੱਤਵਪੂਰਨ ਹਨ ਅਤੇ ਹਰ ਦਿਨ ਦਾ ਵੱਧ ਤੋਂ ਵੱਧ ਲਾਭ ਉਠਾ ਸਕਦੇ ਹਾਂ। ਇਸ ਲਈ ਜਾਣਬੁੱਝ ਕੇ ਹਰ ਪਲ ਨੂੰ ਜ਼ਬਤ ਕਰੋ; ਤੁਸੀਂ ਕਦੇ ਨਹੀਂ ਜਾਣਦੇ ਹੋ ਕਿ ਇਹ ਤੁਹਾਡੀ ਆਖਰੀ ਵਾਰ ਕਦੋਂ ਹੋ ਸਕਦੀ ਹੈ, ਡਾ. ਸਤਿਆਵਾਨ ਸੌਰਭ ਤੁਹਾਨੂੰ ਇਨ੍ਹਾਂ ਲਾਈਨਾਂ ਨਾਲ ਜ਼ਿੰਦਗੀ ਵਿਚ ਕੁਝ ਨਵਾਂ ਕਰਨ ਲਈ ਅਗਵਾਈ ਕਰਦੇ ਹਨ:-

ਕਦੇ ਵੀ ਅੰਤ ਵਿਚ ਹਾਰ ਨੂੰ ਸਵੀਕਾਰ ਨਾ ਕਰੋ।
ਹਮੇਸ਼ਾ ਮਹਿੰਦੀ ਵਾਂਗ ਰਗੜਨ ਤੋਂ ਬਾਅਦ ਅੰਤ ਆਉਂਦਾ ਹੈ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ


e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

## 11 ਤੋਂ 14 ਮਾਰਚ ਸ਼ਤਾਬਦੀ ਸਮਾਰੋਹ 'ਤੇ ਵਿਸ਼ੇਸ਼

# “ਪੰਥ ਵਸੈ ਮੈਂ ਉਜੜਾਂ” ਦੇ ਚਾਓ ਵਾਲਾ ਮਹਾਨ ਪੁਰਸ਼ ਸਿੰਘ ਸਾਹਿਬ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ




ਦਿਲਜੀਤ ਸਿੰਘ ਬੇਦੀ
ਸਕੱਤਰ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ
(Punjab Mail USA)


ਜਥੇਦਾਰ ਫੂਲਾ ਸਿੰਘ 18ਵੀਂ ਸਦੀ ਦੇ ਮਹਾਨ ਸੂਰਬੀਰ ਸਿੱਖ ਜਰਨੈਲ, ਜਿਨ੍ਹਾਂ ਆਪਣਾ ਸਾਰਾ ਜੀਵਨ ਸਿੱਖ ਕੌਮ ਨੂੰ ਸਮਰਪਿਤ ਕੀਤਾ। ਜਬਰ-ਜ਼ੁਲਮ ਵਿਰੁੱਧ ਸੰਘਰਸ਼ ਕਰਦਿਆਂ ਅਨੇਕਾਂ ਯੁੱਧ ਲੜੇ ਤੇ ਫ਼ਤਹਿ ਹਾਸਲ ਕੀਤੀ। ਅਕਾਲੀ ਬਾਬਾ ਫੂਲਾ ਸਿੰਘ ਸੂਰਬੀਰ ਯੋਧੇ, ਸੁਘੜ ਨੀਤੀਵਾਨ, ਕੁਸ਼ਲ ਪ੍ਰਬੰਧਕ ਤੇ ਪਰਉਪਕਾਰੀ ਸਨ। ਸਿੱਖ ਕੌਮ ਦੇ ਸੰਘਰਸ਼ਮਈ ਸਮੇਂ ਆਪ ਜੀ ਨੇ ਸੁਯੋਗ ਅਗਵਾਈ ਕੀਤੀ ਤੇ ਪੰਥ ਦੀ ਮਹਾਨ ਸੇਵਾ ਕੀਤੀ। ਅਕਾਲੀ ਜੀ ਦੇ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਕੀਤੇ ਸੰਘਰਸ਼ ਤੇ ਯੋਗ ਅਗਵਾਈ ਨੂੰ ਸਨਮੁੱਖ ਰੱਖਦਿਆਂ ਮਹਾਰਾਜਾ ਰਣਜੀਤ ਸਿੰਘ ਹਮੇਸ਼ਾ ਸਤਿਕਾਰ ਦੇਂਦੇ ਸਨ। ਆਪ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਅਤੇ ਬੁੱਢਾ ਦਲ ਦੇ ਛੇਵੇਂ ਮੁਖੀ ਵਜੋਂ ਕੌਮ ਦੀ ਅਗਵਾਈ ਕਰਦੇ ਰਹੇ।

ਅਕਾਲੀ ਜੀ ਦੀ ਬਰਸੀ ਸਮਾਗਮ ਸਮੇਂ 2019 ਨੂੰ ਖਾਲਸਾ ਪੰਥ ਬੁੱਢਾ ਦਲ ਵੱਲੋਂ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਦੀ ਦੂਸਰੀ ਸ਼ਹੀਦੀ ਸ਼ਤਾਬਦੀ ਮਨਾਉਣ ਦਾ ਗੁਰਮਤਾ ਕੀਤਾ ਗਿਆ ਸੀ। ਆਪ ਭਲੀਭਾਂਤ ਜਾਣਦੇ ਹੋ, ਸਿੱਖ ਅਰਦਾਸ ਵਿਚ ਧਰਮ ਹੇਤ ਸੀਸ ਦੇਣ ਵਾਲਿਆਂ, ਬੰਦ-ਬੰਦ ਕਟਾਉਣ, ਖੋਪਰੀਆਂ ਲੁਹਾਉਣ, ਚਰਖੜੀਆਂ 'ਤੇ ਚੜ੍ਹਨ ਵਾਲਿਆਂ, ਆਰਿਆਂ ਨਾਲ ਸਰੀਰ ਚਿਰਾਉਣ ਵਾਲਿਆਂ ਤੇ ਕੇਸਾਂ ਸੁਆਸਾਂ ਨਾਲ ਸਿੱਖੀ ਨਿਭਾਉਣ ਵਾਲਿਆਂ ਸ਼ਹਾਦਤ ਦੇਣ ਵਾਲਿਆਂ ਦੀ ਸਦੀਵੀ ਯਾਦ ਦੀ ਮਹੱਤਤਾ ਤੇ ਮਹਾਨਤਾ ਨੂੰ ਸਿੱਖ ਮਨ ਵਿਚ ਦ੍ਰਿੜ੍ਹ ਕਰਾਉਣ ਲਈ ਰੋਜ਼ਾਨਾ ਜੀਵਨ ਦਾ ਅੰਗ ਬਣ ਗਈ ਹੈ। ਹਰ ਯੁੱਗ ਵਿਚ ਸ਼ਹੀਦੀ ਦਾ ਪਸਾਰ ਤੇ ਆਕਾਰ ਫੈਲਦਾ ਗਿਆ ਹੈ। ਨਿੱਜੀ ਹਿੱਤਾਂ ਤੋਂ ਉੱਪਰ ਉੱਠ ਕੇ ਕੀਤੀ ਹੋਈ ਹਰ ਕੁਰਬਾਨੀ, ਪੰਥ ਦੀ ਅਣਖ ਬਚਾਉਣ ਲਈ ਕੀਤਾ ਬਲੀਦਾਨ ਵੀ ਸੱਚੀ-ਸੁੱਚੀ ਸ਼ਹਾਦਤ ਹੁੰਦਾ ਹੈ। ਸ਼ਹੀਦ, ਧਰਮ, ਕੌਮ, ਦੇਸ਼ ਤੇ ਇਨਸਾਫ ਦੀ ਖਾਤਰ ਨਿਰਸੁਆਰਥ ਹੋ ਕੇ ਜਾਨ ਤਲੀ 'ਤੇ ਧਰ ਕੇ ਮੈਦਾਨ ਵਿਚ ਆਉਂਦਾ ਹੈ। ਸ਼ਹੀਦ ਸਿੰਘ ਸਾਹਿਬ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ, ਮਹਾਰਾਜਾ ਰਣਜੀਤ ਸਿੰਘ ਸਮੇਂ ਦੇ ਸਿੱਖ ਰਾਜ ਦੇ ਸ਼ੁੱਭਚਿੰਤਕਾਂ ਤੇ ਆਪਾ ਵਾਰੂ ਸੇਵਕਾਂ ਵਿਚੋਂ ਸਭ ਤੋਂ ਅੱਗੇ ਸਨ। ਭੱਖਰ, ਬਹਾਵਲਪੁਰ, ਕਸ਼ਮੀਰ, ਮੁਲਤਾਨ, ਪਿਸ਼ਾਵਰ, ਨੌਸ਼ਹਿਰੇ ਦੀ ਜੰਗ ਅਕਾਲੀ ਬਾਬਾ ਫੂਲਾ ਸਿੰਘ ਜੀ ਦੀ ਅਗਵਾਈ, ਬਹਾਦਰੀ, ਸੂਰਮਗਤੀ ਕਾਰਨ ਜਿੱਤ ਹੋਈਆਂ। ਉਹ ਇਖ਼ਲਾਕ, ਨਿਡਰਤਾ ਤੇ ਧਰਮ-ਕਰਮ ਦੇ ਕੰਮਾਂ ਵਿਚ ਬੇਜੋੜ ਸਨ। ਗੁਰ-ਮਰਿਯਾਦਾ ਨੂੰ ਉਨ੍ਹਾਂ ਆਖਰੀ ਸੁਆਸਾਂ ਸੰਗ ਨਿਭਾਇਆ। ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਵੀ ਧਾਰਮਿਕ ਮਰਿਯਾਦਾ ਦੇ ਉਲੰਘਣ ਵਿਚ ਤਾੜਨਾ ਕਰਨ ਤੋਂ ਉਹ ਕਦੇ ਪਿੱਛੇ ਨਹੀ ਹਟਦੇ ਸਨ। ਉਹ ਬੁੱਢਾ ਦਲ ਦੇ ਛੇਵੇਂ ਮੁਖੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਜਥੇਦਾਰ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਸਥਾਨ ਤੋਂ ਬਾਅਦ ਖਾਲਸਾ ਪੰਥ ਬੁੱਢਾ ਦਲ ਦੇ ਮੁਖੀ ਹੀ ਸਰਬੱਤ ਖਾਲਸੇ ਰਾਹੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਹੋਇਆ ਕਰਦੇ ਸਨ। ਜੇ ਮਹਾਰਾਜਾ ਰਣਜੀਤ ਸਿੰਘ ਆਪਣੀ ਸੂਝ-ਬੂਝ ਅਨੁਸਾਰ ਅਕਾਲੀ ਫੂਲਾ ਸਿੰਘ ਨੂੰ ਸਿਰ ਝੁਕਾ ਸਤਿਕਾਰ ਨਾ ਦਿੰਦਾ, ਸ਼ਾਇਦ ਖਾਲਸਾ ਰਾਜ ਦਾ ਵਿਸਥਾਰ ਏਨਾ ਨਾ ਹੰਦਾ। ਇਹ ਮਹਾਨ ਸਿੱਖ ਨਾਇਕ ਦਾ ਜਨਮ 14 ਫਰਵਰੀ,



1761 ਈ. ਨੂੰ ਪਿੰਡ ਦੇਹਲਾਂ ਸੀਹਾਂ ਜ਼ਿਲ੍ਹਾ ਸੰਗਰੂਰ ਵਿਖੇ ਪਿਤਾ ਸ. ਈਸ਼ਰ ਸਿੰਘ ਦੇ ਗ੍ਰਹਿ ਮਾਤਾ ਹਰਿ ਕੌਰ ਦੀ ਕੁਖੋਂ ਹੋਇਆ। ਛੋਟੇ ਹੁੰਦਿਆਂ ਬਾਪ ਦਾ ਹੱਥ ਸਿਰ ਤੋਂ ਉਠ ਗਿਆ। ਆਪ ਜਥੇਦਾਰ ਬਾਬਾ ਨੈਣਾ ਸਿੰਘ ਦੀ ਅਗਵਾਈ ਪ੍ਰਵਾਨ ਚੜ੍ਹੇ। ਆਪ ਨੇ ਖਾਲਸਾ ਰਾਜ ਦੇ ਭਲੇ ਤੇ ਵਿਸਥਾਰ ਲਈ ਕਈ ਜੰਗਾਂ ਲੜੀਆਂ। ਸਭਨਾਂ 'ਤੇ ਫਤਿਹ ਪਾਈ। ਉਨ੍ਹਾਂ ਨੂੰ ਅਕਾਲ ਪੁਰਖ 'ਤੇ ਅਤੁੱਟ ਵਿਸ਼ਵਾਸ ਸੀ ਤੇ ਕੀਤੀ ਅਰਦਾਸ ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਂਦੇ ਸਨ।

ਗੁਰੂ ਗ੍ਰੰਥ, ਗੁਰੂ ਪੰਥ ਅਤੇ ਗੁਰਮਤਿ ਸਿਧਾਂਤ ਨੂੰ ਆਪਣੀ ਜਾਨ ਨਾਲੋਂ ਵੱਧ ਪਿਆਰ ਕਰਨ ਵਾਲੇ “ਪੰਥ ਵਸੈ ਮੈਂ ਉਜੜਾਂ” ਵਾਲੀ ਗੁਰਮੁੱਖ ਬਿਰਤੀ ਦੇ ਮਾਲਕ ਫ਼ਖਰ-ਏ-ਕੌਮ, ਸ਼ਹੀਦ-ਏ-ਰਤਨ, ਸੂਰਬੀਰ ਬਹਾਦਰ, ਸਿੱਖ ਕੌਮ ਦੇ ਨਿਰਭੈ ਯੋਧਾ, ਪੰਥ ਹਿਤੈਸ਼ੀ, ਪੂਰਨ ਗੁਰਸਿੱਖ, ਸਿੱਖੀ ਸਿਦਕ ਵਾਲੇ, ਬੇਖੌਫ ਪੰਥਕ ਜਰਨੈਲ, ਅਕਾਲ ਪੁਰਖ ਦਾਤਾਰ ਦੀ ਅਪਾਰ ਕ੍ਰਿਪਾ ਵਾਲਾ ਅਣਖੀਲਾ ਬੀਰ, ਜਥੇ: ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ ਨੌਸ਼ਹਿਰੇ ਲਾਗੇ ਤਰਕੀ ਦੀਆਂ ਪਹਾੜੀਆਂ ਵਿਚ ਦੇ ਜੰਗੇ-ਮੈਦਾਨ, ਯੁੱਧ ਲੜਦਿਆਂ 14 ਮਾਰਚ 1823 ਨੂੰ ਸ਼ਹੀਦ ਹੋ ਗਏ ਸਨ। ਉਨ੍ਹਾਂ ਦੀ ਸ਼ਹੀਦੀ ਹੋਈ ਨੂੰ 200 ਸਾਲ 14 ਮਾਰਚ 2023 ਨੂੰ ਪੂਰੇ ਹੋ ਰਹੇ ਹਨ। ਉਸ ਮਹਾਨ ਆਤਮਾ ਦਾ ਸਿੱਖ ਇਤਿਹਾਸ ਵਿਚ ਬਹੁਤ ਕੀਮਤੀ ਯੋਗਦਾਨ ਹੈ।

ਬੁੱਢਾ ਦਲ ਦੇ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੀ ਅਗਵਾਈ ਵਿਚ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ ਦੇ ਸ਼ਹੀਦੀ ਦਿਹਾੜੇ ਦੀ (ਦੂਜੀ ਸ਼ਤਾਬਦੀ) 11 ਤੋਂ 14 ਮਾਰਚ ਦੇ ਸਮਾਗਮ ਸਮੂਹ ਨਿਹੰਗ ਸਿੰਘ ਜਥੇਬੰਦੀਆਂ, ਸ੍ਰੀ ਅਕਾਲ ਤਖਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਸੰਸਥਾਵਾਂ, ਸਿੱਖ ਜਥੇਬੰਦੀਆਂ, ਸੰਤ ਮਹਾਪੁਰਸ਼ਾਂ, ਧਾਰਮਿਕ ਸੰਪਰਦਾਵਾਂ, ਧਾਰਮਿਕ ਸਭਾ ਸੋਸਾਇਟੀਆਂ ਅਤੇ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੇ ਸਹਿਯੋਗ ਨਾਲ ਪੰਥਕ ਸੱਜ-ਧੱਜ, ਖਾਲਸਾਈ ਜਾਹੋ ਜਲਾਲ ਤੇ ਸ਼ਰਧਾ ਭਾਵਨਾ ਨਾਲ ਮਨਾਉਣ ਦੇ ਉਪਰਾਲੇ ਨੂੰ ਅਮਲੀ ਰੂਪ ਹੀ ਨਹੀਂ ਦਿੱਤਾ, ਸਗੋਂ ਖਾਲਸਾਈ ਸ਼ਾਨੋ-ਸ਼ੌਕਤ ਵਾਲਾ ਇਕ ਵੱਡਾ ਪਲੇਟ ਫਾਰਮ ਤਿਆਰ ਕਰ ਦਿੱਤਾ ਹੈ।


ਗੁਰੂ ਪਾਤਸ਼ਾਹ ਦੀਆਂ ਬਖਸ਼ਿਸ਼ਾਂ ਨਾਲ ਨਿਵਾਜਿਆ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ ਵਲੋਂ ਆਪਣੇ ਛੇਵੇਂ ਮੁਖੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਸ਼ਹੀਦ ਦੀ ਦੂਜੀ ਸ਼ਹੀਦੀ ਸ਼ਤਾਬਦੀ ਪੂਰੇ ਸਤਿਕਾਰ, ਪਿਆਰ ਚੜ੍ਹਦੀ ਕਲਾ ਨਾਲ ਮਨਾਈ ਜਾ ਰਹੀ ਹੈ। ਇਸ ਸ਼ਹੀਦੀ ਸ਼ਤਾਬਦੀ ਨੂੰ ਮਨਾਉਣ ਲਈ ਬੁੱਢਾ ਦਲ ਵੱਲੋਂ ਦੇਸ਼ ਦੇ ਵੱਖ-ਵੱਖ ਸ਼ਹਿਰਾਂ, ਮਹਾਂ ਨਗਰਾਂ, ਸਿੱਖ ਪੰਥ ਦੇ ਤਖਤ ਸਾਹਿਬਾਨਾਂ ਵਿਖੇ ਗੁਰਮਤਿ ਸਮਾਗਮ ਕਰਨ ਤੋਂ ਪਹਿਲਾਂ 14 ਸਤੰਬਰ 2022 ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਉਪਰੰਤ ਸਮੂਹਿਕ ਅਰਦਾਸ ਨਾਲ ਸ਼ਤਾਬਦੀ ਸਮਾਗਮਾਂ ਦੀ ਸ਼ੁਰੂਆਤ ਕੀਤੀ। ਇਸ ਉਪਰੰਤ ਤਖਤ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਨਾਂਦੇੜ ਵਿਖੇ ਮਿਤੀ 2 ਨਵੰਬਰ, 2022 ਨੂੰ ਮਹਾਨ ਕੀਰਤਨ ਦਰਬਾਰ ਕਰਵਾਏ ਗਏ, ਜਿਸ ਵਿਚ ਦੂਰ-ਦੁਰਾਡੇ ਦੇ ਇਲਾਕਿਆਂ ਤੋਂ ਸੰਗਤਾਂ ਨੇ ਸ਼ਮੂਲੀਅਤ ਕੀਤੀ। ਇੰਝ ਹੀ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਬਠਿੰਡਾ ਵਿਖੇ ਮਿਤੀ 21 ਜਨਵਰੀ 2023 ਅਤੇ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਮਿਤੀ 29 ਜਨਵਰੀ, 2023 ਨੂੰ ਮਹਾਨ ਗੁਰਮਤਿ ਸਮਾਗਮ ਹੋਏ। ਇਸੇ ਲੜੀ ਵਿਚ 11 ਫਰਵਰੀ ਨੂੰ ਸਿੰਘ ਸਾਹਿਬ ਅਕਾਲੀ ਬਾਬਾ ਫੂਲਾ ਸਿੰਘ ਜੀ ਦੇ ਜਨਮ ਅਸਥਾਨ ਪਿੰਡ ਦੇਹਲਾਂ ਸੀਹਾਂ, ਜ਼ਿਲ੍ਹਾ ਸੰਗਰੂਰ ਵਿਖੇ ਗੁਰਮਤਿ ਸਮਾਗਮ ਹੋਇਆ ਅਤੇ 12 ਫਰਵਰੀ ਨੂੰ ਇਥੋਂ ਹੀ ਇਕ ਵਿਸ਼ਾਲ (ਨਗਰ ਕੀਰਤਨ) “ਸ਼ਹੀਦੀ ਫਤਹਿ ਮਾਰਚ” ਆਰੰਭ ਹੋਇਆ। ਜੋ ਪੰਜਾਬ ਦੇ ਵੱਖ-ਵੱਖ ਸ਼ਹਿਰਾਂ, ਪਿੰਡਾਂ ਕਸਬਿਆਂ ਤੋਂ ਹੁੰਦਾ ਹੋਇਆ 16 ਫਰਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੰਪਨ ਹੋਇਆ। ਖਾਲਸੇ ਦੇ ਸਿਰਜਣਾ ਅਸਥਾਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਿਤੀ 26 ਫਰਵਰੀ ਅਤੇ ਕਿਲ੍ਹਾ ਗੁ: ਨਿਰਮੋਹਗੜ੍ਹ ਸਾਹਿਬ ਪਾ: 10ਵੀਂ ਵਿਖੇ 28 ਫਰਵਰੀ ਨੂੰ ਖਾਲਸਾ ਪੰਥ ਬੁੱਢਾ ਦਲ ਵੱਲੋਂ ਮਹਾਨ ਗੁਰਮਤਿ ਸਮਾਗਮ ਹੋਏ। ਬੁੱਢਾ ਦਲ ਦੇ ਮੁਖੀ ਸਾਹਿਬ ਨੇ ਇਹ ਸਮਾਗਮ ਦੇਸ਼-ਵਿਦੇਸ਼ ਵਿਚ ਮਾਰਚ 2024 ਤੱਕ ਚਲਦੇ ਰਹਿਣਗੇ, ਦਾ ਐਲਾਨ ਕੀਤਾ ਹੈ। 11 ਮਾਰਚ ਦਿਨ ਸ਼ਨੀਵਾਰ ਨੂੰ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਨਿਹੰਗ ਸਿੰਘ ਬੁੱਢਾ ਦਲ ਵਿਖੇ ਸੁਖਮਨੀ ਸੇਵਾ ਸੁਸਾਇਟੀਆਂ ਵੱਲੋਂ ਸ਼ਬਦ ਕੀਰਤਨ ਹੋਇਆ। 12 ਮਾਰਚ ਦਿਨ ਐਤਵਾਰ ਨੂੰ ਸਵੇਰੇ 9 ਵਜੇ ਗੁ: ਸ਼ਹੀਦ ਬਾਬਾ ਗੁਰਬਖਸ਼ ਸਿੰਘ ਨਿਹੰਗ ਸਿੰਘ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਸ਼ਹੀਦੀ ਫਤਿਹ ਮਾਰਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਆਰੰਭ ਹੋ ਕੇ ਪੁਰਾਤਨ ਸ੍ਰੀ ਅੰਮ੍ਰਿਤਸਰ ਸ਼ਹਿਰ ਦੇ 12 ਦਰਵਾਜਿਆ ਤੋਂ ਹੁੰਦਾ ਹੋਇਆ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਵਿਖੇ ਸਮਾਪਤ ਹੋਇਆ। ਇਸ ਸ਼ਹੀਦੀ ਫਤਿਹ ਮਾਰਚ ਵਿਚ ਸਮੁਚੀਆਂ ਸਿੱਖ ਸੰਸਥਾਵਾਂ ਅਤੇ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀ ਸਾਹਿਬਾਨ ਗੁਰੂ ਦੀਆਂ ਲਾਡਲੀਆਂ ਫੌਜਾਂ, ਘੋੜਿਆਂ, ਊਠਾਂ, ਹਾਥੀਆਂ 'ਤੇ ਸੁੰਦਰ ਬੱਘੀਆਂ ਉਪਰ ਸਵਾਰ ਹੋ ਕੇ ਖਾਲਸਾਈ ਜਾਹੋ-ਜਲਾਲ ਨਾਲ ਸ਼ਾਮਲ ਹੋਈਆਂ। 12 ਮਾਰਚ ਦਿਨ ਐਤਵਾਰ ਸ਼ਾਮ ਨੂੰ ਇੰਟਰਨੈਸ਼ਨਲ ਗੱਤਕਾ ਮੁਕਾਬਲੇ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ ਵਿਖੇ ਹੋਇਆ। 13 ਮਾਰਚ ਦਿਨ ਸੋਮਵਾਰ ਸਵੇਰੇ 9 ਵਜੇ ਇਸੇ ਅਸਥਾਨ 'ਤੇ ਗੁਰਮਤਿ ਸਮਾਗਮ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਨਿਹੰਗ ਸਿੰਘਾਂ ਵਿਖੇ ਸਾਰਾ ਦਿਨ ਗੁਰਮਤਿ ਸਮਾਗਮ ਹੋਏ, ਜਿਸ ਵਿਚ ਮਹਾਨ ਰਾਗੀ, ਢਾਡੀ, ਪ੍ਰਚਾਰਕ ਅਤੇ ਸਿੱਖ ਵਿਦਵਾਨਾਂ ਨੇ ਹਾਜ਼ਰੀ ਭਰੀ ਅਤੇ ਸ਼ਾਮ 7 ਵਜੇ ਲਾਈਟ ਐਂਡ ਸਾਊਂਡ ਦਾ ਪ੍ਰੋਗਰਾਮ ਵੀ ਹੋਇਆ। 14 ਮਾਰਚ ਦਿਨ ਮੰਗਲਵਾਰ ਨੂੰ ਸਵੇਰੇ 9 ਵਜੇ ਸ੍ਰੀ ਅਕਾਲ ਤਖਤ ਸਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁ: ਮੰਜੀ ਸਾਹਿਬ ਦੀਵਾਨ ਹਾਲ ਵਿਖੇ ਮੁੱਖ ਗੁਰਮਤਿ ਸਮਾਗਮ ਹੋਇਆ, ਜਿਸ ਵਿਚ ਤਖ਼ਤ ਸਾਹਿਬਾਨ ਦੇ ਜਥੇਦਾਰ ਅਤੇ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀ ਸਾਹਿਬਾਨ, ਸਿੱਖ ਸੰਪਰਦਾਵਾਂ, ਸਿੰਘ ਸਭਾਵਾਂ, ਸਭਾ ਸੁਸਾਇਟੀਆਂ, ਨਿਰਮਲੇ ਉਦਾਸੀ, ਦਮਦਮੀ ਟਕਸਾਲ, ਕਾਰ ਸੇਵਾ ਅਤੇ ਹੋਰ ਮਹਾਂਪੁਰਸ਼ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਪੁਰਾਤਨ ਇਤਿਹਾਸਕ ਸ਼ਸਤਰਾਂ ਦੇ ਦਰਸ਼ਨ ਕਰਵਾਏ ਗਏ। ਇਸ ਸਮੇਂ ਬੁੱਢਾ ਦਲ ਵੱਲੋਂ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ ਅਕਾਲੀ ਫੂਲਾ ਸਿੰਘ ਜੀ “ਅਭਿਨੰਦਨ ਗ੍ਰੰਥ” ਰਿਲੀਜ਼ ਕੀਤਾ ਗਿਆ।

# ਕੁਦਰਤ ਦੀ ਨਿਆਮਤ ਹੈ ਹਰਾ ਛੋਲੀਆ




-ਡਾ ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ
ਨੇੜੇ ਨੈਸ਼ਲੇ ਮੋਗਾ
98557-35666
(Punjab Mail USA)


ਵਿਸ਼ਵ ਦੇ ਸਭ ਤੋਂ ਵਧੀਆ ਡਾਕਟਰ ਹਨ ਡਾਕਟਰ ਖੁਸ਼ੀ, ਡਾਕਟਰ ਸ਼ਾਂਤੀ, ਡਾਕਟਰ ਖੁਰਾਕ। ਖੁਰਾਕ ਚੰਗੀ ਹੈ, ਤਾਂ ਸਭ ਕੁੱਛ ਚੰਗਾ ਹੈ। ਅੱਜਕੱਲ੍ਹ ਸਾਡੇ ਸਮਾਜ ਨੂੰ ਸਾਨੂੰ ਕਿਸੇ ਦੁਸ਼ਮਨ ਦੀ ਜ਼ਰੂਰਤ ਨਹੀਂ ਕਿਉਂਕਿ ਅਸੀਂ ਆਪਣੇ ਦੁਸ਼ਮਨ ਖੁਦ ਹੀ ਹਾਂ ਤਲਿਆ-ਮਲਿਆ, ਫਾਸਟ ਫੂਡ ਖਾ ਕੇ ਅਸੀਂ ਬਿਮਾਰੀਆਂ ਨੂੰ ਬੁਲਾਵਾ ਦਿੰਦੇ ਹਾਂ। ਆਉ ਅੱਜ ਅਸੀਂ ਪ੍ਰਣ ਕਰੀਏ, ਬੰਦੇ ਦੀ ਬਣਾਈ ਹੋਈ ਚੀਜ਼ ਨੂੰ ਨਾ ਖਾਉ, ਜਿਵੇਂ ਫਾਸਟ ਫੂਡ, ਮਠਿਆਈਆਂ ਤੇ ਕੁਦਰਤ ਦੀ ਬਣਾਈ ਚੀਜ਼ ਖਾਈਏ ਤੇ ਤੰਦਰੁਸਤੀ ਪਾਈਏ। ਜਿਵੇਂ ਸਬਜ਼ੀਆਂ। ਅੱਜਕੱਲ੍ਹ ਹਰਾ ਛੋਲੀਆ ਤੁਹਾਨੂੰ ਮੰਡੀਆਂ 'ਚ ਦੁਕਾਨਾਂ, ਰੇਹੜੀਆਂ 'ਤੇ ਆਮ ਹੀ ਮਿਲ ਜਾਵੇਗਾ। ਹਰਾ ਛੋਲੀਆ ਜਾਂ ਹਰੇ ਛੋਲੇ ਸਾਡੇ ਸਰੀਰ ਲਈ ਬਹੁਤ ਫਾਇਦੇਮੰਦ ਨੇ। ਅੱਜਕੱਲ੍ਹ ਇਸਦੀ ਰੁੱਤ ਹੈ। ਇਸ 'ਚ ਵਿਟਾਮਿਨ ਏ, ਬੀ, ਸੀ, ਈ, ਕੇ, ਹੁੰਦੇ ਹਨ। ਇਸ 'ਚ ਪ੍ਰੋਟੀਨ ਤੇ ਮਿਨਰਲ ਬਹੁਤ ਹੁੰਦੇ ਨੇ। ਇਹ ਫਾਈਬਰ ਦਾ ਕੁਦਰਤੀ ਸੋਮਾ ਹੈ। ਇਹ ਸ਼ੂਗਰ ਤੇ ਦਿਲ ਦੇ ਮਰੀਜ਼ਾਂ ਲਈ ਬਹੁਤ ਫਾਇਦੇਮੰਦ ਹੈ। ਇਸਦੀ ਇੱਕ ਕਟੋਰੀ ਹਰ ਰੋਜ਼ ਖਾਣ ਨਾਲ ਦੋ ਹਫਤੇ 'ਚ ਸ਼ੂਗਰ ਲੈਵਲ ਨਾਰਮਲ ਹੋ ਜਾਂਦਾ ਹੈ ਅਤੇ ਬੁਰਾ ਕੈਲੋਸਟਰੋਲ ਘੱਟ ਹੋ ਜਾਂਦਾ ਹੈ। ਇਸ 'ਚ ਆਇਰਨ ਭਰਪੂਰ ਮਾਤਰਾ 'ਚ ਪਾਇਆ ਜਾਂਦਾ ਹੈ। ਇਹ ਖੂਨ ਦੀ ਕਮੀ ਪੂਰੀ ਕਰਦਾ ਹੈ ਅਤੇ ਇਹ ਕਮਜ਼ੋਰੀ ਦੂਰ ਕਰਦਾ ਹੈ, ਸਾਨੂੰ ਐਨਰਜੀ ਦਿੰਦਾ ਹੈ। ਇਹ ਵਜਨ ਨੂੰ ਘਟਾਉਂਦੇ ਹਨ। ਚਮੜੀ ਦੇ ਰੋਗੀਆਂ ਲਈ ਬਹੁਤ ਵਧੀਆ ਕੁਦਰਤੀ ਸੋਮਾ ਹੈ। ਕਿਉਂਕਿ ਇਸ ਵਿਚ ਕਲੋਰੋਫਿਲ ਦੇ ਨਾਲ-ਨਾਲ ਏ., ਈ., ਸੀ., ਕੇ.,ਤੇ ਬੀ ਕੰਪਲੈਕਸ ਹੁੰਦਾ ਹੈ। ਇਸ 'ਚ ਵਿਟਾਮਿਨ ਡੀ ਹੋਣ ਕਰਕੇ ਹੱਡੀਆਂ ਨੂੰ ਮਜ਼ਬੂਤ ਕਰਦਾ ਹੈ। ਆਂਤੜੀਆਂ ਦਾ ਕੈਂਸ਼ਰ ਨਹੀਂ ਹੋਣਾ ਦਿੰਦਾ। ਬਿਮਾਰੀਆਂ ਨਾਲ ਲੜਨ ਦੀ ਤਾਕਤ ਵਧਾਉਂਦਾ ਹੈ। ਸਾਨੂੰ ਬੁੱਢੇ ਨਹੀਂ ਹੋਣ ਦਿੰਦਾ। ਜਦੋਂ ਤੁਸੀਂ ਹਰਾ ਛੋਲੀਆ ਖਾਉਂਗੇ, ਤਾਂ ਤੁਹਾਨੂੰ ਉਵਰ ਈਟੀਂਗ ਦੀ ਆਦਤ ਤੋਂ ਛੁਟਕਾਰਾ ਮਿਲ ਜਾਵੇਗਾ। ਤੰਦਰੁਸਤ ਰਹੋ, ਖੁਸ਼ ਰਹੋ।



# ਸ਼ਾਨਦਾਰ ਇਤਿਹਾਸ ਸਿਰਜ ਗਿਆ 'ਪੀਫਾ 2023' ਐਵਾਰਡ ਸ਼ੋਅ

-ਸੁਰਜੀਤ ਜੱਸਲ
(Punjab Mail USA)



ਪੰਜਾਬੀ ਮਨੋਰੰਜਨ ਇੰਡਸਟਰੀ ਦਾ ਪਹਿਲਾ ਫੈਸਟੀਵਲ ਤੇ ਐਵਾਰਡ ਸ਼ੋਅ "ਪੰਜਾਬੀ ਇੰਟਰਟੇਨਮੈਂਟ ਫੈਸਟੀਵਲ ਅਤੇ ਐਵਾਰਡ 2023" ਇਤਿਹਾਸ ਸਿਰਜ ਗਿਆ। ਪੰਜਾਬੀ ਇੰਡਸਟਰੀ ਵਿਚ ਇਹ ਪਹਿਲਾ ਮੌਕਾ ਸੀ, ਜਦੋਂ ਪੰਜਾਬੀ ਸਿਨਮਾ ਤੇ ਸੰਗੀਤ ਨੂੰ ਸਮਰਪਿਤ ਵੱਖ-ਵੱਖ ਸ਼ਖਸੀਅਤਾਂ ਨੂੰ ਐਵਾਰਡ ਦੇ ਰੂਪ ਵਿਚ ਸਨਮਾਨਿਤ ਕਰਕੇ ਉਨ੍ਹਾਂ ਦੀ ਸ਼ਾਨ ਵਿਚ ਹੋਰ ਵਾਧਾ ਕੀਤਾ ਗਿਆ। ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਚ 23 ਫ਼ਰਵਰੀ ਨੂੰ ਹੋਇਆ ਇਹ ਐਵਾਰਡ ਸਮਾਰੋਹ ਕਈ ਨਵੀਆਂ ਪਿਰਤਾਂ ਪਾ ਗਿਆ। ਪੰਜਾਬੀ ਇੰਡਸਟਰੀ ਦੇ ਨਾਮਵਰ ਪ੍ਰਮੋਟਰ ਤੇ ਫਾਈਵਵੁੱਡ ਮੀਡੀਆ ਦੇ ਮੁਖੀ ਸਪਨ ਮਨਚੰਦਾ ਤੇ ਉਨ੍ਹਾਂ ਦੀ ਟੀਮ ਵੱਲੋਂ ਕਰਵਾਏ ਗਏ ਇਸ ਐਵਾਰਡ ਨਾਈਟ ਦੀ ਸ਼ੁਰੂਆਤ ਪੰਜਾਬ ਦੇ ਸੱਭਿਆਚਾਰ ਅਤੇ ਸੈਰ ਸਪਾਟਾ ਮੰਤਰੀ ਅਨਮੋਲ ਗਗਨ ਮਾਨ ਨੇ ਸ਼ਮ੍ਹਾਂ ਰੌਸ਼ਨ ਕਰਕੇ ਕੀਤੀ। ਉਨ੍ਹਾਂ ਇਸ ਐਵਾਰਡ ਸਮਾਰੋਹ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਐਸੇ ਐਵਾਰਡ ਪੰਜਾਬੀ ਇੰਡਸਟਰੀ ਲਈ ਬਹੁਤ ਜ਼ਰੂਰੀ ਹਨ। ਉਨ੍ਹਾਂ ਪੀਫਾ ਦੇ ਫਾਊਂਡਰ ਸਪਨ ਮਨਚੰਦਾ ਅਤੇ ਕੋ-ਫਾਊਂਡਰ ਨਿਹਾਰਕਾ ਨੂੰ ਮੁਬਾਰਕਾਂ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦਾ ਐਵਾਰਡ ਸ਼ੋਅ ਕਰਵਾਉਣਾ ਸੌਖਾ ਕੰਮ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਇੰਡਸਟਰੀ ਨੂੰ ਹੋਰ ਪ੍ਰਫੁੱਲਿਤ ਕਰਨ ਲਈ ਛੇਤੀ ਪੰਜਾਬ ਵਿਚ ਵੱਡੀ ਫ਼ਿਲਮ ਸਿਟੀ ਵੀ ਬਣਾਈ ਜਾਵੇਗੀ। ਇਸ ਮੌਕੇ ਸਪਨ ਮਨਚੰਦਾ ਨੇ ਦੱਸਿਆ ਕਿ ਇਸ ਐਵਾਰਡ ਸ਼ੋਅ ਦਾ ਮਕਸਦ ਪੰਜਾਬੀ ਸਿਨਮਾ ਤੇ ਸੰਗੀਤ ਜਗਤ ਨੂੰ ਦੁਨੀਆਂ ਭਰ ਵਿਚ ਮਕਬੂਲ ਕਰਨ ਵਾਲੀਆਂ ਸ਼ਖਸੀਅਤਾਂ ਨੂੰ ਐਵਾਰਡ ਦੇ ਰੂਪ ਵਿਚ ਸਨਮਾਨਿਤ ਕਰਨ ਦੇ ਨਾਲ-ਨਾਲ ਪੰਜਾਬੀ ਸਿਨਮਾ ਤੇ ਸੰਗੀਤ ਦੇ ਉਨ੍ਹਾਂ ਨਾਮਾਂ ਨੂੰ ਜ਼ਿੰਦਾ ਰੱਖਣ ਦੀ ਕੋਸ਼ਿਸ਼ ਹੈ, ਜਿਨ੍ਹਾਂ ਨੇ ਇਸ ਇੰਡਸਟਰੀ ਦੀ ਸ਼ੁਰੂਆਤ ਕੀਤੀ ਹੈ।







ਇਸ ਮੌਕੇ ਪੰਜਾਬੀ ਗਾਇਕ ਸਤਿੰਦਰ ਸਰਤਾਜ ਅਤੇ ਸੰਗੀਤ ਸਮਰਾਟ ਚਰਨਜੀਤ ਸਿੰਘ ਅਹੂਜਾ ਨੂੰ ਪੰਜਾਬ ਰਤਨ ਐਵਾਰਡ, ਜੈਜੀ ਬੀ ਅਤੇ ਮਨਿੰਦਰ ਬੁੱਟਰ ਨੂੰ ਗਲੋਬਲ ਸਟਾਰ ਐਵਾਰਡ, ਯੋਗਰਾਜ ਸਿੰਘ, ਸਰਦਾਰ ਸੋਹੀ ਅਤੇ ਸੁਨੀਤਾ ਧੀਰ ਨੂੰ ਪ੍ਰਿਥਵੀ ਰਾਜ ਕਪੂਰ ਲਾਈਫ ਟਾਈਮ ਅਚੀਵਮੈਂਟ ਐਵਾਰਡ, ਸਰਗੁਣ ਮਹਿਤਾ ਨੂੰ ਦਲਜੀਤ ਕੌਰ ਯਾਦਗਾਰੀ ਐਵਾਰਡ, ਗੁਰਪ੍ਰੀਤ ਘੁੱਗੀ ਅਤੇ ਵਿਜੇ ਟੰਡਨ ਨੂੰ ਪ੍ਰਾਈਡ ਆਫ ਪੰਜਾਬੀ ਸਿਨਮਾ, ਸਰਬਜੀਤ ਚੀਮਾ ਅਤੇ ਸ਼ਿਪਰਾ ਗੋਇਲ ਨੂੰ ਪ੍ਰਾਈਡ ਆਫ ਪੰਜਾਬੀ ਮਿਊਜ਼ਿਕ ਐਵਾਰਡ ਨਾਲ ਨਿਵਾਜਿਆ ਗਿਆ। ਕਾਮੇਡੀਅਨ ਜਸਵਿੰਦਰ ਭੱਲਾ ਨੂੰ ਗੋਪਾਲ ਦਾਸ ਸਹਿਗਲ ਯਾਦਗਾਰੀ ਐਵਾਰਡ, ਬੀਨੂੰ ਢਿੱਲੋਂ ਅਤੇ ਦੇਵ ਖਰੌੜ ਨੂੰ ਬਲਰਾਜ ਸਾਹਨੀ ਯਾਦਗਾਰੀ ਐਵਾਰਡ, ਗਾਇਕਾ ਮੰਨਤ ਨੂਰ ਗੁਰਮੀਤ ਬਾਵਾ ਯਾਦਗਾਰੀ ਐਵਾਰਡ, ਗੁਰਮੀਤ ਸਿੰਘ ਤੇ ਐਵੀ ਸਰ੍ਹਾ ਨੂੰ ਜਸਵੰਤ ਭੰਵਰਾ ਯਾਦਗਾਰੀ ਐਵਾਰਡ, ਅਸ਼ੀਸ਼ ਦੁੱਗਲ ਨੂੰ ਗੁਰਕੀਰਤਨ ਯਾਦਗਾਰੀ ਐਵਾਰਡ, ਪ੍ਰਿੰਸ ਕੰਵਲਜੀਤ ਸਿੰਘ ਤੇ ਜੈਸਮੀਨ ਬਾਜਵਾ ਪ੍ਰੋਮਿਸਿੰਗ ਐਵਾਰਡ, ਕਰਤਾਰ ਚੀਮਾ ਅਤੇ ਹਰਦੀਪ ਗਰੇਵਾਲ ਨੂੰ ਯੂਥ ਆਈਕੋਨ ਐਵਾਰਡ, ਅਨੀਤਾ ਸ਼ਬਦੀਸ਼ ਨੂੰ ਭਾਈ ਮੰਨਾ ਸਿੰਘ ਯਾਦਗਾਰੀ ਐਵਾਰਡ, ਨਿਰਦੇਸ਼ਕ ਸਿਮਰਜੀਤ ਸਿੰਘ ਨੂੰ ਵਰਿੰਦਰ ਯਾਦਗਾਰੀ ਐਵਾਰਡ, ਹੈਪੀ ਰਾਏਕੋਟੀ ਨੂੰ ਨੰਦ ਲਾਲ ਨੂਰਪੂਰੀ ਐਵਾਰਡ, ਅੰਬਰਦੀਪ ਨੂੰ ਮੁਲਕਰਾਜ ਭਾਖੜੀ ਐਵਾਰਡ, ਕੁਲਵਿੰਦਰ ਬਿੱਲਾ ਨੂੰ ਕੁਲਦੀਪ ਮਾਣਕ ਯਾਦਗਾਰੀ ਐਵਾਰਡ, ਖਾਨ ਸਾਹਬ ਨੂੰ ਸਰਦੂਲ ਸਿਕੰਦਰ ਯਾਦਗਾਰੀ ਐਵਾਰਡ, ਰਾਜ ਸ਼ੇਕਰ ਨੂੰ ਲਾਈਨਲਾਈਟ ਸਟਾਰ ਐਵਾਰਡ, ਅਮਰ ਨੂਰੀ ਨੂੰ ਸ਼ਾਨ-ਏ-ਪੰਜਾਬ ਐਵਾਰਡ ਨਾਲ ਨਿਵਾਜਿਆ ਗਿਆ। ਇਸ ਮੌਕੇ ਫ਼ਿਲਮ ਡਿਸਟ੍ਰੀਬਿਊਟਰ ਮੁਨੀਸ਼ ਸਾਹਨੀ, ਹਿੰਦੀ ਅਤੇ ਪੰਜਾਬੀ ਫਿਲਮਾਂ ਦੇ ਨਾਮੀ ਅਦਾਕਾਰ ਮੁਕੇਸ਼ ਰਿਸ਼ੀ, ਮੰਚ ਸੰਚਾਲਕ ਸਤਿੰਦਰ ਸੱਤੀ, ਗਾਇਕਾ ਸਰਘੀ ਮਾਨ, ਮਿਊਜ਼ਿਕ ਪ੍ਰੋਡਿਊਸਰ ਦਿਨੇਸ਼ ਔਲਖ ਨੂੰ ਸਪੈਸ਼ਲ ਐਪਰੀਸੇਸ਼ਨ ਐਵਾਰਡ ਨਾਲ ਨਿਵਾਜਿਆ ਗਿਆ। ਇਸ ਮੌਕੇ ਸਪਨ ਮਨਚੰਦਾ ਵੱਲੋਂ ਤਿਆਰ ਕੀਤੀ ਪੰਜਾਬੀ ਇੰਡਸਟਰੀ ਦੀ ਡਾਟਾ-ਇਨਫਾਰਮੇਸ਼ਨ ਅਤੇ ਟੈਲੀਫ਼ੋਨ ਡਾਇਰੈਕਟਰੀ ਦਾ ਸਾਲ 2023-24 ਦਾ ਨਵਾਂ ਅਡੀਸ਼ਨ ਵੀ ਰਿਲੀਜ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ ਗਾਇਕ ਤੇ ਅਦਾਕਾਰ ਗਿੱਪੀ ਗਰੇਵਾਲ ਨੇ ਕਿਹਾ ਕਿ ਅਜਿਹੇ ਐਵਾਰਡ ਸਮਾਰੋਹਾਂ ਦੀ ਪੰਜਾਬੀ ਇੰਡਸਟਰੀ ਨੂੰ ਬੇਹੱਦ ਜ਼ਰੂਰਤ ਸੀ। ਅਜਿਹੇ ਐਵਾਰਡ ਕਲਾਕਾਰਾਂ ਦਾ ਹੌਸਲਾ ਬੁਲੰਦ ਕਰਦੇ ਹਨ। ਇਸ ਮੌਕੇ ਪੰਜਾਬੀ ਗਾਇਕ ਸਰਬਜੀਤ ਚੀਮਾ, ਵਿੱਕੀ, ਬੈਨਟ ਦੁਸਾਂਝ, ਰਮਨ ਗਿੱਲ, ਸੰਗਰਾਮ ਹੰਜਰਾ, ਸਰਘੀ ਮਾਨ ਸਮੇਤ ਨਾਮੀਂ ਗਾਇਕਾਂ ਦੇ ਲਾਈਵ ਪੇਸ਼ਕਾਰੀ ਨਾਲ ਦਰਸ਼ਕਾਂ ਦਾ ਮਨੋਰੰਜਨ ਕੀਤਾ। ਇਸ ਮੌਕੇ ਪੀਫਾ ਦੇ ਸਹਿਯੋਗੀ ਲਾਡੀ ਕਾਂਗੜ, ਗੁਰਪ੍ਰੀਤ ਖੇਤਲਾ, ਲਵਪੀਤ ਲੱਕੀ ਸੰਧੂ ਤੇ ਜਰਨੈਲ ਸਿੰਘ ਤੋਂ ਇਲਾਵਾ ਪੰਜਾਬੀ ਇੰਡਸਟਰੀ ਦੀਆਂ ਹੋਰ ਨਾਮੀ ਸ਼ਖ਼ਸੀਅਤਾਂ ਹਾਜ਼ਰ ਸਨ।

# ਗਲੇ ਦੀ ਖਰਾਸ਼ ਕਰੋ ਦੂਰ

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)




"ਜਦ ਕੁੱਝ ਵੀ ਖਾਣਾ-ਪੀਣਾ ਅਤੇ ਨਿਗਲਣਾ ਔਖਾ ਹੋ ਜਾਵੇ, ਤਾਂ ਸਮਝੋ ਗਲੇ ਅੰਦਰ ਇਨਫੈਕਸ਼ਨ ਹੋ ਗਈ ਹੈ। ਲਾਪ੍ਰਵਾਹੀ ਨਾ ਵਰਤ ਕੇ ਆਪਣੇ ਫੈਮਿਲੀ ਡਾਕਟਰ ਨਾਲ ਸੰਪਰਕ ਕਰਕੇ ਇਲਾਜ ਕਰਨਾ ਜ਼ਰੂਰੀ ਹੋ ਜਾਂਦਾ ਹੈ।" - ਅਨਿਲ ਧੀਰ

ਠੰਡੇ-ਗਰਮ ਯਾਨਿ ਬਦਲ ਰਹੇ ਮੌਸਮ ਵਿਚ ਗਲੇ ਅੰਦਰ ਦਰਦ, ਜਲਨ ਅਤੇ ਖਰਾਸ਼, ਹਰ ਉਮਰ, ਛੋਟੇ ਬੱਚੇ, ਨੌਜਵਾਨ, ਔਰਤਾਂ ਅਤੇ ਬਜ਼ੁਰਗਾਂ ਵਿਚ ਆਮ ਦੇਖੀ ਜਾ ਰਹੀ ਹੈ। ਇਹ ਵਾਇਰਲ-ਬੈਕਟੀਰੀਅਲ ਇਨਫੈਕਸ਼ਨ ਹੈ। ਗਲੇ ਦੀ ਇਨਫੈਕਸ਼ਨ ਦਾ ਆਮ ਕਾਰਨ ਗਰੁੱਪ ਸਟ੍ਰੈਪਟੋਕੋਕਸ (ਜੀ.ਏ.ਬੀ.ਐੱਚ.ਐੱਸ.) ਹੈ। ਵਾਇਰਸ 5 ਤੋਂ 16 ਸਾਲ ਦੇ ਬੱਚਿਆਂ ਵਿਚ 72% ਗਲੇ ਦਾ ਕਾਰਨ ਬਣਦਾ ਹੈ। ਕਰੀਬਨ 96% ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ 'ਤੇ ਅਟੈਕ ਕਰਦਾ ਹੈ।

ਸੋਰ-ਥਰੋਟ ਦੀ ਹਾਲਤ ਵਿਚ ਖਾਣ-ਪੀਣ ਦੀ ਚੀਜ਼ ਨੂੰ ਨਿਗਲਨਾ ਔਖਾ ਹੋ ਜਾਂਦਾ ਹੈ। ਦਰਦ, ਖਰਾਸ਼ ਘੱਟ ਜਾਂ ਜ਼ਿਆਦਾ ਅਤੇ ਲੰਬੇ ਸਮੇਂ ਤੱਕ ਵੀ ਰਹਿ ਸਕਦੀ ਹੈ। ਗਲੇ ਅੰਦਰ ਨਾੜੀਆਂ ਸੁੱਜ ਜਾਂਦੀਆਂ ਹਨ।

ਨਾਲ ਹੀ ਵਿਅਕਤੀ ਨੂੰ ਸਿਰਦਰਦ, ਜਿਸਮ ਦਰਦ ਨਾਲ ਬੁਖਾਰ ਹੋ ਜਾਂਦਾ ਹੈ। ਗਲੇ ਦੀ ਆਵਾਜ਼ ਗੰਦੀ, ਬੋਲਣਾ ਔਖਾ ਅਤੇ ਟਾਨਸਿਲ ਲਾਲ ਦਿੱਸਦੇ ਹਨ। ਗਲੇ ਅੰਦਰ ਖਰਾਸ਼ ਵਾਇਰਲ, ਬੈਕਟੀਰੀਅਲ ਇਨਫੈਕਸ਼ਨ, ਕੋਵਿਡ ਦੇ ਵੈਰੀਐਂਟਸ, ਜ਼ੁਕਾਮ, ਫਲੂ, ਖਾਂਸੀ, ਐਲਰਜੀ, ਖੁਸ਼ਕ ਹਵਾ, ਇੰਡਸਟਰੀਅਲ, ਮੌਸਮੀ ਪ੍ਰਦੂਸ਼ਨ, ਤੰਬਾਕੂਨੋਸ਼ੀ ਦਾ ਧੂੰਆ, ਮਸਾਲੇਦਾਰ ਭੋਜਨ, ਮਸਲ-ਤਨਾਅ, ਜੀ.ਆਰ.ਡੀ. ਅਤੇ ਐੱਚ.ਆਈ.ਵੀ. ਇਨਫੈਕਸ਼ਨ, ਜੀਭ, ਗਲੇ ਦਾ ਕੈਂਸਰ ਵਗੈਰਾ ਕਾਰਨ ਵੀ ਹੋ ਸਕਦਾ ਹੈ।



## ਗਲੇ ਦੀ ਕਰੋ ਕੇਅਰ :

- ਆਪਣਾ ਖਾਣਾ-ਪੀਣਾ ਕਿਸੇ ਨਾਲ ਵੀ ਸਾਂਝਾ ਨਾ ਕਰੋ ਅਤੇ ਬਰਤਨ ਅਲੱਗ ਰੱਖੋ। ਪਰਸਨਲ ਸਫਾਈ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ। ਸੈਨੀਟਾਈਜ਼ਰ ਇਸਤੇਮਾਲ ਕਰੋ। ਨੱਕ-ਮੂੰਹ ਮਾਸਕ ਨਾਲ ਕਵਰ ਕਰੋ।
- ਸਟ੍ਰੈਪ ਥਰੋਟ ਦੀ ਇਨਫੈਕਸ਼ਨ ਵਾਲੇ ਬੱਚੇ ਅਤੇ ਬਾਹਰ ਕੰਮ ਕਰਨ ਵਾਲਿਆਂ ਨੂੰ ਡਾਕਟਰੀ ਸਲਾਹ ਨਾਲ ਇਲਾਜ ਸ਼ੁਰੂ ਕਰਨ ਨਾਲ ਘਰ ਹੀ ਆਰਾਮ ਕਰਨਾ ਚਾਹੀਦਾ ਹੈ।
- ਅਦਰਕ ਵਾਲੇ ਗਰਮ ਪਾਣੀ ਵਿਚ 1 ਚਮਚ ਸ਼ਹਿਦ ਮਿਲਾ ਕੇ ਦਿਨ ਵਿਚ 3-4 ਵਾਰ ਪੀਓ।
- ਸੋਜ਼ਿਸ਼ ਅਤੇ ਬੈਕਟੀਰੀਆ ਦੇ ਅਸਰ ਨੂੰ ਘਟਾਉਣ ਲਈ ਕੋਸੇ ਨਮਕ ਵਾਲੇ ਪਾਣੀ ਦੇ ਗਰਾਰੇ (ਗਾਰਗਲ) 2-3 ਵਾਰ ਕਰੋ।
- ਤਾਜ਼ੀ ਵੈਜੀਟੇਬਲ-ਸੂਪ, ਚਿਕਨ-ਸੂਪ, ਗਰਮ ਪਾਣੀ ਅਤੇ ਗ੍ਰੀਨ-ਟੀ, ਗਰਮ ਕਾਫੀ ਵਾਰ-ਵਾਰ ਪੀਂਦੇ ਰਹੋ।
- ਬੈਡਰੂਮ ਅੰਦਰ ਕੂਲ-ਫਾਸਟ ਵੱਪੋਰਾਈਜ਼ਰ ਜਾਂ ਹਿਮਡਿਫਾਇਰ ਦਾ ਇਸਤੇਮਾਲ ਕਰੋ। ਇਹ ਗਲੇ ਅੰਦਰ ਜ਼ਿਆਦਾ ਖੁਸ਼ਕੀ ਨਹੀਂ ਹੋਣ ਦੇਵੇਗਾ।
- ਪੇਪਰਮਿੰਟ ਯੁਕਤ ਚੂਸਨ ਵਾਲੀ ਕਫ ਕੈਂਡੀ 5-6 ਤੱਕ ਚੂਸ ਸਕਦੇ ਹੋ। ਪੇਪਰਮਿੰਟ ਵਿਚ ਮੌਜੂਦ ਮੇਨਥੋਲ ਜੋ ਐਂਟੀ-ਇਨਫਲਾਮੈਂਟਰੀ, ਐਂਟੀ-ਬੈਕਟੀਰੀਅਲ ਅਤੇ ਐਂਟੀਵਾਇਰਲ ਹੋਣ ਕਰਕੇ ਗਲੇ ਦੀ ਤਕਲੀਫ ਵਿਚ ਆਰਾਮ ਮਿਲਦਾ ਹੈ।
- ਦੇਸੀ ਮੁਲੱਠੀ ਦਾ ਚੂਰਨ 2-ਚੁਟਕੀ ਸ਼ਹਿਦ ਵਿਚ ਮਿਕਸ ਕਰਕੇ ਕੁੱਝ ਦਿਨ ਰੋਜ਼ਾਨਾ 3 ਵਾਰ ਇਸਤੇਮਾਲ ਕਰੋ।
- ਜੇ ਤੁਸੀਂ ਸਿਗਰੇਟ ਪੀਂਦੇ ਹੋ, ਤਾਂ ਛੱਡ ਦਿਓ। ਸਿਗਰੇਟ ਦਾ ਧੂੰਆ ਗਲੇ ਅੰਦਰ ਇਰੀਟੇਸ਼ਨ ਵਧਾ ਦਿੰਦਾ ਹੈ।
- ਸਰੀਰ ਅੰਦਰ ਇਮਊਨਿਟੀ ਬਰਕਰਾਰ ਰੱਖਣ ਲਈ ਸਬਜ਼ੀਆਂ ਵਿਚ ਅਦਰਕ, ਲਸਣ, ਪਿਆਜ਼, ਸਲਾਦ 'ਚ ਆਂਵਲਾ, ਸੰਤਰਾ, ਕੀਵੀ, ਸਟ੍ਰਾਬਰੀ, ਰਸਬੇਰੀ, ਨਿੰਬੂ-ਪਾਣੀ ਤੇ ਫੂਡ ਸਪਲੀਮੈਂਟਸ, ਵਿਟਾਮਿਨ-ਸੀ, ਈ, ਜ਼ਿੰਕ ਅਤੇ ਮੈਗਨੀਸ਼ੀਅਮ ਨੂੰ ਆਪਣੀ ਖੁਰਾਕ ਵਿਚ ਸ਼ਾਮਲ ਕਰੋ।
- ਦਰਦ ਦੀ ਹਾਲਤ ਵਿਚ ਪੇਨ-ਕਿਲਰ ਟੇਬਲੇਟ, ਕਫ ਸਿਰਪ ਵੀ ਲੈ ਸਕਦੇ ਹੋ।


ਨੋਟ: ਲਗਾਤਾਰ ਗਲਾ ਖਰਾਬ ਰਹਿਣ, ਖੰਘ ਅਤੇ ਤੇਜ਼ ਬੁਖਾਰ ਵਿਚ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਮਸਾਲੇਦਾਰ ਖੁਰਾਕ ਤਕਲੀਫ ਵੱਧਾ ਸਕਦੀ ਹੈ।

# ਡਾ. ਸ਼ਿਆਮ ਸੁੰਦਰ ਦੀਪਤੀ ਦੀ ਪੁਸਤਕ 'ਇਕ ਭਰਿਆ-ਪੂਰਾ ਦਿਨ' ਪ੍ਰੇਰਨਾਦਾਇਕ ਸਵੈ-ਜੀਵਨੀ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਡਾ. ਸ਼ਿਆਮ ਸੁੰਦਰ ਦੀਪਤੀ ਸਿਹਤ ਸੰਬੰਧੀ ਲਿਖਣ ਵਾਲਾ ਸਰਵੋਤਮ ਲੇਖਕ ਹੈ। ਉਨ੍ਹਾਂ ਦੇ ਇਨਸਾਨੀ ਸਿਹਤ ਨਾਲ ਸੰਬੰਧਤ ਬੀਮਾਰੀਆਂ ਬਾਰੇ ਲੇਖ ਅਖ਼ਬਾਰਾਂ ਵਿਚ ਪ੍ਰਕਾਸ਼ਤ ਹੁੰਦੇ ਰਹਿੰਦੇ ਹਨ। ਇਸ ਪੁਸਤਕ ਵਿਚ ਉਸ ਦੇ 18 ਲੇਖ ਹਨ। ਇਹ ਪੁਸਤਕ ਡਾ. ਸ਼ਿਆਮ ਸੁੰਦਰ ਦੀਪਤੀ ਦੀ ਸਵੈ-ਜੀਵਨੀ ਹੈ ਪ੍ਰੰਤੂ ਉਸ ਨੇ ਆਪਣੀ ਇਸ ਸਵੈ-ਜੀਵਨੀ ਨੂੰ ਲੋਕਾਈ ਲਈ ਪ੍ਰੇਰਨਾਦਾਇਕ ਬਣਾ ਦਿੱਤਾ ਹੈ। ਸਵੇਰ ਤੋਂ ਸ਼ਾਮ ਤੱਕ ਜ਼ਿੰਦਗੀ ਜਿਊਣ ਦਾ ਢੰਗ ਦੱਸਿਆ ਹੈ। ਉਸ ਨੇ ਇਨਸਾਨਾਂ ਨੂੰ ਲੱਗਣ ਵਾਲੀਆਂ ਬਿਮਾਰੀਆਂ ਨਾਲ ਕਿਸ ਪ੍ਰਕਾਰ ਨਿਪਟਣਾ ਚਾਹੀਦਾ ਹੈ, ਕੀ ਪ੍ਰਹੇਜ਼ ਕਰਨਾ ਚਾਹੀਦਾ ਹੈ, ਉਸ ਦੀ ਜਾਣਕਾਰੀ ਦਿੱਤੀ ਹੈ। ਉਹ ਇਲਾਜ਼ ਨਾਲੋਂ ਪ੍ਰਹੇਜ਼ ਜ਼ਰੂਰੀ ਸਮਝਦਾ ਹੈ। ਉਨ੍ਹਾਂ ਨੇ ਸਮਾਜਿਕ ਤਾਣੇ-ਬਾਣੇ ਵਿਚ ਵਿਚਰਦਿਆਂ ਇਨ੍ਹਾਂ ਬਿਮਾਰੀਆਂ ਬਾਰੇ ਦਿੱਤੇ ਨੁਸਖਿਆਂ ਜਿਵੇਂ ਯੋਗਾ, ਐਕੂਪ੍ਰੇਸ਼ਰ, ਵਹਿਮ-ਭਰਮ ਆਦਿ ਅਤੇ ਲੋਕਾਂ ਵੱਲੋਂ ਦਿੱਤੇ ਜਾਂਦੇ ਸੁਝਾਵਾਂ ਨੂੰ ਵਿਗਿਆਨਕ ਦ੍ਰਿਸ਼ਟੀ ਨਾਲ ਦੱਸਿਆ ਹੈ ਕਿ ਉਹ ਕਿਸ ਵਜ੍ਹਾ ਕਰਕੇ ਲਾਭਦਾਇਕ ਹੁੰਦੇ ਹਨ। ਸਰੀਰ ਨੂੰ 10 ਮਿੰਟ ਢਿੱਲਾ ਰੱਖਣ ਨਾਲ ਬਹੁਤ ਬਿਮਾਰੀਆਂ ਤੋਂ ਖਹਿੜਾ ਛੁੱਟ ਸਕਦਾ ਹੈ। ਇਸ ਆਸਣ ਨੂੰ ਉਨ੍ਹਾਂ 'ਸਮਾਈਲਿੰਗ ਆਸਣ' ਕਿਹਾ ਹੈ। ਡਾ. ਸ਼ਿਆਮ ਸੁੰਦਰ ਦੀਪਤੀ ਦੀ ਜ਼ਿੰਦਗੀ ਦਾ ਆਮ ਲੋਕਾਂ ਲਈ ਪ੍ਰੇਰਣਾਦਾਇਕ ਹੋਣ ਦੇ ਮੁੱਖ ਕਾਰਨ ਉਨ੍ਹਾਂ ਦੀ ਜ਼ਿੰਦਗੀ ਦੀਆਂ ਸੁਖਾਵੀਆਂ ਅਤੇ ਅਣਸੁਖਾਵੀਆਂ ਘਟਨਾਵਾਂ ਹਨ, ਜਿਨ੍ਹਾਂ ਨੂੰ ਪੜ੍ਹਕੇ ਪਾਠਕ ਆਪਣੇ ਜੀਵਨ ਵਿਚ ਲਾਗੂ ਕਰ ਸਕਦਾ ਹੈ। ਕਹਿਣ ਤੋਂ ਭਾਵ ਉਨ੍ਹਾਂ ਦੀ ਸਮੁੱਚੀ ਜ਼ਿੰਦਗੀ ਜੱਦੋ-ਜਹਿਦ ਵਾਲੀ ਹੈ। ਉਨ੍ਹਾਂ ਨੇ ਕਿਸੇ ਵੀ ਮੁਸੀਬਤ ਨੂੰ ਬੜੀ ਦਲੇਰੀ ਨਾਲ ਨਜਿੱਠਿਆ ਹੈ। ਕਿਸੇ ਵੀ ਉਲਝਣ ਨੂੰ ਚਿੰਤਾ ਦਾ ਵਿਸ਼ਾ ਨਹੀਂ ਬਣਨ ਦਿੱਤਾ। ਸ਼ੂਗਰ ਦੀ ਬਿਮਾਰੀ ਨੇ ਜਵਾਨੀ ਵਿਚ ਹੀ ਦਸਤਕ ਦੇ ਦਿੱਤੀ ਸੀ ਪ੍ਰੰਤੂ ਉਨ੍ਹਾਂ ਸਹਿਜਤਾ ਨਾਲ ਇਸ ਨੂੰ ਲੈਂਦੇ ਹੋਏ ਆਪਣੀਆਂ ਸ਼ਰਤਾਂ 'ਤੇ ਜੀਵਨ ਬਸਰ ਕੀਤਾ ਹੈ। ਪਹਿਲਾਂ ਪੈਰ ਦੀਆਂ ਦੋ ਉਂਗਲਾਂ ਕੱਟਣੀਆਂ ਪਈਆਂ, ਫਿਰ ਪੈਰ ਹੀ ਕੱਟਣਾ ਪਿਆ। ਇਕ ਐਕਸੀਡੈਂਟ ਤੋਂ ਬਾਅਦ ਲੱਤ ਹੀ ਕੱਟਣੀ ਪੈ ਗਈ ਪ੍ਰੰਤੂ ਹੁਣ ਤੱਕ ਦੀ ਸਾਰੀ ਉਮਰ ਉਹ ਸਮਾਜਿਕ ਅਤੇ ਸਾਹਿਤਕ ਤੌਰ 'ਤੇ ਪੂਰੀ ਤਰ੍ਹਾਂ ਸਰਗਰਮ ਹਨ। ਆਪਣੇ ਆਪ ਨੂੰ ਅੰਗਹੀਣ ਕਦੀ ਵੀ ਨਹੀਂ ਸਮਝਿਆ ਅਤੇ ਨਾ ਹੀ ਆਪਣੀ ਬਿਮਾਰੀ ਦੇ ਗੋਗੇ ਗਾਏ ਹਨ। ਆਪਣੀਆਂ ਸ਼ਰਤਾਂ 'ਤੇ ਜੀਵਨ ਬਸਰ ਕੀਤਾ ਹੈ। ਆਮ ਇਨਸਾਨ ਲਈ ਇਹ ਸਾਰੀਆਂ ਗੱਲਾਂ ਪੱਲੇ ਬੰਨ੍ਹਣ ਵਾਲੀਆਂ ਹਨ। ਉਨ੍ਹਾਂ ਦੀ ਪੁਸਤਕ ਦਾ ਪਹਿਲਾ ਹੀ ਲੇਖ 'ਗੁਲਾਬੀ ਫੁੱਲਾਂ ਵਾਲੇ ਕੱਪਾਂ ਵਿਚ ਫਿਕੀ ਚਾਹ' ਵਿਚ ਸ਼ੂਗਰ ਦੀ ਬਿਮਾਰੀ ਤੋਂ ਕਿਸ ਪ੍ਰਕਾਰ ਬਚਿਆ ਜਾ ਸਕਦਾ ਹੈ, ਬਾਰੇ ਜਾਣਕਾਰੀ ਦਿੱਤੀ ਹੈ। ਵੈਸੇ ਉਹ ਇਸ ਬਿਮਾਰੀ ਬਾਰੇ ਜਾਣਕਾਰੀ ਲਗਾਤਾਰ ਲੇਖਾਂ ਵਿਚ ਦਿੰਦੇ ਰਹਿੰਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਆਪਣੇ ਪ੍ਰੇਮ ਵਿਆਹ ਬਾਰੇ ਬਾਖ਼ੂਬੀ ਨਾਲ ਲਿਖਦਿਆਂ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਪਿਆਰ ਬਿਨ ਦੱਸਿਆਂ ਹੀ ਹੋ ਜਾਂਦਾ ਹੈ। ਪਿਆਰ ਵਿਆਹ ਦੀ ਸਫਲਤਾ ਦੇ ਗੁਰ ਵੀ ਸਾਧਾਰਨ ਸ਼ਬਦਾਵਲੀ ਵਿਚ ਦੱਸੇ ਹਨ। ਦੂਜੇ ਲੇਖ 'ਥਰਕਣਾ (ਵਾਇਬ੍ਰੇਟ) ਜ਼ਿੰਦਗੀ ਦਾ ਦੂਜਾ ਨਾਂ ਹੈ' ਵਿਚ ਦੱਸਿਆ ਹੈ ਕਿ ਬਿਮਾਰੀਆਂ ਇਨਸਾਨ ਨੂੰ ਹੁੰਦੀਆਂ ਰਹਿੰਦੀਆਂ ਹਨ ਪ੍ਰੰਤੂ ਉਨ੍ਹਾਂ ਦਾ ਮੁਕਾਬਲਾ ਦਲੇਰੀ ਅਤੇ ਇਤਿਹਾਤ ਨਾਲ ਕਰਨਾ ਚਾਹੀਦਾ ਹੈ। ਉਨ੍ਹਾਂ ਆਪਣੀ ਗੈਂਗੀਨ ਵਰਗੀ ਘਾਤਕ ਬਿਮਾਰੀ ਦਾ ਮੁਕਾਬਲਾ ਕੀਤਾ ਹੈ। ਤੀਜਾ ਲੇਖ 'ਜਨਮ ਦਿਨ ਜ਼ਿੰਦਗੀ ਦੇ ਅਹਿਸਾਸ ਜਗਾਵੇ' ਵਿਚ ਲਿਖਿਆ ਹੈ ਕਿ ਜ਼ਿੰਦਗੀ ਦਾ ਰੂਟੀਨ ਤੋੜਨਾ ਨਹੀਂ ਚਾਹੀਦਾ, ਇਸ ਨਾਲ ਜ਼ਿੰਦਗੀ ਵਿਚ ਰਵਾਨਗੀ ਬਣੀ ਰਹਿੰਦੀ ਹੈ ਪ੍ਰੰਤੂ ਸਮੇਂ ਦੀ ਤਬਦੀਲੀ ਨਾਲ ਕੁਝ ਬਦਲਣਾ ਪੈ ਜਾਂਦਾ ਹੈ। ਦੋਸਤਾਂ-ਮਿੱਤਰਾਂ ਨੂੰ ਮਿਲਣ-ਗਿਲਣ ਨਾਲ ਖ਼ੁਸ਼ੀ ਮਿਲਦੀ ਹੈ। ਵਹਿਮਾਂ-ਭਰਮਾਂ ਵਿਚ ਨਹੀਂ ਪੈਣਾ ਚਾਹੀਦਾ। ਖੱਬੇ-ਪੱਖੀ ਵਿਚਾਰਧਾਰਾ ਨੂੰ ਉਹ ਸਾਰਥਿਕ ਮੰਨਦੇ ਹਨ। ਉਲੂ ਰਾਹੀਂ ਸੰਕੇਤਕ ਤੌਰ 'ਤੇ ਸਮਾਜ ਵਿਚ ਵਾਪਰ ਰਹੀਆਂ ਮਾੜੀਆਂ ਘਟਨਾਵਾਂ ਦੀ ਨਿੰਦਿਆ ਕਰਦੇ ਹਨ। 'ਜੀਵਨ ਦੇ ਮਕਸਦ ਨੂੰ ਸਪੱਸ਼ਟ ਕਰਦਾ ਹੈ-ਲਿਖਣਾ' ਵਿਚ ਲੇਖਕ ਦੱਸਦੇ ਹਨ ਕਿ ਉਨ੍ਹਾਂ ਕਵਿਤਾ, ਕਹਾਣੀ, ਨਾਟਕ ਅਤੇ ਵਾਰਤਕ ਲਿਖੀ ਹੈ। ਲਿਖਣ ਨਾਲ ਮਾਨਸਿਕ ਸੰਤੁਸ਼ਟੀ ਮਿਲਦੀ ਹੈ। ਕਰੋਨਾ ਸਮੇਂ ਦੀ ਉਦਾਹਰਨ ਲਿਖ ਕੇ ਦੱਸਿਆ ਹੈ ਕਿ ਲੋਕਾਂ ਨੂੰ ਵੀ ਲਿਖਣ ਦਾ ਲਾਭ ਹੁੰਦਾ ਹੈ। ਉਨ੍ਹਾਂ ਆਪਣੀਆਂ ਪੁਸਤਕਾਂ ਲਿਖਣ ਦੇ ਕਾਰਨ ਵੀ ਦੱਸੇ ਹਨ। 'ਬਿਮਾਰੀ ਨੂੰ ਨਹੀਂ, ਸਿਹਤ ਨੂੰ ਚੁਣਨਾ' ਲੇਖ ਵਿਚ ਡਾ. ਦੀਪਤੀ ਨੇ ਦੱਸਿਆ ਹੈ ਕਿ ਬਿਮਾਰੀ ਨਾਲੋਂ ਸਿਹਤ ਦਾ ਜ਼ਿਆਦਾ ਧਿਆਨ ਰੱਖਣਾ ਚਾਹੀਦਾ ਹੈ ਤੇ ਬਿਮਾਰੀ ਠੀਕ ਹੋ ਜਾਂਦੀ ਹੈ। ਬੀਮਾਰ ਆਪਣੇ ਆਪ ਨੂੰ ਤਰਸ ਦਾ ਪਾਤਰ ਨਾ ਬਣਾਵੇ। ਦੋਸਤ ਰੂਹ ਦੀ ਖ਼ੁਰਾਕ ਹੁੰਦੇ ਹਨ। 'ਦਰਦ ਨੂੰ ਚੇਤੇ ਰੱਖਣਾ, ਸਿਆਣਪ ਨਹੀਂ' ਇਸ ਲੇਖ ਵਿਚ ਉਨ੍ਹਾਂ ਨਤੀਜਾ ਕੱਢਿਆ ਹੈ ਕਿ ਦਰਦ ਨੂੰ ਯਾਦ ਰੱਖਣ ਦੀ ਥਾਂ ਸਿੱਖਿਆ ਹੈ ਕਿ 'ਪੀਸ ਵਿਧ ਸੈਲਫ'। ਉਨ੍ਹਾਂ ਜ਼ਿੰਦਗੀ ਵਿਚ ਅਨੇਕਾਂ ਸਿਹਤ ਸੰਬੰਧੀ ਸਮੱਸਿਆਵਾਂ





ਝੇਲੀਆਂ ਹਨ ਪ੍ਰੰਤੂ ਬਿਮਾਰੀਆਂ ਦਾ ਮੁਕਾਬਲਾ ਕਰਨ ਲਈ ਹੌਂਸਲਾ ਅਤੇ ਸ਼ਾਂਤੀ ਬਹੁਤ ਜ਼ਰੂਰੀ ਹੈ। ਉਨ੍ਹਾਂ ਇਹ ਵੀ ਕਿਹਾ ਹੈ, ਇਸ ਕਿੱਤੇ ਵਿਚ ਭ੍ਰਿਸ਼ਟਾਚਾਰ ਭਾਰੂ ਹੋ ਗਿਆ ਹੈ। 'ਸਿਹਤ-ਸਮਾਜ ਦੀ ਸਮਝ ਤੋਂ ਬਿਨਾ ਅਧੂਰੀ' ਸਮਾਜ ਤੁਹਾਡੇ ਬਾਰੇ ਕੀ ਸੋਚਦਾ ਤੇ ਕਹਿੰਦਾ ਹੈ, ਇਸ ਦੀ ਪ੍ਰਵਾਹ ਨਹੀਂ ਕਰਨੀ ਚਾਹੀਦੀ ਪ੍ਰੰਤੂ ਉਨ੍ਹਾਂ ਦਾ ਪ੍ਰਤੀਕਰਮ ਦੇਣਾ ਵੀ ਠੀਕ ਨਹੀਂ। ਇਸ ਚੈਪਟਰ ਵਿਚ ਲੇਖਕ ਦੀ ਮੈਡੀਕਲ ਅਤੇ ਹੋਰ ਪੜ੍ਹਾਈ ਅਤੇ ਉਸ ਦੇ ਰਾਹ ਵਿਚ ਆਉਣ ਵਾਲੀਆਂ ਔਕੜਾਂ ਦਾ ਜ਼ਿਕਰ ਵੀ ਕੀਤਾ ਹੈ। 'ਸਾਹਾਂ ਵਿਚ ਭਰੋਸਾ ਨਹੀਂ, ਭਰੋਸੇ ਵਿਚ ਸਾਹ' ਚੈਪਟਰ ਵਿਚ ਲੇਖਕ ਨੇ ਦੱਸਿਆ ਹੈ ਕਿ ਬਿਮਾਰੀ ਤੋਂ ਡਰਨਾ ਨਹੀਂ ਚਾਹੀਦਾ, ਕੋਈ ਨਿਸ਼ਾਨਾ ਨਿਸ਼ਚਿਤ ਕਰ ਲਓ, ਫਿਰ ਜ਼ਿੰਦਗੀ ਜਿਊਣ ਵਿਚ ਮੁਸ਼ਕਲ ਨਹੀਂ ਆਵੇਗੀ, ਦਿਮਾਗ 'ਤੇ ਬੋਝ ਪਾਉਣਾ ਬਿਮਾਰੀ ਨੂੰ ਵਧਾਉਣਾ ਹੁੰਦਾ ਹੈ। ਕਿਸੇ ਨਾਲ ਬਿਮਾਰੀ ਸਾਂਝੀ ਕਰਨ ਦੀ ਲੋੜ ਨਹੀਂ, ਲੋਕ ਗ਼ੈਰ ਵਿਗਿਆਨਕ ਸਲਾਹਾਂ ਦਿੰਦੇ ਹਨ। ਡਰ ਅਤੇ ਗਿਆਨ ਇਕੱਠੇ ਨਹੀਂ ਰਹਿ ਸਕਦੇ। 'ਸਾਥ, ਵਿਸਵਾਸ਼, ਅਹਿਸਾਸ-ਤੁਰਦੇ ਰਹਿਣ ਦੇ ਸਬੱਬ' ਲੇਖ ਵਿੱਚ ਡਾ. ਦੀਪਤੀ ਨੇ ਦੱਸਿਆ ਹੈ ਕਿ ਸੁਹਾਵਣੀ ਜ਼ਿੰਦਗੀ ਜਿਉਣ ਲਈ ਸੰਤੁਸ਼ਟੀ ਬਹੁਤ ਜ਼ਰੂਰੀ ਹੈ। ਜੋ ਮਿਲ ਗਿਆ ਉਸ 'ਤੇ ਸਬਰ ਕਰੋ। ਫਿਰ ਤੁਸੀਂ ਆਪਣੀ ਮਰਜ਼ੀ ਨਾਲ ਸਾਹਿਤਕ ਸਰਗਰਮੀ ਕਰ ਸਕਦੇ ਹੋ। ਮੈਡੀਕਲ ਕਿੱਤੇ ਵਿਚ ਲਾਲਚ ਭਾਰੂ ਹੋ ਗਿਆ ਹੈ। 'ਦੂਸਰਿਆਂ ਪ੍ਰਤੀ ਫ਼ਿਕਰਮੰਦੀ, ਖ਼ੁਸ਼ੀ ਦੇ ਸੋਮੇ' ਲੇਖ ਐਤਵਾਰ ਦੀਆਂ ਸਰਗਰਮੀਆਂ ਬਾਰੇ ਹੈ, ਜਿਸ ਵਿਚ ਸਕਾਊਟ, ਐੱਨ.ਐੱਸ.ਐੱਸ., ਭਾਰਤ ਗਿਆਨ ਵਿਗਿਆਨ ਸੰਮਤੀ, ਅੰਮ੍ਰਿਤਸਰ ਸਾਇੰਟਿਫਿਕ ਅਵੇਅਰਨੈੱਸ ਗਰੁੱਪ, ਸਾਥੀ ਸੰਸਥਾ, ਤਰਕਸ਼ੀਲ ਸੋਸਾਇਟੀ ਅਤੇ ਮਿੰਨੀ ਕਹਾਣੀ ਮੰਚ ਆਦਿ ਸ਼ਾਮਲ ਹਨ। ਉਨ੍ਹਾਂ ਇਹ ਵੀ ਲਿਖਿਆ ਹੈ ਕਿ ਇਨਸਾਨ ਨੂੰ ਉਸਾਰੂ ਸੋਚ ਵਾਲਾ ਰਹਿਣਾ ਚਾਹੀਦਾ ਹੈ। ਉਸ ਨੂੰ ਜ਼ਿੰਦਗੀ ਵਿਚ ਕਈ ਹਾਦਸੇ ਹੋਏ। ਹਰ ਹਾਲਾਤ ਵਿਚ ਅਡਜਸਟ ਕਰਨਾ ਚਾਹੀਦਾ ਹੈ। 'ਜ਼ਿੰਦਗੀ ਛੁੱਟੀ 'ਤੇ ਨਹੀਂ ਜਾਂਦੀ' ਵਿਚ ਦੱਸਿਆ ਹੈ ਕਿ ਸਮਾਂ ਬਤੀਤ ਕਰਨ ਦੀ ਵਿਉਂਤਬੰਦੀ ਕਰਨੀ ਚਾਹੀਦੀ ਹੈ। ਟਿਕ ਕੇ ਨਾ ਬੈਠੋ, ਕੋਈ ਸਰਗਰਮੀ ਕਰਦੇ ਰਹੋ, ਜਿਵੇਂ ਨਸ਼ਿਆਂ ਸੰਬੰਧੀ ਅਧਿਆਪਕਾਂ ਨੂੰ ਸਿੱਖਿਆ ਦਿੱਤੀ, ਪਿੰਗਲਵਾੜੇ ਨਾਲ ਜੁੜੇ, ਸਮਾਜਿਕ ਸਰੋਕਾਰਾਂ 'ਤੇ ਪੁਸਤਕਾਂ ਪ੍ਰਕਾਸ਼ਤ ਕਰਵਾਈਆਂ ਆਦਿ। 'ਜ਼ਿੰਦਗੀ ਦੀ ਰਵਾਨਗੀ ਲਈ, ਖਾਣ-ਪੀਣ ਦੀ ਚੋਣ' ਵਿਸ਼ੇ ਵਾਲੇ ਲੇਖ ਵਿਚ ਦੱਸਿਆ ਕਿ ਸ਼ੂਗਰ ਰੋਗ ਹੋਣ ਕਰਕੇ ਖਾਣ-ਪੀਣ ਦੀ ਤਰਤੀਬ ਬਣਾਉਣੀ ਜ਼ਰੂਰੀ ਹੁੰਦੀ ਹੈ, ਇਸ ਲਈ ਉਹ ਦੁਪਹਿਰ ਦੀ ਰੋਟੀ ਨਹੀਂ ਖਾਂਦੇ ਪ੍ਰੰਤੂ ਸਲਾਦ, ਦਹੀਂ ਅਤੇ ਸਬਜ਼ੀ ਖਾਂਦਾ ਹਾਂ, ਮਰੀਜ਼ਾਂ ਨੂੰ ਵੀ ਇੰਜ ਹੀ ਕਰਨਾ ਚਾਹੀਦਾ। ਭਾਰ ਵੀ ਘੱਟ ਰੱਖਣਾ ਚਾਹੀਦਾ। 'ਸਾਹਿਤ ਵਿਚ ਮੌਤ ਨੂੰ ਪਛਾੜਨ ਦੀ ਤਾਕਤ' ਵਿਚ ਸਾਹਿਤ ਨੂੰ ਇਨਸਾਨ ਦੀ ਜਿੰਦ-ਜਾਨ ਸਮਝਦਾ ਹੈ, ਜਿਸ ਕਰਕੇ ਇਨਸਾਨ ਰੁੱਝਿਆ ਰਹਿੰਦਾ ਹੈ। ਉਦਾਸੀ ਦੂਰ ਕਰਨ ਲਈ ਸਾਹਿਤ ਪੜ੍ਹੋ। ਸਾਹਿਤ ਦਾ ਰਿਸ਼ਤਾ ਮਨੁੱਖੀ ਤਰੰਗਾਂ ਨਾਲ ਹੈ। ਜੇਕਰ ਇਨਸਾਨ ਸੰਤੁਸ਼ਟ ਹੈ, ਤਾਂ ਬਿਮਾਰੀ ਦਾ ਮੁਕਾਬਲਾ ਕਰਨਾ ਆਸਾਨ ਹੈ। ਸਾਹਿਤ ਜ਼ਿੰਦਗੀ ਦਾ ਰਾਹ ਦਸੇਰਾ ਹੁੰਦਾ ਹੈ। 'ਜ਼ਿੰਦਗੀ ਦਾ ਸਲੀਕਾ-ਵਿਗਿਆਨ ਦਾ ਪੱਲਾ ਫੜਣਾ' ਵਿਚ ਦੱਸਿਆ ਹੈ ਕਿ ਬਿਮਾਰੀ ਦਾ ਡਰ ਰੋਗ ਵਧਾਉਂਦਾ ਹੈ। ਲਾਪ੍ਰਵਾਹ ਨਹੀਂ ਹੋਣਾ, ਕੇਅਰ ਫ੍ਰੀ ਹੋਵੋ, ਬੇਪ੍ਰਵਾਹ। ਕਿਸੇ ਦੀ ਮਦਦ ਕਰਕੇ ਖ਼ੁਸ਼ੀ ਪ੍ਰਾਪਤ ਕਰੋ। ਲੋਕਾਂ ਨੂੰ ਮੈਡੀਕਲ ਮਾਹੌਲ ਵਿਚ ਡਾਕਟਰਾਂ 'ਤੇ ਵਿਸ਼ਵਾਸ ਨਹੀਂ ਰਿਹਾ। 'ਜ਼ਿੰਦਗੀ ਲਈ ਅੜਿੱਕਾ-ਅੰਧ ਵਿਸ਼ਵਾਸ਼' ਲੇਖ ਵਿਚ ਦੱਸਿਆ ਹੈ ਕਿ ਇਹ ਇਕ ਸਮਾਜਿਕ ਬੀਮਾਰੀ ਹੈ। ਜ਼ਿੰਦਗੀ ਨੂੰ ਸਫ਼ਲ ਹੋਣ ਨਹੀਂ ਦਿੰਦਾ। 'ਡਰ ਅਤੇ ਗਿਆਨ ਇਕੱਠੇ ਨਹੀਂ ਰਹਿ ਸਕਦੇ' ਲੇਖ ਵਿਚ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਡਰ ਦਾ ਗਿਆਨ ਨਾਲ ਕੋਈ ਸੰਬੰਧ ਨਹੀਂ। ਡਾ. ਦੀਪਤੀ ਅਨੁਸਾਰ 50 ਸਾਲ ਦੀ ਉਮਰ ਤੋਂ ਬਾਅਦ ਰੋਟੀ ਦੀ ਮਾਤਰਾ ਘਟਾ ਕੇ ਸਬਜ਼ੀਆਂ ਅਤੇ ਫਲ ਫਰੂਟ ਦੀ ਮਿਕਦਾਰ ਵਧਾਉਣੀ ਜ਼ਰੂਰੀ ਹੈ। ਬੱਚਿਆਂ ਨੂੰ ਕੈਰੀਅਰ ਚੁਣਨ ਦੀ ਆਜ਼ਾਦੀ ਦਿਓ ਪ੍ਰੰਤੂ ਮਨੋਰੰਜਨ ਲਈ ਹੱਦ ਮਿੱਥ ਦਿਓ। ਕਿਸੇ ਵੀ ਸਮੱਸਿਆ ਦਾ ਹੱਲ ਆਪ ਲੱਭੋ, ਕਿਸੇ 'ਤੇ ਨਿਰਭਰ ਨਾ ਹੋਵੋ। ਵਿਆਹ, ਸ਼ਾਦੀਆਂ ਵਿਚ ਸਾਦਗੀ ਅਤੇ ਜਾਤ-ਪਾਤ ਤੋਂ ਖਹਿੜਾ ਛੁਡਾਓ। ਡਾ. ਦੀਪਤੀ ਨਾਸਤਕ ਹੈ, ਉਹ ਸਮਝਦਾ ਹੈ ਕਿ ਧਰਮ ਇਨਸਾਨ ਦਾ ਅਕੀਦਾ ਹੈ ਪ੍ਰੰਤੂ ਧਰਮ ਇਨਸਾਨ ਦੀ ਮਦਦ ਕਰਨ ਦੇ ਸਮਰੱਥ ਨਹੀਂ ਹੁੰਦਾ। ਇਨਸਾਨ ਕਿਸੇ ਵੀ ਉਮਰ ਵਿਚ ਕੋਈ ਕੰਮ ਕਰ ਸਕਦਾ ਹੈ, ਬਸ਼ਰਤੇ ਵਚਨਬੱਧਤਾ ਹੋਵੇ। 'ਨੀਂਦ ਨਾਲ ਰਿਸ਼ਤਾ-ਜਦੋਂ ਦਿਨ ਤੋਂ ਪਛਤਾਵਾ ਨਾ ਹੋਵੇ' ਵਿਚ ਲੇਖਕ ਦੱਸ ਰਿਹਾ ਹੈ ਕਿ ਨੀਂਦ ਦੀ ਮਨੁੱਖੀ ਜ਼ਿੰਦਗੀ ਵਿਚ ਮਹੱਤਤਾ ਹੈ, ਕੁਦਰਤੀ ਨੀਂਦ ਆਉਂਦੀ ਹੈ ਪ੍ਰੰਤੂ ਜੇਕਰ ਦਿਨ ਵਿਚ ਤੁਹਾਡੇ ਮਨ 'ਤੇ ਕੋਈ ਬੋਝ ਨਾ ਹੋਵੇ। ਆਖਰੀ ਚੈਪਟਰ 'ਮੇਰਾ ਬਲੱਡ ਗਰੁੱਪ ਬੀ-ਪਾਜ਼ਿਟਿਵ ਹੈ' ਇਸ ਲੇਖ ਵਿਚ ਕਿਸੇ ਪੁਸਤਕ ਦੇ ਹਵਾਲੇ ਨਾਲ ਲੇਖਕ ਦੱਸਦਾ ਹੈ ਕਿ ਬੀ-ਪਾਜ਼ਿਟਿਵ ਘੁਮੱਕੜ ਕਿਸਮ ਦੇ ਲੋਕਾਂ ਦਾ ਹੁੰਦਾ ਹੈ। ਡਾ. ਦੀਪਤੀ ਵੀ ਘੁੰਮਣ ਫਿਰਨ ਵਾਲਾ ਇਨਸਾਨ ਹੈ। ਇਸ ਕਰਕੇ ਉਸਦਾ ਬਲੱਡ ਗਰੁਪ ਬੀ-ਪਾਜ਼ੀਟਿਵ ਹੈ।

176 ਪੰਨਿਆਂ, 100 ਰੁਪਏ ਕੀਮਤ ਵਾਲੀ ਇਹ ਪੁਸਤਕ ਪ੍ਰੇਰਣਾ ਪ੍ਰਕਾਸ਼ਨ ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤੀ ਹੈ।

# ਕਾਮੇਡੀ ਦੇ ਸੁਪਰਸਟਾਰ ਸਨ ਸਤੀਸ਼ ਕੌਸ਼ਿਕ

-ਡਾ. ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ ਨੇੜੇ ਨੈਸ਼ਲੇ,
ਮੋਗਾ-142001
85448-37966 ਤੇ 98557-35666
(Punjab Mail USA)



## ਹਰਿਆਣੇ ਦੇ ਇਕ ਪਿੰਡ 'ਚੋਂ ਨਿਕਲ ਕੇ ਬਣੇ ਸਟਾਰ

ਸਤੀਸ਼ ਕੌਸ਼ਿਕ ਦਾ ਜਨਮ 13 ਅਪ੍ਰੈਲ, 1956 ਨੂੰ ਹਰਿਆਣੇ ਦੇ ਮਹਿੰਦਰ ਗੜ੍ਹ ਪਿੰਡ 'ਚ ਹੋਇਆ ਸੀ। ਉਨ੍ਹਾਂ ਨੇ ਆਪਣੀ ਪੜ੍ਹਾਈ ਹਰਿਆਣਾ ਤੇ ਦਿੱਲੀ ਤੋਂ ਕੀਤੀ ਸੀ। ਸਾਲ 1972 'ਚ ਉਨ੍ਹਾਂ ਨੇ ਦਿੱਲੀ ਦੇ ਕਿਰੋੜੀਮਲ ਕਾਲਜ ਤੋਂ ਡਿਗਰੀ ਕੀਤੀ। ਫਿਰ ਐੱਫ.ਟੀ.ਆਈ.ਆਈ. ਤੋਂ ਐਕਟਿੰਗ ਦੀ ਪੜ੍ਹਾਈ ਕੀਤੀ। 1980 ਦੇ ਆਸਪਾਸ ਆਪ ਨੇ ਫਿਲਮਾਂ 'ਚ ਰੋਲ ਦੀ ਕੋਸ਼ਿਸ਼ਾਂ ਕੀਤੀਆਂ। ਪਰ ਉਨ੍ਹਾਂ ਨੂੰ ਕੋਈ ਕੰਮ ਨਹੀਂ ਮਿਲਿਆ। ਗੁਜ਼ਾਰੇ ਲਈ ਇਕ ਕੰਪਨੀ 'ਚ ਨੌਕਰੀ ਕਰਦੇ ਰਹੇ। ਪਰ 1983 'ਚ ਉਨ੍ਹਾਂ ਨੂੰ ਪਹਿਲੀ ਫਿਲਮ ਮਾਸੂਮ ਬਤੌਰ ਅਸਿਸਟੈਂਟ ਡਾਇਰੈਕਟਰ ਮਿਲੀ।

### ਇਸ ਫਿਲਮ ਤੋਂ ਮਿਲੀ ਪਹਿਚਾਣ


1987 'ਚ ਆਈ ਫਿਲਮ ਮਿਸ਼ਟਰ ਇੰਡੀਆ 'ਚ ਕਲੰਡਰ ਵਾਲੇ ਰੋਲ ਤੋਂ ਪਹਿਚਾਣ ਮਿਲੀ। ਇਸ ਤੋਂ ਬਾਅਦ ਸਤੀਸ਼ ਕੌਸ਼ਿਕ ਨੇ ਤਿੰਨ ਦਹਾਕੇ ਫਿਲਮ ਇੰਡਸਟਰੀ 'ਤੇ ਰਾਜ਼ ਕੀਤਾ। ਉਨ੍ਹਾਂ ਨੂੰ ਫਿਲਮਾਂ ਜਿਵੇਂ ਰਾਮ ਲੱਖਣ, ਸਾਜਨ ਚਲੇ ਸੁਸਰਾਲ ਲਈ ਬੈਸਟ ਕਾਮੇਡੀਅਨ ਦਾ ਦੋ ਵਾਰ ਫਿਲਮ ਫੇਅਰ ਅਵਾਰਡ ਨਾਲ ਨਿਵਾਜਿਆ ਗਿਆ।

### ਯਾਦਗਰ ਫਿਲਮਾਂ

ਉਨ੍ਹਾਂ ਦੀਆਂ ਯਾਦਗਾਰ ਫਿਲਮਾਂ ਜਿਵੇਂ ਜਾਨੇ ਭੀ ਦੋ ਯਾਰੋ, ਉਤਸਵ, ਸਾਗਰ, ਰਾਮ ਲੱਖਣ, ਸਵਰਗ, ਜਮਾਈ ਰਾਜਾ, ਅੰਦਾਜ਼, ਸਾਜਨ ਚਲੇ ਸਸੁਰਾਲ, ਦੀਵਾਨਾ ਮਸਤਾਨਾ, ਮਿਸਟਰ ਐਂਡ ਮਿਸਿਜ਼ ਖਿਲਾੜੀ, ਆਂਟੀ ਨੰਬਰ ਵੰਨ, ਬੜੇ ਮੀਆਂ ਛੋਟੇ ਮੀਆਂ, ਆ ਅਬ ਲੌਟ ਚਲੇ, ਹਸੀਨਾ ਮਾਨ ਜਾਏਗੀ, ਦੁਲਹਨ ਹਮ ਲੈ ਜਾਏਂਗੇ, ਹਦ ਕਰਦੀ ਆਪ ਨੇ, ਕਿਉਂਕਿ ਮੈਂ ਝੂਠ ਨਹੀਂ ਬੋਲਤਾ, ਹਮ ਕਿਸੀ ਸੇ ਕਮ ਨਹੀਂ, ਅਤੀਥੀ ਤੁਮ ਕਬ ਜਾਓਗੇ, ਉਡਤਾ ਪੰਜਾਬ, ਫੰਨੇ ਖਾਂ ਵਰਗੀਆਂ ਫਿਲਮਾਂ 'ਚ ਕੰਮ ਕੀਤਾ।

### ਬਹੁਤ ਮਿਹਨਤੀ ਸਨ

ਸਤੀਸ਼ ਕੌਸ਼ਿਕ ਬਹੁਤ ਮਿਹਨਤੀ ਸਨ। ਉਹਨਾਂ ਦਾ ਵਿਆਹ 1985 'ਚ ਸ਼ਸ਼ੀ ਕੌਸ਼ਿਕ ਨਾਲ ਹੋਇਆ। ਸ਼ਾਦੀ ਦੇ ਕਈ ਸਾਲ ਬਾਅਦ ਬੇਟੇ ਨੇ ਜਨਮ ਲਿਆ। ਪਰ ਦੋ ਸਾਲ ਦੇ ਬੇਟੇ ਦੀ ਮੌਤ ਨੇ ਇਨ੍ਹਾਂ ਨੂੰ ਝੰਜੋੜ ਕੇ ਰੱਖ ਦਿੱਤਾ। ਬੇਟੇ ਦੀ ਮੌਤ ਤੋਂ 16 ਸਾਲ ਬਾਅਦ ਘਰ ਸਰੋਗੇਸੀ ਦੀਆਂ ਕਿਲਕਾਰੀਆਂ ਗੂੰਜੀਆਂ। 67 ਸਾਲ ਦੀ ਉਮਰ 'ਚ ਹਾਰਟ ਅਟੈਕ ਨਾਲ ਨਿਧਨ ਹੋ ਗਿਆ। ਪੂਰੇ ਫਿਲਮੀ ਜਗਤ 'ਚ ਸ਼ੋਕ ਦੀ ਲਹਿਰ ਦੌੜ ਗਈ। ਬੜੀ ਸ਼ਖਤ ਮਿਹਨਤ ਨਾਲ ਉਨ੍ਹਾਂ ਏਡਾ ਵੱਡਾ ਮੁਕਾਮ ਹਾਸਲ ਕੀਤਾ। ਤੁਸੀ ਹਮੇਸ਼ਾਂ ਦਿਲਾਂ 'ਚ ਜਿਉਂਦੇ ਰਹੋਗੇ।



# 'ਯਾਦ ਰੱਖਣ ਯੋਗ ਗੱਲਾਂ'

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325



- ਪੁਰਾਣੇ ਸਮਿਆਂ ਵਿਚ ਲੋਕ ਬਰਾਬਰੀ ਕਰਦੇ ਸਨ ਜਾਂ ਬਰਾਬਰੀ ਕਰਨ ਦੀ ਕੋਸ਼ਿਸ਼। ਅੱਜਕੱਲ੍ਹ ਬਰਾਬਰੀ ਨਾ ਹੋਵੇ, ਤਾਂ ਬਦਖੋਹੀ ਸ਼ੁਰੂ ਕਰ ਦਿੰਦੇ ਹਨ।
- ਜ਼ਬਰਦਸਤੀ ਬਣਾਈਆਂ ਨਜ਼ਦੀਕੀਆਂ ਨਾਲੋਂ ਦੂਰੀਆਂ ਹੀ ਚੰਗੀਆਂ ਹੁੰਦੀਆਂ ਹਨ।
- ਆਪਣਿਆਂ ਨਾਲ ਜਿਊਣ ਦੀ ਚਾਹਤ ਭਾਈਚਾਰਾ ਅਖਵਾਉਂਦੀ ਹੈ ਜਾਂ ਭਾਈਚਾਰਕ ਸਾਂਝ ਪੈਦਾ ਕਰਦੀ ਹੈ। ਵੈਸੇ ਤਾਂ ਸਭ ਜਾਣਦੇ ਹਨ, ਮਰਨਾ ਤਾਂ ਸਭ ਨੇ ਇਕੱਲੇ-ਇਕੱਲੇ ਹੀ ਹੈ।
- ਰੁੱਸੀ ਹੋਈ ਚੁੱਪ ਨਾਲੋਂ ਬੋਲਦੀਆਂ ਸ਼ਿਕਾਇਤਾਂ ਵੱਲ ਧਿਆਨ ਦੇਣ ਵਾਲੇ ਲੋਕ ਬੁੱਧੀਜੀਵੀ ਕਹਾਉਂਦੇ ਹਨ।
- ਮੌਜੂਦਾ ਸਮੇਂ ਦੇ ਨੇਤਾ ਇਹ ਭੁੱਲ ਜਾਂਦੇ ਹਨ ਕਿ ਰਾਜ ਚਲਾਉਣ ਵਾਸਤੇ ਵਫ਼ਾਦਾਰ ਅਤੇ ਕਾਬਲ ਲੋਕਾਂ ਦੀ ਲੋੜ ਹੁੰਦੀ ਹੈ, ਹਥਿਆਰਾਂ ਦੀ ਨਹੀਂ। ਜੇ ਹਥਿਆਰਾਂ ਨਾਲ ਹੀ ਰਾਜ ਕਾਇਮ ਰਹਿਣੇ ਹੁੰਦੇ, ਤਾਂ ਸ਼ੇਰੇ ਪੰਜਾਬ ਮਹਾਰਾਜਾ ਜੀ ਦੀ ਮੌਤ ਤੋਂ ਬਾਅਦ ਹਥਿਆਰਾਂ ਦੀ ਕਮੀ ਤਾਂ ਨਹੀਂ ਸੀ।
- ਔਰਤ ਦੀ ਤਾਕਤ ਨੂੰ ਵੇਖਣਾ ਹੋਵੇ ਤਾਂ ਉਸ ਵੇਲੇ ਵੇਖੋ, ਜਦੋਂ ਉਸ ਦੇ ਬੱਚਿਆਂ 'ਤੇ ਭੀੜ ਬਣੀ ਹੋਵੇ, ਆਪਣੇ ਜਿਉਂਦੇ ਜੀਅ ਬੱਚਿਆਂ ਨੂੰ ਆਂਚ ਨਹੀਂ ਆਉਣ ਦੇਂਦੀ।
- ਬੇਸ਼ੱਕ ਸਰੀਰਕ ਪੋਲੀਓ ਤੋਂ ਬਚਾਅ ਵਾਸਤੇ ਯੂਨੀਸੈਫ ਦੀਆਂ ਬੂੰਦਾਂ ਕਾਰਗਰ ਸਿੱਧ ਹੋਈਆਂ ਹਨ ਪਰ ਰਿਸ਼ਤਿਆਂ ਦੀ ਪੋਲੀਓ ਦਾ ਬਚਾਅ ਤਾਂ ਮਿੱਠੇ ਬੋਲਾਂ ਦੀਆਂ ਬੂੰਦਾਂ ਨਾਲ ਹੀ ਹੁੰਦਾ ਹੈ।

# ਸੁੱਖ-ਸਹੂਲਤਾਂ ਦੇ ਪਾਗਲਪਣ ਵਿਚ ਮਨੁੱਖਤਾ ਨੂੰ ਲਤਾੜਿਆ ਜਾ ਰਿਹਾ ਹੈ

-ਡਾ. ਸਤਿਆਵਾਨ 'ਸੌਰਭ'
ਹਰਿਆਣਾ
ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਆਲ ਇੰਡੀਆ ਰੇਡੀਓ ਅਤੇ ਟੀਵੀ ਪੈਨਲਿਸਟ, ਹਰਿਆਣਾ
ਮੋਬਾਈਲ : 94665-26148, 01255281381
(Punjab Mail USA)



ਨੈਤਿਕ ਮੁੱਲ ਇੱਕ ਵਿਅਕਤੀ ਦੇ ਅੰਦਰ ਸਥਾਈ ਵਿਸ਼ਵਾਸ ਅਤੇ ਵਿਚਾਰ ਹਨ ਅਤੇ ਚੰਗੇ ਜਾਂ ਮਾੜੇ ਲਈ ਤਰਜੀਹ ਨੂੰ ਦਰਸਾਉਂਦੇ ਹਨ। ਅਜੋਕੇ ਸਮੇਂ ਵਿਚ ਬਹੁਤ ਸਾਰੇ ਸਮਾਜਾਂ ਨੇ ਮਨੁੱਖੀ ਜੀਵਨ ਦੇ ਮੁੱਖ ਟੀਚੇ ਵਜੋਂ ਪਦਾਰਥਕ ਦੌਲਤ, ਸ਼ਕਤੀ ਅਤੇ ਰੁਤਬੇ ਨੂੰ ਇਕੱਠਾ ਕਰਨ 'ਤੇ ਜ਼ੋਰ ਦਿੱਤਾ ਹੈ। ਇਸ ਨੇ ਚੰਗੇ ਜੀਵਨ ਦੀ ਇੱਕ ਤੰਗ ਪਰਿਭਾਸ਼ਾ ਵੱਲ ਅਗਵਾਈ ਕੀਤੀ ਹੈ, ਜਿੱਥੇ ਸਫਲਤਾ ਨੂੰ ਪਦਾਰਥਕ ਦੌਲਤ ਇਕੱਠਾ ਕਰਨ ਦੀ ਯੋਗਤਾ ਦੁਆਰਾ ਮਾਪਿਆ ਜਾਂਦਾ ਹੈ, ਅਕਸਰ ਦੂਜਿਆਂ ਦੀ ਕੀਮਤ 'ਤੇ। ਚੰਗੇ ਜੀਵਨ ਦੀ ਸੌੜੀ ਧਾਰਨਾ ਨੈਤਿਕ ਕਦਰਾਂ-ਕੀਮਤਾਂ ਦੇ ਸੰਕਟ ਵੱਲ ਲੈ ਜਾ ਰਹੀ ਹੈ। ਭ੍ਰਿਸ਼ਟਾਚਾਰ ਦੇ ਮੁੱਦੇ ਵਾਂਗ, ਚੰਗੇ ਜੀਵਨ ਦੀ ਇੱਕ ਤੰਗ ਧਾਰਨਾ ਪਾਰਦਰਸ਼ਤਾ, ਨਿਰਪੱਖਤਾ, ਸਮਾਜਿਕ ਜ਼ਿੰਮੇਵਾਰੀ ਅਤੇ ਇਮਾਨਦਾਰੀ ਵਰਗੀਆਂ ਕਦਰਾਂ-ਕੀਮਤਾਂ ਨੂੰ ਖਤਮ ਕਰਨ ਵੱਲ ਲੈ ਜਾਂਦੀ ਹੈ। ਇਸ ਕਾਰਨ ਲੋਕ ਹਿੱਤਾਂ ਦੀ ਥਾਂ ਨਿੱਜੀ ਹਿੱਤਾਂ ਨੂੰ ਬੜ੍ਹਾਵਾ ਦਿੱਤਾ ਗਿਆ ਹੈ। ਜਲਵਾਯੂ ਪਰਿਵਰਤਨ ਨੇ ਸਾਲਾਂ ਦੌਰਾਨ ਕਦੇ ਨਾ ਖ਼ਤਮ ਹੋਣ ਵਾਲੀਆਂ ਮਨੁੱਖੀ ਮੰਗਾਂ ਨੂੰ ਪੂਰਾ ਕਰਨ ਨਾਲ ਗ੍ਰਹਿ ਦੇ ਸਰੋਤਾਂ 'ਤੇ ਬਹੁਤ ਦਬਾਅ ਪਾਇਆ ਹੈ। ਗ੍ਰਹਿ ਬੇਮਿਸਾਲ ਦਰ ਨਾਲ ਗਰਮ ਹੋ ਰਿਹਾ ਹੈ, ਗਲੇਸ਼ੀਅਰ ਪਿਘਲ ਰਹੇ ਹਨ ਅਤੇ ਜੰਗਲੀ ਜੀਵ ਅਲੋਪ ਹੋ ਰਹੇ ਹਨ। ਇਹ ਸਾਰੀਆਂ ਬਿਪਤਾਵਾਂ ਅਤਿ-ਭੌਤਿਕਵਾਦ ਦੇ ਮੋਹ ਕਾਰਨ ਪੈਦਾ ਹੋਈਆਂ ਹਨ।

ਉਦਾਹਰਨ ਲਈ, ਜੋਸ਼ੀਮਠ ਵਿਚ ਸੰਕਟ ਵਾਤਾਵਰਣ ਜਾਂ ਈਕੋਸਿਸਟਮ ਨਾਲੋਂ ਅਰਥ ਸ਼ਾਸਤਰ ਨੂੰ ਚੁਣਨ ਦਾ ਨਤੀਜਾ ਹੈ। ਇਹ ਅਕਸਰ ਕਿਹਾ ਜਾਂਦਾ ਹੈ ਕਿ "ਅਸੀਮਤ ਸ਼ਕਤੀ ਉਨ੍ਹਾਂ ਦੇ ਮਨਾਂ ਨੂੰ ਭ੍ਰਿਸ਼ਟ ਕਰਨ ਲਈ ਢੁਕਵੀਂ ਹੈ, ਜਿਨ੍ਹਾਂ ਕੋਲ ਇਹ ਹੈ"। ਇੱਕ ਤਾਜ਼ਾ ਉਦਾਹਰਨ ਇੱਕ ਸਿਵਲ ਸੇਵਕ ਦੀ ਹੈ, ਜਿਸ ਨੇ ਕੁੱਤੇ ਦੇ ਸੈਰ ਲਈ ਇੱਕ ਖੇਡ ਸਟੇਡੀਅਮ ਨੂੰ ਸਾਫ਼ ਕੀਤਾ ਅਤੇ ਅਥਲੀਟਾਂ ਨੂੰ ਜਾਣ ਲਈ ਕਿਹਾ। ਅੱਜ ਜੇਕਰ ਕਿਸੇ ਨੂੰ ਪੁੱਛਿਆ ਜਾਵੇ ਕਿ ਉਸਦਾ ਟੀਚਾ ਕੀ ਹੈ, ਤਾਂ ਉਹ ਕਹੇਗਾ ਕਿ ਪੈਸਾ। ਉਹ ਇਸ ਨੂੰ ਪ੍ਰਾਪਤ ਕਰਨ ਲਈ ਕੁਝ ਵੀ ਕਰਨ ਦੀ ਇੱਛਾ ਰੱਖਦੇ ਹਨ। ਭਾਵੇਂ ਗਲਤ ਰਾਹ ਅਪਣਾ ਕੇ ਹੀ ਪੂਰਾ ਕਰਨਾ ਪਵੇ। ਪਤਾ ਨਹੀਂ ਕਿੰਨੀਆਂ ਅਜਿਹੀਆਂ ਉਦਾਹਰਣਾਂ ਦੇਖਣ ਨੂੰ ਮਿਲਣਗੀਆਂ, ਜੋ ਇਹ ਦਰਸਾਉਂਦੀਆਂ ਹਨ ਕਿ ਨੌਜਵਾਨਾਂ ਨੇ ਆਪਣੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਆਪਣੇ ਅੰਦਰ ਕਿੰਨਾ ਗਿਰਾਇਆ ਹੈ। ਦੁੱਖ ਦੀ ਗੱਲ ਹੈ ਕਿ ਉਹ ਸ਼ਿਸ਼ਟਾਚਾਰ, ਸੰਸਕ੍ਰਿਤੀ ਅਤੇ ਨੈਤਿਕਤਾ ਨੂੰ ਨਹੀਂ ਪਛਾਣਦੇ ਅਤੇ ਨਾ ਹੀ ਇਨ੍ਹਾਂ ਨੂੰ ਮੰਨਣ ਲਈ ਤਿਆਰ ਹਨ। ਅੱਜ ਦੀ ਨੌਜਵਾਨ ਪੀੜ੍ਹੀ ਪਾਗਲ ਹਾਥੀ ਵਾਂਗ ਤੁਰ ਰਹੀ ਹੈ, ਨੈਤਿਕਤਾ ਅਤੇ ਕਦਰਾਂ-ਕੀਮਤਾਂ ਨੂੰ ਭੁੱਲ ਕੇ ਆਪਣੇ ਰਾਹ ਵਿਚ ਆਉਣ ਵਾਲੀ ਹਰ ਚੀਜ਼ ਨੂੰ ਲਤਾੜ ਰਹੀ ਹੈ। ਉਹ ਇਸ ਗੱਲ ਤੋਂ ਅਣਜਾਣ ਹੈ ਕਿ ਜਦੋਂ ਵੀ ਉਹ ਜ਼ਮੀਨ 'ਤੇ ਡਿੱਗੇਗਾ, ਤਾਂ ਕੀ ਹੋਵੇਗਾ। ਅਜਿਹਾ ਨੈਤਿਕ ਕਦਰਾਂ-ਕੀਮਤਾਂ ਦੀ ਘਾਟ ਕਾਰਨ ਹੀ ਹੋ ਰਿਹਾ ਹੈ।


ਉਹ ਮਹਾਨ ਧਰਤੀ ਜਿਸ 'ਤੇ ਮਰਿਯਾਦਾ ਪੁਰਸ਼ੋਤਮ ਸ਼੍ਰੀਰਾਮ ਅਤੇ ਅਰਜੁਨ ਵਰਗੀਆਂ ਮਹਾਨ ਹਸਤੀਆਂ ਨੇ ਜਨਮ ਲਿਆ। ਅੱਜ ਉਸੇ ਧਰਤੀ ਤੋਂ ਸ਼ਿਸ਼ਟਾਚਾਰ, ਨੈਤਿਕਤਾ ਅਤੇ ਕਦਰਾਂ-ਕੀਮਤਾਂ ਖਤਮ ਹੋ ਰਹੀਆਂ ਹਨ। ਸੰਸਕਾਰ ਸਾਨੂੰ ਸਫਲਤਾ ਦੀਆਂ ਉਚਾਈਆਂ 'ਤੇ ਲੈ ਜਾਂਦਾ ਹੈ। ਜਦੋਂ ਅਸੀਂ ਆਪਣੇ ਆਦਰਸ਼ਾਂ, ਸੱਭਿਆਚਾਰ ਅਤੇ ਉਦੇਸ਼ ਨੂੰ ਭੁੱਲ ਜਾਂਦੇ ਹਾਂ, ਤਾਂ ਸਾਡੇ ਹੱਥ ਸਿਰਫ ਅਸਫਲਤਾਵਾਂ ਆਉਂਦੀਆਂ ਹਨ। ਕੌੜਾ ਸੱਚ ਤਾਂ ਇਹ ਹੈ ਕਿ ਅੱਜ ਦੇ ਨੌਜਵਾਨਾਂ ਨੂੰ ਕਦਰਾਂ-ਕੀਮਤਾਂ, ਆਦਰਸ਼ਾਂ ਅਤੇ ਸਿਧਾਂਤਾਂ ਬਾਰੇ ਪਤਾ ਹੀ ਨਹੀਂ ਹੈ। ਜੇਕਰ ਇਮਾਨਦਾਰੀ ਨਾਲ ਸੋਚੀਏ, ਤਾਂ ਅਨੈਤਿਕਤਾ ਅਤੇ ਬੇਈਮਾਨੀ ਫੈਲਾਉਣ ਵਾਲਾ ਹੋਰ ਕੋਈ ਨਹੀਂ, ਸਗੋਂ ਅਸੀਂ ਹੀ ਹਾਂ। ਸਾਨੂੰ ਉਨ੍ਹਾਂ ਨੂੰ ਬਚਾਉਣ ਲਈ ਵੀ ਕਦਮ ਚੁੱਕਣੇ ਪੈਣਗੇ। ਆਪਣੇ ਬੱਚਿਆਂ ਨੂੰ ਚੰਗੇ ਆਚਰਣ ਅਤੇ ਸਿੱਖਿਆ ਦਿਓ। ਬੱਚਾ ਇਕ ਕੋਰੇ ਕਾਗਜ਼ ਦੀ ਤਰ੍ਹਾਂ ਹੁੰਦਾ ਹੈ, ਉਸ ਕੋਰੇ ਕਾਗਜ਼ 'ਤੇ ਸੱਭਿਆਚਾਰ, ਨੈਤਿਕ ਕਦਰਾਂ-ਕੀਮਤਾਂ ਅਤੇ ਮਰਿਆਦਾ ਦਾ ਲੇਖ ਲਿਖਣਾ ਸਾਡਾ ਫਰਜ਼ ਹੈ। ਅਜੇ ਵੀ ਸਮਾਂ ਹੈ ਅਤੇ ਅੱਜ ਤੋਂ ਹੀ ਸਾਨੂੰ ਇਹ ਸਹੁੰ ਚੁੱਕਣੀ ਪਵੇਗੀ ਕਿ ਨੌਜਵਾਨਾਂ ਨੂੰ ਦੋਸ਼ ਦੇਣ ਦੀ ਬਜਾਏ ਬੱਚਿਆਂ ਨੂੰ ਕਦਰਾਂ-ਕੀਮਤਾਂ, ਨੈਤਿਕਤਾ ਅਤੇ ਸ਼ਿਸ਼ਟਾਚਾਰ ਸਿਖਾਉਣਾ ਚਾਹੀਦਾ ਹੈ। ਅੱਜ ਸਾਧਨਾਂ ਦੀ ਬਜਾਏ ਅੰਤ 'ਤੇ ਧਿਆਨ ਕੇਂਦਰਿਤ ਕਰਦੇ ਹੋਏ, ਧਨ, ਆਧੁਨਿਕ ਐਸ਼ੋ-ਆਰਾਮ ਅਤੇ ਸੰਵੇਦਨਾਤਮਕ ਸੁੱਖਾਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ।

ਇਨ੍ਹਾਂ ਸਾਧਨਾਂ ਦੀ ਪ੍ਰਾਪਤੀ ਲਈ ਤਰਕਸ਼ੀਲ ਸਾਧਨਾਂ ਨੂੰ ਮਹੱਤਵ ਨਹੀਂ ਦਿੱਤਾ ਜਾਂਦਾ, ਜਿਸ ਕਾਰਨ ਨੈਤਿਕ ਕਦਰਾਂ-ਕੀਮਤਾਂ ਨੂੰ ਅਣਗੌਲਿਆ ਕੀਤਾ ਜਾਂਦਾ ਹੈ। ਇਸ ਨਾਲ ਸਮਾਜ ਵਿਚ ਕ੍ਰੋਨੀ ਪੂੰਜੀਵਾਦ, ਘੁਟਾਲੇ, ਅਪਰਾਧ ਅਤੇ ਵਧ ਰਹੀ ਅਸਮਾਨਤਾ ਹੁੰਦੀ ਹੈ। ਚੰਗੇ ਜੀਵਨ ਦੀ ਸੌੜੀ ਧਾਰਨਾ, ਗਾਂਧੀਵਾਦੀ ਸਿਧਾਂਤਾਂ ਦੇ ਵਿਰੁੱਧ ਹੈ, , ਜੋ ਸਮਾਜ ਨੂੰ ਗੰਭੀਰ ਨੁਕਸਾਨ ਪਹੁੰਚਾ ਸਕਦੀ ਹੈ। ਉਦਾਹਰਨ ਲਈ ਕਾਲਾ ਧਨ ਅਤੇ ਟੈਕਸ ਚੋਰੀ – 'ਬਿਨਾਂ ਕੰਮ ਦੇ ਪੈਸੇ' ਦਾ ਨਤੀਜਾ, ਇਸੇ ਤਰ੍ਹਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਦੀ ਬੰਬਾਰੀ – 'ਮਨੁੱਖਤਾ ਤੋਂ ਬਿਨਾਂ ਵਿਗਿਆਨ' ਨੂੰ ਦਰਸਾਉਂਦੀ ਹੈ। ਅਸੰਤੁਸ਼ਟੀ, ਬੇਗਾਨਗੀ, ਅਸ਼ਾਂਤੀ, ਅੰਦੋਲਨ, ਅਸਮਾਨਤਾ, ਅਸਹਿਮਤੀ, ਅਰਾਜਕਤਾ, ਆਦਰਸ਼ਾਂ ਦੀ ਘਾਟ, ਬੇਇਨਸਾਫ਼ੀ, ਜ਼ੁਲਮ, ਅਪਮਾਨ, ਅਸਫਲਤਾ, ਉਦਾਸੀ, ਅਸਥਿਰਤਾ, ਅਨਿਸ਼ਚਿਤਤਾ, ਸੰਘਰਸ਼, ਹਿੰਸਾ... ਇਹ ਸਭ ਅੱਜ ਸਾਡੀ ਜ਼ਿੰਦਗੀ ਨੂੰ ਘੇਰਦੇ ਹਨ। ਸੰਪਰਦਾਇਕਤਾ, ਨਸਲਵਾਦ, ਭਾਸ਼ਾਵਾਦ, ਖੇਤਰੀਵਾਦ, ਵਿਅਕਤੀ ਅਤੇ ਸਮਾਜ ਵਿਚ ਹਿੰਸਾ, ਤੰਗ ਭਾਵਨਾਵਾਂ ਅਤੇ ਸਮੱਸਿਆਵਾਂ ਦਾ ਜ਼ਿੰਮੇਵਾਰ ਕਾਰਨ ਹੈ।

ਜੇਕਰ ਬੱਚਿਆਂ ਦੇ ਵਾਤਾਵਰਨ ਵਿਚ ਨੈਤਿਕਤਾ ਦੇ ਤੱਤ ਪੂਰੀ ਤਰ੍ਹਾਂ ਉਪਲਬਧ ਨਹੀਂ ਹੋਣਗੇ, ਤਾਂ ਜੋ ਤੱਤ ਵਾਤਾਵਰਨ ਵਿਚ ਭਾਰੂ ਹੋਣਗੇ, ਉਹ ਜੀਵਨ ਦਾ ਹਿੱਸਾ ਬਣ ਜਾਣਗੇ। ਇਸੇ ਲਈ ਕਿਹਾ ਜਾਂਦਾ ਹੈ ਕਿ ਕਦਰਾਂ-ਕੀਮਤਾਂ ਨਹੀਂ ਸਿਖਾਈਆਂ ਜਾਂਦੀਆਂ, ਗ੍ਰਹਿਣ ਕੀਤੀਆਂ ਜਾਂਦੀਆਂ ਹਨ। ਨੈਤਿਕ ਕਦਰਾਂ-ਕੀਮਤਾਂ ਦੇ ਸੰਕਟ ਨੂੰ ਹੱਲ ਕਰਨ ਲਈ ਚੰਗੇ ਜੀਵਨ ਦੇ ਸੰਪੂਰਨ ਦ੍ਰਿਸ਼ਟੀਕੋਣ ਨੂੰ ਅੱਗੇ ਵਧਾਉਣ ਦੀ ਲੋੜ ਹੈ। ਜੀਵਨ ਦਾ ਸਹੀ ਅਰਥ ਲੱਭਣ ਲਈ, ਬੁੱਧ ਨੇ ਆਪਣਾ ਘਰ ਅਤੇ ਦੌਲਤ ਛੱਡ ਦਿੱਤੀ। ਰਾਜਾ ਹਰੀਸ਼ਚੰਦਰ, ਮਹਾਤਮਾ ਗਾਂਧੀ ਅਤੇ ਡਾ: ਕਲਾਮ ਦੇ ਜੀਵਨ ਤੋਂ ਸੱਚਾਈ, ਧਾਰਮਿਕਤਾ, ਇਮਾਨਦਾਰੀ ਅਤੇ ਦਇਆ ਦੇ ਮੁੱਲ ਸਿੱਖ ਸਕਦੇ ਹਨ। ਨੈਤਿਕ ਕਦਰਾਂ-ਕੀਮਤਾਂ ਦੇ ਵਿਆਪਕ ਪਹਿਲੂਆਂ 'ਤੇ ਜ਼ੋਰ ਦਿੰਦੇ ਹੋਏ, ਖਾਸ ਤੌਰ 'ਤੇ ਵਿਅਕਤੀਆਂ ਅਤੇ ਸਮੁੱਚੇ ਤੌਰ 'ਤੇ ਸਮਾਜ ਦੀ ਲੰਬੀ ਮਿਆਦ ਦੀ ਭਲਾਈ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ।

# ਪੰਥਕ ਸੋਚ ਦੇ ਧਾਰਨੀ ਸਨ ਮਹਾਰਾਜਾ ਰਣਜੀਤ ਸਿੰਘ ਜੀ

ਪਰਮਜੀਤ ਕੌਰ ਸੋਢੀ
ਭਗਤਾ ਭਾਈ ਕਾ
94786-58384
(Punjab Mail USA)



ਮਹਾਰਾਜਾ ਰਣਜੀਤ ਸਿੰਘ ਜੀ 'ਤੇ ਸਿੱਖ ਕੌਮ ਬਹੁਤ ਮਾਣ ਕਰਦੀ ਹੈ, ਕਿਉਂਕ ਉਹ ਇੱਕਲੇ ਪੰਜਾਬ ਦੇ ਹੀ ਨਹੀਂ, ਬਲਕਿ ਸਾਰੇ ਵਿਸ਼ਵ ਨੂੰ ਇੱਕ ਚੰਗਾ ਹਲੂਣਾ ਦੇਣ ਵਾਲੇ ਇੱਕ ਮਿਲਣਸਾਰ ਸੁਭਾਅ ਵਾਲੇ ਰਾਜਾ ਸਨ। ਨਾ ਹੀ ਤਾਜ ਦਾ ਗੁਮਾਨ ਤੇ ਨਾ ਹੀ ਭਾਰੀਆਂ ਜਗੀਰਾਂ ਦਾ ਹੰਕਾਰ ਸੀ। ਸਗੋਂ ਸਭਨਾਂ ਧਰਮਾਂ ਦਾ ਸਤਿਕਾਰ ਕਰਦੇ ਤੇ ਸਭਨਾਂ ਨੂੰ ਬਰਾਬਰਤਾ ਦਿੰਦੇ। ਉਹ ਆਪਣੇ ਆਪ ਨੂੰ ਰਾਜਾ ਕਹਾਉਣਾ ਨਹੀਂ ਸੀ ਪਸੰਦ ਕਰਦੇ, ਸਗੋਂ ਖਾਲਸਾ ਜੀ ਕਹਾਉਣਾ ਪਸੰਦ ਕਰਦੇ ਸਨ। ਉਹ ਪੰਥਕ ਫੈਸਲੇ ਗੁਰੂ ਸਾਹਿਬ ਜੀ ਦੇ ਨਿਰਦੇਸ਼ਾਂ ਤੋਂ ਹੀ ਲੈਂਦੇ ਸਨ ਤੇ ਆਪਣੀਆਂ ਲਿਖਤਾਂ ਵਿਚ ਸਰਕਾਰ ਖਾਲਸਾ ਜੀ ਹੀ ਲਿਖਦੇ ਸਨ। ਉਹ ਜਿਹੜੀ ਵੀ ਜਿੱਤ ਪ੍ਰਾਪਤ ਕਰਦੇ, ਉਸ ਨੂੰ ਗੁਰੂ ਸਾਹਿਬ ਜੀ ਦੀਆਂ ਬਖਸ਼ਿਸ਼ਾਂ ਹੀ ਕਹਿੰਦੇ ਸਨ। ਜੋ ਵੀ ਸਰਮਾਇਆ ਉਨ੍ਹਾਂ ਕੋਲ ਸੀ, ਉਹ ਦੇਸ਼ ਦੀ ਤੱਰਕੀ ਲਈ ਵਰਤਦੇ ਸਨ। ਉਨ੍ਹਾਂ ਨੇ ਅਜਿਹੀ ਖਾਲਸਾ ਫੌਜ ਤਿਆਰ ਕੀਤੀ, ਜਿਸਨੇ ਅੰਗਰੇਜ਼ ਸਾਮਰਾਜ ਨੂੰ ਹਿਲਾ ਕੇ ਰੱਖ ਦਿੱਤਾ ਸੀ। ਮਹਾਰਾਜਾ ਜੀ ਦੇ ਦਿਲ ਵਿਚ ਪੰਥ ਲਈ ਬਹੁਤ ਪਿਆਰ, ਸਤਿਕਾਰ ਸੀ। ਉਹ ਇੱਕ ਅਜਿਹੇ ਰਾਜਾ ਸਨ, ਜੋ ਆਪਣੀ ਪਰਜਾ ਤੋਂ ਕਦੇ ਬੇਮੁੱਖ ਨਹੀਂ ਸਨ ਹੋਏ। ਐਸੇ ਰਾਜਾ ਦੀ ਹਰ ਕਿਤੇ ਬਹੁਤ ਜ਼ਰੂਰਤ ਹੁੰਦੀ ਹੈ, ਜਿਸ ਨਾਲ ਪਰਜਾ ਆਪਣਾ ਹਰ ਦੁੱਖ-ਸੁੱਖ ਸਾਂਝਾ ਕਰਦੀ ਹੋਵੇ ਤੇ ਪੰਥ ਚੜ੍ਹਦੀ ਕਲਾ ਵੱਲ ਜਾਵੇ। ਸੋ ਮਹਾਰਾਜਾ ਰਣਜੀਤ ਸਿੰਘ ਅਤੇ ਉਨ੍ਹਾਂ ਦੀ ਸੋਚ ਨੂੰ ਸਲਾਮ। ਸੋ ਅੱਜ ਲੋੜ ਹੈ ਮੇਰੇ ਦੇਸ਼ ਨੂੰ ਮਹਾਰਾਜਾ ਰਣਜੀਤ ਸਿੰਘ ਜੀ ਵਰਗੇ ਜਰਨੈਲ ਦੀ, ਜੋ ਪਰਜਾ ਦਾ ਦੁੱਖ ਸੁਣਨ ਅਤੇ ਸਮੱਸਿਆਵਾਂ ਦਾ ਹੱਲ ਆਪਣੀ ਅਗਾਂਹਵਧੂ ਸੋਚ ਨਾਲ ਕਰਨ, ਤਾਂ ਕਿ ਸਾਡਾ ਦੇਸ਼ ਮੁੜ ਫਿਰ ਤੋਂ ਤਰੱਕੀ ਦੀਆਂ ਲੀਹਾਂ 'ਤੇ ਆ ਸਕੇ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥




# ਬਾਲ ਸਾਹਿਤ ਦਾ ਬਹੁਤ ਹੀ ਦਿਲਚਸਪ ਨਾਵਲ ਹੈ 'ਰਿਸ਼ਤਿਆਂ ਦਾ ਨਿੱਘ'

ਰਿਵਿਊਕਾਰ: ਇੰਜੀ. ਸਤਨਾਮ ਸਿੰਘ ਮੱਟੂ
9779708257
(Punjab Mail USA)



ਅਜੋਕੇ ਦੌਰ 'ਚ ਪੰਜਾਬੀ ਸਾਹਿਤ ਦੇ ਖੇਤਰ ਵਿਚ ਲਗਭਗ ਬਹੁਤੇ ਲੇਖਕ ਕਾਵਿ ਸੰਗ੍ਰਹਿ ਨਾਲ ਹੀ ਪ੍ਰਵੇਸ਼ ਕਰਦੇ ਹਨ। ਇਲੈਕਟ੍ਰਾਨਿਕ ਸੋਸ਼ਲ ਮੀਡੀਆ ਨੇ ਪ੍ਰਿੰਟ ਮੀਡੀਆ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਸਿੱਟੇ ਵਜੋਂ ਪਾਠਕਾਂ ਵਿਚ ਪੜ੍ਹਨ ਦੀ ਬੇਹੱਦ ਕਮੀ ਹੋਈ ਹੈ। ਪ੍ਰਕਾਸ਼ਕ ਵੀ ਕਾਵਿ ਸੰਗ੍ਰਹਿ ਨੂੰ ਛਾਪਣ ਵਿਚ ਆਨਾਕਾਨੀ ਕਰਦੇ ਹਨ। ਬਹੁਤੀਆਂ ਪੁਸਤਕਾਂ ਅੱਜਕੱਲ੍ਹ ਕਾਵਿ ਵੇਦਨਾ ਸੰਵੇਦਨਾ ਭਰਪੂਰ ਹੀ ਲੋਕ ਅਰਪਣ ਹੁੰਦੀਆਂ ਹਨ। ਸੋ ਪਾਠਕਾਂ 'ਚ ਪੜ੍ਹਨ ਅਤੇ ਪ੍ਰਕਾਸ਼ਕ ਦੀ ਰੁਚੀ ਦੀ ਘਾਟ ਦੇ ਮੱਦੇਨਜ਼ਰ ਬਹੁਤੀਆਂ ਕਾਵਿ ਸੰਗ੍ਰਹਿ ਕਿਤਾਬਾਂ ਆਮ ਲੋਕਾਂ ਤੱਕ ਪਹੁੰਚਣ ਤੋਂ ਪਹਿਲਾਂ ਹੀ ਦਮ ਤੋੜ ਦਿੰਦੀਆਂ ਹਨ ਅਤੇ ਲੇਖਕ ਨੂੰ ਜਲਦੀ-ਜਲਦੀ ਅਗਲੇਰੀ ਪੁਸਤਕ ਛਾਪਣ ਦਾ ਹੀਆ ਹੀ ਸਾਥ ਨਹੀਂ ਦਿੰਦਾ।

ਪਰ 'ਰਿਸ਼ਤਿਆਂ ਦਾ ਨਿੱਘ' ਵਾਰਤਕ ਬਾਲ ਨਾਵਲ ਦੀ ਲੇਖਿਕਾ ਅਮਰਜੀਤ ਕੌਰ ਮੋਰਿੰਡਾ ਇਸ ਮਾਮਲੇ 'ਚ ਸ਼ਿਰਕਤ ਕਰਕੇ ਹੌਂਸਲੇ ਵਾਲਾ ਕੰਮ ਕਰ ਗਈ ਹੈ।





ਨਾਵਲ : ਰਿਸ਼ਤਿਆਂ ਦਾ ਨਿੱਘ
ਲੇਖਿਕਾ: ਅਮਰਜੀਤ ਕੌਰ ਮੋਰਿੰਡਾ
ਫੋਨ: 7009839007
ਪੰਨੇ: 71
ਕੀਮਤ :150
ਪ੍ਰਕਾਸ਼ਕ:ਗੁੱਡ ਵਿੱਲ ਪਬਲੀਕੇਸ਼ਨ ਮਾਨਸਾ

ਨਾਵਲ ਵਿਚਲੀਆਂ ਘਟਨਾਵਾਂ ਦੀ ਤਰਤੀਬ, ਸਰਲਤਾ, ਸਪੱਸ਼ਟਤਾ, ਮਾਨਵਤਾਵਾਦੀ ਰਿਸ਼ਤਿਆਂ ਦੀ ਪਾਕੀਜ਼ਗੀ, ਪਰਿਵਾਰਕ ਸਾਂਝ ਦਾ ਪ੍ਰਤੀਕ ਸਾਂਝਾ ਪਰਿਵਾਰ, ਰਿਸ਼ਤਿਆਂ ਨੂੰ ਆਂਟੀ ਅੰਕਲ ਤੋਂ ਹੱਟ ਕੇ ਪੰਜਾਬੀ ਸੱਭਿਆਚਾਰਕ ਰਿਸ਼ਤਿਆਂ ਦੇ ਨਾਵਾਂ ਨਾਲ ਦਰਸਾਉਣਾ ਲੇਖਿਕਾ ਦੀ ਸੂਝ-ਬੂਝ ਦਰਿਆਦਿਲੀ ਦਾ ਸਬੂਤ ਹੈ। ਨਾਵਲ ਪੜ੍ਹਦਿਆਂ ਪਾਠਕ ਦੀ ਰੌਚਕਤਾ ਵਧਦੀ ਹੀ ਜਾਂਦੀ ਹੈ, ਕਿਤੇ ਵੀ ਅਕੇਵਾਂ ਬਿਲਕੁਲ ਮਹਿਸੂਸ ਨਹੀਂ ਹੁੰਦਾ। ਨਾਵਲ ਦੇ ਪਾਤਰਾਂ ਨੂੰ ਅਜੋਕੇ ਮੋਬਾਇਲਵਾਦੀ ਕਲਚਰ ਤੋਂ ਦੂਰ ਰੱਖ ਕੇ ਪਿਆਰ, ਸਾਂਝੀਵਾਲਤਾ, ਸਹਿਯੋਗ, ਨਿਮਰਤਾ, ਅਨੁਸ਼ਾਸਨਵਾਦੀ ਬਣਾਕੇ ਪੇਸ਼ਕਾਰੀ ਲੇਖਿਕਾ ਦੀ ਵਿਸ਼ੇਸ਼ਤਾ 'ਚ ਸ਼ਾਮਲ ਹੈ।

ਨਾਵਲ ਨੂੰ ਪੜ੍ਹਦਿਆਂ ਪਾਠਕ ਦਾ ਵਿਚ ਵਿਚਾਲੇ ਛੱਡਣ ਨੂੰ ਮਨ ਨਹੀਂ ਕਰਦਾ। ਪੇਂਡੂ ਮਾਹੌਲ ਨੂੰ ਬਾਲ ਨਾਵਲ ਵਿਚ ਬਹੁਤ ਹੀ ਖ਼ੂਬਸੂਰਤੀ ਨਾਲ ਦਰਸਾ ਕੇ ਅਜੋਕੇ ਫਾਸਟ ਫੂਡ ਪ੍ਰੋਸੈਸਿੰਗ ਦੀ ਥਾਂ ਘਰੇਲੂ ਖਾਣ-ਪੀਣ ਦੀਆਂ ਚੀਜ਼ਾਂ ਦੀ ਵਰਤੋਂ ਨੂੰ ਮਹੱਤਵ ਦਿੱਤਾ ਗਿਆ ਹੈ। ਪੇਂਡੂ ਮਾਹੌਲ, ਪੇਂਡੂ ਖੇਡਾਂ, ਪੇਂਡੂ ਖਾਣੇ, ਸੱਭਿਆਚਾਰਕ, ਧਾਰਮਿਕ, ਸਮਾਜਿਕ ਕਦਰਾਂ-ਕੀਮਤਾਂ ਅਤੇ ਰਹੁ-ਰੀਤਾਂ, ਤਿਉਹਾਰਾਂ ਦੀ ਮਹੱਤਤਾ ਨੂੰ ਸਰਲ ਅਤੇ ਸਪੱਸ਼ਟ ਸ਼ਬਦਾਂ 'ਚ ਦਰਸਾਇਆ ਗਿਆ ਹੈ।

ਇਹ ਬਾਲ ਨਾਵਲ ਬੱਚਿਆਂ ਦੇ ਬੌਧਿਕ ਪੱਧਰ ਮੁਤਾਬਕ ਬਹੁਤ ਹੀ ਰੌਚਿਕ ਅਤੇ ਪ੍ਰਭਾਵਸ਼ਾਲੀ ਹੈ। ਇੱਕ ਵਾਰ ਜ਼ਰੂਰ ਇਹ ਨਾਵਲ ਬੱਚਿਆਂ ਨੂੰ ਪੜ੍ਹਾਉਣ ਲਈ ਯਤਨ ਕਰਨਾ ਚਾਹੀਦਾ ਹੈ, ਇਸ ਨਾਲ ਜਿੱਥੇ ਉਨ੍ਹਾਂ 'ਚ ਸਾਹਿਤ ਪੜ੍ਹਨ ਦੀ ਪ੍ਰਵਿਰਤੀ ਉਤਪੰਨ ਹੋਵੇਗੀ, ਉੱਥੇ ਪੰਜਾਬੀ ਵਿਰਸੇ ਨਾਲ ਜੁੜਨ ਲਈ ਪ੍ਰੇਰਨਾ ਅਤੇ ਉਤਸੁਕਤਾ ਵੀ ਵਧੇਗੀ। ਲੇਖਿਕਾ ਅਮਰਜੀਤ ਕੌਰ ਮੋਰਿੰਡਾ ਦਾ ਸਾਹਿਤ ਦੇ ਇਸ ਖੇਤਰ 'ਚ ਸ਼ਿਰਕਤ ਤੇ ਸ਼ੁਭ ਕਾਮਨਾਵਾਂ।

# ਜ਼ਿੰਦਗੀ ਇਕ ਖ਼ੂਬਸੂਰਤ ਮੌਕਾ




-ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ, ਗੁਰਦਾਸਪੁਰ
(ਪੰਜਾਬ)
98156-25409
(Punjab Mail USA)




ਜ਼ਿੰਦਗੀ ਇਕ ਖ਼ੂਬਸੂਰਤ ਮੌਕਾ ਹੈ। ਕੁਦਰਤ ਨੇ ਚੌਰਾਸੀ ਲੱਖ ਜੂਨ ਦੀ ਜ਼ਿੰਦਗੀ ਨੂੰ ਇਹ ਖ਼ੂਬਸੂਰਤ ਮੌਕਾ ਸਿਰਫ਼ ਤੇ ਸਿਰਫ਼ ਇਕ ਵਾਰੀ ਹੀ ਦੇਣਾ ਹੈ, ਦੁਬਾਰਾ ਨਹੀਂ, ਬਿਲਕੁਲ ਦੁਬਾਰਾ ਨਹੀਂ। ਇਸ ਨੂੰ ਹਰ ਸਾਲ ਅਜਾਈ ਨਹੀਂ ਗਵਾਉਣਾ ਚਾਹੀਦਾ। ਇਸ ਖ਼ੂਬਸੂਰਤ ਮੌਕੇ ਦੇ ਬਿਹਤਰੀਨ ਕੀਮਤੀ ਤੋਹਫ਼ੇ ਦੀਆਂ ਅਨੇਕਾਂ ਦੀ ਦੁਖ-ਸੁੱਖ ਦੀਆਂ ਸ਼ਾਖਾਵਾਂ ਪੁੰਗਰਦੀਆਂ ਰਹਿੰਦੀਆਂ ਹਨ ਅਤੇ ਸਮੇਂ ਨਾਲ ਮਿਟਦੀਆਂ ਵੀ ਰਹਿੰਦੀਆਂ ਹਨ। ਦੁੱਖਾਂ-ਸੁੱਖਾਂ ਦਾ ਸੁਮੇਲ ਦੀ ਇਸ ਨੂੰ ਚਲਾਉਣ ਲਈ ਨਿਸ਼ਚਿਤ ਹੈ। ਕਿਉਂਕਿ ਇਸ ਸਰੀਰ ਉਪਰ ਕਵੀ ਅਵਸਥਾਵਾਂ ਆਉਂਦੀਆਂ ਹਨ। ਇਸ ਤਰ੍ਹਾਂ ਬਚਪਨ, ਜਵਾਨੀ, ਪੌੜ੍ਹਤਾ, ਬੁਢਾਪਾ, ਇਹ ਸਰੀਰਕ ਕਿਰਿਆਵਾਂ ਨਿਸ਼ਚਿਤ ਹਨ।

ਅਗਰ ਜੋ ਮੌਕੇ ਤੁਹਾਨੂੰ ਮਿਲਦੇ ਹਨ, ਜਿਨ੍ਹਾਂ ਵਿਚ ਖ਼ੂਬਸੂਰਤੀ ਦੇ ਅਰਥ ਹੁੰਦੇ ਹਨ, ਉਨ੍ਹਾਂ ਨੂੰ ਅਪਣਾਉਣ ਲਈ ਜ਼ੁਰਅੱਤ, ਮਿਹਨਤ, ਲਗਨ, ਸੰਘਰਸ਼, ਸਮਤਲ ਸੋਚ ਅਤੇ ਉਸ ਪਰਵਰਦਿਗਾਰ ਦਾ ਆਸ਼ੀਰਵਾਦ ਹੋਣਾ ਜ਼ਰੂਰੀ ਹੈ। ਕੁਝ ਲੋਕ ਇਨ੍ਹਾਂ ਮੌਕਿਆਂ ਨੂੰ ਪਾਉਣ ਲਈ ਨਿਝਕ, ਡਰ ਰਹਿਤ ਹੋ ਕੇ ਪਹਿਲ ਕਰ ਲੈਂਦੇ ਹਨ ਅਤੇ ਕੁਝ ਲੋਕ ਸ਼ਰਮਿੰਦਗੀ ਜਾਂ ਝਾਕੇ ਜਾਂ ਡਰ ਜਾਂ ਵਿਪਰੀਤ ਸਥਿਤੀਆਂ ਦੀ ਵਜ੍ਹਾ ਕਰਕੇ ਮੌਕਾਂ ਗਵਾ ਲੈਂਦੇ ਹਨ। ਇਸ ਕਰਕੇ ਉਨ੍ਹਾਂ ਨੂੰ ਸਾਰੀ ਉਮਰ ਪਛਤਾਵਾ ਰਹਿੰਦਾ ਹੈ ਕਿਉਂਕਿ ਪ੍ਰਾਪਤੀਆਂ ਪਾਉਣਾ ਉਮਰ ਦੇ ਤਕਾਜ਼ੇ ਉਪਰ ਨਿਰਭਰ ਕਰਦਾ ਹੈ। ਢਲਦੀ ਉਮਰ ਤੁਹਾਡਾ ਸਾਥ ਨਹੀਂ ਦੇ ਸਕਦੀ, ਇਹ ਕੁਦਰਤ ਦਾ ਨਿਯਮ ਹੈ। ਕਿਉਂਕਿ ਸਮਾਂ ਬੜਾ ਬਲਵਾਨ ਹੈ, ਇਹ ਕਿਸੇ ਦੇ ਹੱਥ ਨਹੀਂ ਆਉਂਦਾ, ਜੋ ਬੀਤ ਗਿਆ, ਉਹ ਵਾਪਸ ਨਹੀਂ ਆ ਸਕਦਾ। ਇਹ ਕੁਦਰਤੀ ਦੀ ਅਟੱਲ ਸੱਚਾਈ ਹੈ। ਇਸ ਉਪਰ ਕੋਈ ਵਿਗਿਆਨ ਵੀ ਰੋਕ ਨਹੀਂ ਲਗਾ ਸਕਦਾ। ਕੁਦਰਤ ਕੋਲ ਜੋ ਕੁਝ ਹੈ, ਮਨੁੱਖ ਇਸ ਨੂੰ ਬਦਲ ਨਹੀਂ ਸਕਦਾ। ਉਸ ਨੂੰ ਖ਼ੂਬਸੂਰਤ ਬਣਾਉਣ ਲਈ ਵਾਧਾ ਜ਼ਰੂਰ ਕਰ ਸਕਦਾ ਹੈ।

ਇਸ ਮੌਕੇ ਵਿਚ ਸਵਰਗ ਵੀ ਹੈ ਅਤੇ ਨਰਕ ਵੀ ਹੈ। ਪਤਝੜ ਵੀ ਅਤੇ ਬਹਾਰ ਵੀ ਹੈ। ਉਨਤੀ ਵੀ ਗਿਰਾਵਟ ਵੀ। ਸ਼ਕਤੀ ਭਗਤੀ ਅਤੇ ਦੁਰਬਲਤਾ ਵੀ। ਉਦਾਸੀਨਤਾ ਅਤੇ ਦੀਨਤਾ ਵੀ।

ਸੂਰਚ ਚੰਦ ਸਿਤਾਰੇ, ਧਰਤੀ ਇਸ ਮੌਕੇ 'ਤੇ ਪੂਰਨ ਗਵਾਹ ਹਨ।

ਸੂਰਜ ਚੰਨ ਸਿਤਾਰੇ ਅਤੇ ਧਰਤੀ ਮੌਕਾ ਨਹੀਂ, ਦ੍ਰਿਸ਼ ਰੂਪ ਵਿਚ ਚਿਰੰਜੀਵ ਹਨ, ਜੋ ਕਦੀ ਮਰਦੇ ਨਹੀਂ, ਪਰ ਜ਼ਿੰਦਗੀ ਇਕ ਮੌਕਾ ਪਾ ਕੇ ਅਦ੍ਰਿਸ਼ ਹੋ ਜਾਂਦੀ ਹੈ।

ਹਰ ਤਰ੍ਹਾਂ ਦਾ ਸਾਹਿਤ ਅਤੇ ਹਰ ਤਰ੍ਹਾਂ ਦਾ ਵਿਗਿਆਨ (ਪ੍ਰਾਪਤੀਆਂ) ਇਕ ਮੌਕੇ ਦੇ ਸਮੇਂ ਨੂੰ ਕੈਦ ਕਰ ਲੈਂਦਾ ਹੈ। ਸਾਹਿਤ ਹੀ ਮੌਕੇ ਦੇ ਸਮੇਂ ਨੂੰ ਕੈਦ ਕਰ ਸਕਦਾ ਹੈ। ਸ਼ਬਦਾਂ ਦੀ ਮੁੱਠੀ ਵਿਚ ਬੰਦ ਕਰ ਸਕਦਾ ਹੈ ਅਤੇ ਕਰ ਲੈਂਦਾ ਹੈ। ਵਿਗਿਆਨਕ ਖੋਜਾਂ ਅਤੇ ਕਾਢਾਂ ਸਮੇਂ ਨੂੰ ਮੁੱਠੀ ਵਿਚ ਬੰਦ ਕਰ ਲੈਂਦੀਆਂ ਹਨ ਪਰ ਮਨੁੱਖ ਨੂੰ ਜ਼ਿੰਦਗੀ ਦਾ ਮੌਕਾ ਇਕ ਵਾਰ ਹੀ ਮਿਲਦਾ ਹੈ। ਇਸ ਪਿੱਛੇ ਲਗਨ, ਸ਼ਕਤੀ, ਭਗਤੀ, ਸੰਘਰਸ਼, ਉਦਮ, ਕਰਮਠਤਾ, ਧੀਰਜ਼, ਨਿਸ਼ਚਾ, ਇਮਾਨਦਾਰੀ, ਮਿਹਨਤ, ਸਾਕਾਰਤਮਿਕ ਸੋਚ ਅਤੇ ਵਿਵੇਕਸ਼ੀਲਤਾ ਦੀ ਜ਼ਰੂਰਤ ਹੁੰਦੀ ਹੈ।

ਕਈ ਲੋਕ ਮੌਕੇ ਲੱਭ ਲੈਂਦੇ ਹਨ ਅਤੇ ਕਈਆਂ ਨੂੰ ਮੌਕੇ ਲੱਭਣੇ ਨਹੀਂ ਆਉਂਦੇ। ਮੌਕੇ ਦੀ ਇਬਾਰਤ, ਇਬਾਦਤ ਮਿਲਣਾ ਕੁਦਰਤ ਉਪਰ ਵੀ ਨਿਰਭਰ ਕਰਦਾ ਹੈ।

ਖ਼ੂਬਸੂਰਤ ਮੰਜ਼ਿਲ ਪਾਉਣੀ ਹੋਵੇ, ਤਾਂ ਨੀਂਦ ਨਹੀਂ ਆਉਂਦੀ। ਮਿਹਨਤ, ਮਜਬੂਰ ਕਰਦੀ ਹੈ। ਮੌਕੇ ਵਲਵਲੇ ਲੈਂਦੇ ਹਨ। ਮੰਜ਼ਿਲ ਪਾਉਣੀ ਹੋਵੇ, ਤਾਂ ਹਿਰਦੇ ਵਿਚ ਇਕ ਰੋੜਾ ਪਾਰੇ ਵਾਂਗ ਰੜਕਦਾ ਰਹਿੰਦਾ ਹੈ।

ਇਸ ਖ਼ੂਬਸੂਰਤ ਮੌਕੇ ਵਿਚ ਬਹੁਤ ਕੁਝ ਤੁਹਾਡੇ ਉਪਰ ਨਿਰਭਰ ਕਰਦਾ ਹੈ ਅਤੇ ਬਹੁਤ ਕੁਝ ਕੁਦਰਤ ਉਪਰ ਹੀ ਨਿਰਭਰ ਕਰਦਾ ਹੈ। ਹਾਲਾਤਾਂ ਅਤੇ ਘਟਨਾਵਾਂ ਦੀਆਂ ਪਰਸਥਿਤੀਆਂ ਵੀ ਮੌਕੇ ਨੂੰ ਨਿਰਭਰ ਕਰਦੀਆਂ ਹਨ। ਸੰਭਲ ਕੇ ਉਠਣਾ ਅਤੇ ਫਿਰ ਉਸੇ ਹੀ ਰਫ਼ਤਾਰ ਦੇ ਕਦਮਾਂ ਵਿਚ ਚਲਣਾ ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣ ਦੇ ਅਰਥ ਮਿਲਦੇ ਹਨ।

ਕਈ ਵਾਰ ਮੌਕਾ ਤੁਹਾਡੀ ਦਹਿਲੀਜ਼ ਉਪਰ ਖ਼ੁਦ ਬ-ਖ਼ੁਦ ਹੀ ਆ ਜਾਂਦਾ ਹੈ ਪਰ ਤੁਸੀਂ ਆਪਣੀ ਨਾਲਾਇਕੀ, ਆਲਸ ਜਾਂ ਭੈਅ ਜਾਂ ਨਾਸਮਝੀ ਜਾਂ ਜ਼ੁਰਅੱਤ ਨਾ ਹੋਣ ਕਰਕੇ ਛੱਡ ਦਿੰਦੇ ਹੋ। ਅਲਬੱਤਾ ਇਸ ਦੀ ਅਪ੍ਰਾਪਤੀ ਸਾਰੀ ਉਮਰ ਪੈਰ੍ਹ ਵਿਚ ਫਸੇ ਤਿੱਖੇ ਨੋਕਦਾਰ ਕੰਡੇ ਦੀ ਚੀਸ ਵਾਂਗ ਚੁੱਭਦੀ ਰਹਿੰਦੀ ਹੈ, ਇਸ ਵਿਚ ਲਹੂ ਤਾਂ ਨਹੀਂ ਸਿਮਦਾ ਪਰ ਦਰਦ ਭਰੀ ਟੀਸ ਛਲਦੀ ਰਹਿੰਦੀ ਹੈ।

ਦੁਨੀਆਂ ਵਿਚ ਜਿੰਨੇ ਵੀ ਮਹਾਨ ਪ੍ਰਾਪਤੀਆਂ ਯੁਕਤ ਵਿਅਕਤੀ ਹੋਏ ਹਨ, ਉਨ੍ਹਾਂ ਨੇ ਮੌਕੇ ਦਾ, ਸਮੇਂ ਦਾ ਪੂਰਾ-ਪੂਰਾ ਫਾਇਦਾ ਲੈ ਕੇ ਉਚ ਦਰਜ਼ੇ ਦੇ ਕੀਰਤੀਮਾਨ ਸਥਾਪਿਤ ਕੀਤੇ ਅਤੇ ਬਹੁਤ ਸਾਰੇ ਲੋਕ ਏਦਾਂ ਦੇ ਵੀ ਹਨ, ਜਿਨ੍ਹਾਂ ਨੇ ਕੁਝ ਮਜਬੂਰੀਆਂ, ਲਾਚਾਰੀਆ ਕਰਕੇ ਖ਼ੂਬਸੂਰਤ ਮੌਕੇ ਛੱਡ ਦਿੱਤੇ ਜਾਂ ਛੱਡਣੇ ਪਏ। ਉਨ੍ਹਾਂ ਮੌਕੇ ਦੇ ਰਸਤਿਆਂ ਨੂੰ ਅਪਣਾਇਆ ਹੀ ਨਹੀਂ, ਬਲਕਿ ਉਹ ਮੰਜ਼ਿਲ ਤੋਂ ਵੀ ਵਾਂਝੇ ਰਹਿ ਗਏ। ਇਹ ਨਹੀਂ ਕਿ ਉਨ੍ਹਾਂ ਲੋਕਾਂ ਕੋਲ ਉੱਚ ਕੋਟੀ ਦਾ ਦਿਮਾਗ ਜਾਂ ਵਿਵੇਕਸ਼ੀਲਤਾ ਨਹੀਂ ਸੀ ਜਾਂ ਵਿਦਿਆ ਨਹੀਂ ਸੀ। ਅਲਬੱਤਾ ਉਨ੍ਹਾਂ ਨੇ ਸਿਰਫ਼ ਤੇ ਸਿਰਫ਼ ਜ਼ੁਰਅੱਤ ਅਤੇ ਦਲੇਰੀ ਨੂੰ ਨਹੀਂ ਵਰਤਿਆ।

ਝਾਕਾ ਅਤੇ ਡਰ ਮਨੁੱਖ ਨੂੰ ਕਮਜ਼ੋਰ ਕਰ ਦਿੰਦਾ ਹੈ। ਜਿਸ ਵਿਅਕਤੀ ਵਿਚ ਸਾਕਾਰਤਮਕ ਡਰ ਹੈ, ਉਹ ਅੱਗੇ ਵਧਦਾ ਹੈ। ਜਿਸ ਵਿਚ ਨਾਕਾਰਤਮਕ ਡਰ ਹੈ, ਉਹ ਬੰਦਾ ਕਦੀ ਵੀ ਆਪਣੀ ਮੰਜ਼ਿਲ ਤੱਕ ਨਹੀਂ ਪਹੁੰਚ ਸਕਦਾ, ਕਿਉਂ? ਕਿਉਂਕਿ ਨਾਕਾਰਤਮਕ ਡਰ ਵਿਚ ਸਾਹਮਣਾ ਕਰਨ ਦੀ ਜ਼ੁਰਅੱਤ ਨਹੀਂ ਹੁੰਦੀ। ਮੰਜ਼ਿਲ ਦਿੱਸਦੀ ਹੈ ਪਰ ਉਨ੍ਹਾਂ ਦੇ ਕੰਡਿਆਲੇ ਰਾਹਾਂ ਤੋਂ ਘਬਰਾ ਕੇ ਅੱਗੇ ਨਹੀਂ ਜਾਂਦਾ ਪਰ ਜੋ ਵਿਅਕਤੀ ਇਸ ਨਾਕਰਾਤਮਕ ਡਰ ਤੋਂ ਸੁਚੇਤ ਹੋ ਕੇ ਸਾਕਰਾਤਮਕ ਡਰ ਅਪਣਾ ਲੈਂਦੇ ਹਨ। ਭੈਅ ਦਾ ਸਦਉਪਯੋਗ ਕਰਦੇ ਹਨ, ਉਹ ਕੰਡਿਆਲੇ ਰਾਵਾਂ ਦੇ ਕੰਡੇ ਇਕ ਪਾਸੇ ਕਰਕੇ ਅਪਣਾ ਰਸਤਾ ਬਣਾ ਲੈਂਦੇ ਹਨ। ਕਿਉਂਕਿ ਇਹ ਕੰਡੇ ਇਕ ਪਾਸੇ ਕਰਨ ਲਈ ਬੁੱਧੀ, ਦਿਮਾਗ, ਸਮਾਂ, ਦਲੇਰੀ ਚਾਹੀਦੀ ਹੈ। ਹੱਥ ਲਹੂ-ਲੂਹਾਣ ਵੀ ਹੋ ਸਕਦੇ ਹਨ ਪਰ ਉਹ ਲੋਕ ਮੰਜ਼ਿਲ ਪਾ ਲੈਂਦੇ ਹਨ। ਇਸ ਵਿਚ ਸਮਾਂ ਜ਼ਰੂਰੀ ਬੰਨਣਾ ਪੈਂਦਾ ਹੈ। ਇਸ ਵਿਚੋਂ ਸੁੱਖ ਦੀਆਂ ਪ੍ਰਾਪਤੀਆਂ ਦੀਆਂ ਕਰੂੰਬਲਾਂ ਫੁੱਟਦੀਆਂ ਹਨ, ਇਨ੍ਹਾਂ ਦੇ ਅਕੁੰਰ 'ਚੋਂ ਅਨੇਕਾਂ ਹੀ ਬੀਜ ਪੈਦਾ ਹੁੰਦੇ ਹਨ।

ਜ਼ਿੰਦਗੀ ਦਾ ਮੌਕਾ ਇਕ ਵਾਰੀ ਹੀ ਮਿਲਦਾ ਹੈ, ਤੁਸੀਂ ਉਮਰ ਦੇ ਤਕਾਜ਼ੇ ਵਿਚ ਜੋ ਬਣ ਗਏ, ਸੋ ਬਣ ਗਏ। ਕਈ ਮਨੁੱਖ ਮੌਕਿਆਂ ਦੀ ਤਲਾਸ਼ ਵਿਚ ਰਹਿੰਦੇ ਹਨ ਅਤੇ ਪ੍ਰੋੜ ਉਮਰ ਵਿਚ ਜਾ ਕੇ ਸਮੇਂ ਨੂੰ ਬੰਨ੍ਹ ਲੈਂਦੇ ਹਨ। ਆਪਣੀ ਸਮਤਲ ਸੋਚ ਨਾਲ ਸਿੱਖਣ ਅਤੇ ਮੰਨਣ ਦੀ ਭਾਵਨਾ ਨਾਲ। ਅੱਗੇ ਵਧਣਾ ਸ਼ੁਰੂ ਕਰਦੇ ਹਨ। ਸਿੱਖ-ਸਿੱਖ ਕੇ ਪੜ੍ਹ-ਪੜ੍ਹ ਕੇ, ਉਸਤਾਦਾਂ ਦੀ ਮਦਦ ਨਾਲ ਮੰਜ਼ਿਲ ਤੱਕ ਜਾ ਪਹੁੰਚਦੇ ਹਨ।

ਪਰ ਵਡੇਰੀ ਉਮਰ ਵਿਚ ਜਾ ਕੇ ਮੰਜ਼ਿਲ ਨੂੰ ਪਾਉਣਾ ਆਸਾਨ ਨਹੀਂ ਹੁੰਦਾ। ਕੋਈ ਵਿਰਲਾ, ਟਾਂਵਾ ਮਨੁੱਖ ਹੀ ਤਰੱਕੀ ਦੀਆਂ ਮੰਜ਼ਿਲਾਂ ਛੂਹ ਸਕਦੇ ਹਨ ਜਾਂ ਕਹਿ ਲਿਆ ਜਾਵੇ ਕਿ ਸਮਾਂ ਉਨ੍ਹਾਂ ਦੇ ਹੱਕ ਵਿਚ ਅਤੇ ਉਹ ਸਮੇਂ ਦੇ ਹੱਕ ਵਿਚ ਕਿਸਮਤ ਦਾ ਸਹਾਰਾ ਲੈ ਲੈਂਦੇ ਹਨ।

ਇਸ ਮੌਕੇ ਦੇ ਅਮੀਰੀ ਅਤੇ ਗ਼ਰੀਬੀ ਦੇ ਦੋ ਪਹਿਲੂ ਹਨ। ਇਨ੍ਹਾਂ ਵਿਚ ਦੁੱਖ-ਸੁੱਖ ਸਾਂਝਾ ਹੁੰਦਾ ਹੈ, ਉਮਰ ਦੇ ਤਕਾਜ਼ੇ ਸਾਂਝੇ ਹੁੰਦੇ ਹਨ। ਕਈ ਵਿਅਕਤੀ ਗ਼ਰੀਬੀ 'ਚੋਂ ਉਠ ਕੇ ਬੁਲੰਦੀਆਂ ਸ਼ੁਹਰਤ ਅਤੇ ਉਚੇ ਪਦ ਨੂੰ ਹਾਸਲ ਕਰ ਗਏ ਪਰ ਕਈ ਅਮੀਰ ਵਿਅਕਤੀ ਹਾਲਾਤਾਂ ਦੀ, ਘਟਨਾਵਾਂ ਦੀ ਹਨੇਰੀ ਵਿਚ ਬਰਾਬਰ ਹੋ ਕੇ ਗ਼ਰੀਬੀ ਦੀ ਦਲਦਲ ਵਿਚ ਧੱਸ ਗਏ। ਇਹ ਸਾਰਾ ਸਮੇਂ-ਸਮੇਂ ਮੌਕੇ ਦਾ ਖੇਲ ਹੈ।

ਜ਼ਿੰਦਗੀ ਬਹੁਤ ਛੋਟੀ ਹੈ, ਜਿਵੇਂ ਖ਼ੂਬਸੂਰਤ ਫੁੱਲ ਦੀ ਪੱਤੀ ਦੀ ਨੋਕ 'ਤੇ ਖੜ੍ਹੀ ਸ਼ਬਨਮ।

ਤੁਸੀਂ ਕੀ ਬਣਨਾ ਚਾਹੁੰਦੇ ਹੋ? ਬਣ ਸਕਦੇ ਹੋ, ਪਰ ਤੁਹਾਨੂੰ ਚੰਗੀ, ਸੱਚੀ-ਸੁੱਚੀ, ਈਮਾਨਦਾਰੀ ਵਾਲੀ ਰਹਿਬਰੀ ਵਿਵੇਕਸ਼ੀਲਤਾ ਅਤੇ ਉਦਮ ਦੀ ਜ਼ਰੂਰਤ ਹੈ, ਜਿਸ ਤਰ੍ਹਾਂ ਇਕ ਬੀਜ਼ ਤੋਂ ਬਾਅਦ ਪੁੰਗਰਦੇ ਪੌਦੇ ਨੂੰ ਮਾਲੀ ਦੀ, ਸੂਰਜ ਦੀ, ਪਾਣੀ ਦੀ, ਖ਼ਾਦ ਆਦਿ ਦੀ ਜ਼ਰੂਰਤ ਹੁੰਦੀ ਹੈ।

ਪ੍ਰੇਰਣਾ ਅਤੇ ਉਤਸ਼ਾਹ ਤਰੱਕੀ ਦਾ ਮੂਲ ਮੰਤਰ ਹੈ। ਅਗਰ ਇਹ ਦੋਵੇਂ ਈਮਾਨਦਾਰੀ ਵਾਲੇ ਮਿਲ ਜਾਣ, ਤਾਂ ਸਰਵੋਤਮ ਕੀਰਤੀਮਾਨ ਪੈਦਾ ਕੀਤੇ ਜਾਂਦੇ ਹਨ। ਮਾਂ ਤੋਂ ਲੈ ਕੇ ਭਗਵਾਨ ਤੱਕ ਪ੍ਰੇਰਣਾ ਅਤੇ ਉਤਸ਼ਾਹ ਬਲਪੂਰਵਕ ਮਿਲੇ, ਤਾਂ ਮੌਕਿਆਂ ਵਿਚ ਬੁਲੰਦੀ ਆ ਜਾਂਦੀ ਹੈ।

ਦੋਸਤੋ, ਖ਼ੁਸ਼ੀ ਪ੍ਰਮਾਤਮਾ ਨਹੀਂ ਦਿੰਦਾ, ਖ਼ੁਸ਼ੀ ਤੁਹਾਨੂੰ ਲਭਣੀ ਪੈਂਣੀ ਹੈ, ਘਰ 'ਚੋਂ, ਬਾਹਰ 'ਚੋਂ, ਸਬਰ, ਅੰਬਰ, ਧਰਤੀ, ਦਰਿਆ, ਮਨੁੱਖ, ਆਲੇ-ਦੁਆਲੇ ਵਿਚੋਂ, ਪ੍ਰਮਾਤਮਾ ਦਾ ਤਾਂ ਸਿਰਫ਼ ਆਸੀਰਵਾਦ ਸਭ ਲਈ ਹੁੰਦਾ ਹੈ।

ਇਹ ਖ਼ੂਬਸੂਰਤ ਤਨ ਹੀ ਤੁਹਾਡਾ ਪ੍ਰਮਾਤਮਾ ਹੈ, ਤੁਹਾਡਾ ਪੁੱਤਰ ਹੈ, ਤੁਹਾਡਾ ਦੋਸਤ ਹੈ, ਹੋਰ ਕੋਈ ਨਹੀਂ। ਤੜਕ ਸਵੇਰੇ ਉਠੋ, ਸ਼ੀਸ਼ੇ ਮੁਹਰੇ ਖੜ੍ਹ ਕੇ ਇਸ ਸਰੀਰ ਨੂੰ ਗਹੁ ਨਾਲ ਵੇਖੋ ਤੇ ਸੋਚੋ ਇਹ ਮੌਕਾ ਇਕ ਵਾਰੀ ਹੀ ਮਿਲਿਆ ਹੈ। ਫਿਰ ਇਸ ਨੂੰ ਪੁੱਤਰਾਂ ਵਾਂਗ ਪਿਆਰ ਕਰੋ, ਲਾਡੀਆਂ ਕਰੋ, ਇਸ ਨਾਲ ਗੱਲਾਂ ਕਰੋ, ਦੈਨਿਕ ਕਾਰਜ ਦੀ ਸ਼ੁਰੂਆਤ ਇਸ ਤੋਂ ਸ਼ੁਰੂ ਕਰੋ, ਇਸ ਤੋਂ ਪੁੱਛੋਂ ਕਿ ਤੂੰ ਕੀ ਕਰਨਾ? ਕੀ ਖਾਣਾ ਹੈ? ਕੀ ਪਹਿਨਣਾ ਹੈ? ਆਦਿ ਇਹ ਹੀ ਤੁਹਾਡਾ ਅਸਲੀ ਰੱਬ ਹੈ। ਇਸ 'ਚੋਂ ਹੀ ਸਾਰੇ ਮੌਕੇ ਮਿਲਦੇ ਹਨ। ਇਹ ਹੀ ਤਰੱਕੀ ਦਾ ਸੂਤਰਧਾਰ ਹੈ, ਇਸ ਨੂੰ ਵੱਸ ਕਰ ਲਿਆ ਜਾਵੇ, ਤਾਂ ਉੱਚ ਦਰਜੇ ਦੀ ਸਫ਼ਲਤਾ ਤੁਹਾਡੇ ਪੈਰ੍ਹ ਚੁੰਮੇਗੀ।

ਕਦਰਾਂ-ਕੀਮਤਾਂ ਦਾ ਵਿਕਾਸ ਪਰਿਵਾਰ ਹੀ ਹੁੰਦਾ ਹੈ, ਇਸ ਤੋਂ ਸਪੱਸ਼ਟ ਹੈ ਕਿ ਕਦਰਾਂ-ਕੀਮਤਾਂ ਦੁਆਰਾ ਸਭ ਪ੍ਰਕਾਰ ਦੀਆਂ ਚੀਜ਼ਾਂ, ਭਾਵਨਾਵਾਂ, ਵਿਚਾਰ, ਗੁਣ, ਕਿਰਿਆ, ਪਦਾਰਥ, ਵਿਅਕਤੀ ਸਮੂਹ ਅਤੇ ਤੱਥਾਂ ਆਦਿ ਦਾ ਮੁਲਾਂਕਣ ਕੀਤਾ ਜਾਂਦਾ ਹੈ।

ਜੀਵਨ, ਜੀਣ ਦਾ ਪਰਾਏਵਾਚੀ ਨਾਮ ਹੈ। ਜੀਵਨ ਸੰਜੋਗਾਂ ਦਾ ਦੂਸਰਾ ਨਾਮ ਹੈ। ਸਾਡੇ ਜਨਮ ਤੋਂ ਮੌਤ ਦੇ ਵਿਚਕਾਰ ਦਾ ਕਾਲ ਸਮਾਂ ਹੀ ਜੀਵਨ ਦਾ ਮੌਕਾ ਕਹਿਲਾਉਂਦਾ ਹੈ, ਜੋ ਕਿ ਪ੍ਰਮਾਤਮਾ ਦੁਆਰਾ ਦਿੱਤਾ ਗਿਆ ਵਰਦਾਨ ਹੈ। ਉਮਰ ਨੂੰ ਪਾਉਣਾ ਇਕ ਪਹਿਲੂ ਹੈ ਅਤੇ ਉਸ ਨੂੰ ਜੀਣਾ ਵੱਖਰਾ ਪਹਿਲੂ ਹੈ। ਉਮਰ ਵਧ ਰਹੀ ਹੁੰਦੀ ਹੈ ਪਰ ਜ਼ਿੰਦਗੀ ਘੱਟ ਰਹੀ ਹੁੰਦੀ ਹੈ। ਉਮਰ ਤਦ ਤੱਕ ਵਧਦੀ ਰਹਿੰਦੀ ਹੈ, ਜਦ ਤੱਕ ਜੀਵਨ ਦੀ ਡੋਰ ਖ਼ਤਮ ਨਹੀਂ ਹੁੰਦੀ। ਜੀਵਨ ਇਕ ਪ੍ਰਕਿਰਿਆ ਹੈ, ਮੌਕਾ ਹੈ, ਪਦਾਰਥ ਨਹੀਂ।


ਜ਼ਿੰਦਗੀ ਏਨੀ ਲੰਬੀ ਨਹੀਂ ਕਿ ਹਜ਼ਾਰ ਸਾਲ ਜੀਣਾ ਹੈ। ਜ਼ਿੰਦਗੀ ਬਹੁਤ ਛੋਟੀ ਹੈ। ਕੰਮ ਕਰਨ ਦੀ ਉਮਰ ਤੰਦਰੁਸਤੀ ਦੇ ਨਾਲ ਬਿਮਾਰੀ ਰਹਿਤ ਰਹਿ ਕੇ ਬੰਦਾ 80-85 ਸਾਲ ਤੱਕ ਕੰਮ ਕਰ ਸਕਦਾ ਹੈ। ਭਾਰੀ ਅਤੇ ਖੇਚਲ ਰਹਿਤ ਕਾਰਜ ਹੋਵਣ ਤਾਂ ਜਾਂ ਕੇ ਉਹ ਸਹੀ ਅਗਵਾਈ ਕਰ ਸਕਦਾ ਹੈ ਕਿ 80 ਸਾਲਾਂ ਤੋਂ ਬਾਅਦ ਬਹੁਤ ਘੱਟ ਲੋਕਾਂ ਕੋਲ ਊਰਜਾ, ਸੋਚ ਬਚਦੀ ਹੈ।

ਦੋਸਤੋਂ ਜ਼ਿੰਦਗੀ ਬਹੁਤ ਛੋਟੀ ਹੈ, ਇਕ ਖ਼ੂਬਸੂਰਤ ਮੌਕਾ ਹੈ। ਇਸ ਨੂੰ ਅਜਾਈਂ ਨਾ ਗਵਾਉਣਾ।

# ਫੈਂਸੀ ਡਰੈੱਸ ਮੁਕਾਬਲਾ

## ਵਿਅੰਗ


ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA)

ਜਿਵੇਂ ਕਿ ਸਾਰੇ ਜਾਣਦੇ ਹੀ ਹਨ, ਬਖਤੌਰਾ ਸ਼ੁਰੂ ਤੋਂ ਹੀ ਪੰਗੇਬਾਜ਼ ਸੀ ਪਰ ਨਾਲ-ਨਾਲ ਪੜ੍ਹਾਈ ਵਿਚ ਵੀ ਠੀਕ ਹੀ ਰਿਹਾ। ਇੱਕ ਵਾਰ ਸਕੂਲ ਵਿਚ ਡੀ.ਈ.ਉ. ਸਾਹਿਬ ਦਾ ਦੌਰਾ ਸੀ। ਜਮਾਤ ਵਿਚ ਆਉਂਦੇ ਈ ਉਨ੍ਹਾਂ ਨੂੰ ਬਖਤੌਰਾ ਨਜ਼ਰੀਂ ਆ ਗਿਆ ਤੇ ਉਹ ਕਹਿੰਦੇ, ਕਾਕਾ ਕਿਹੜੀ ਜਮਾਤ ਦਾ ਵਿਦਿਆਰਥੀ ਹੈਂ? ਜੀ ਸੱਤਵੀਂ 'ਸੀ' ਦਾ!! ਡੀ.ਈ.ਉ. ਸਾਹਿਬ ਉੱਪਰ ਜਮਾਤ ਦੇ ਨਾਲ ਸੈਕਸ਼ਨ ਦੱਸਣ ਦਾ ਕਾਫੀ ਪ੍ਰਭਾਵ ਪਿਆ ਤੇ ਕਹਿੰਦੇ ਕਾਕਾ ਪਹਾੜੇ ਆਉਂਦੇ ਨੇ? ਜਵਾਬ ਵਿਚ ਬਖਤੌਰਾ ਪੂਰੇ ਵਿਸ਼ਵਾਸ ਨਾਲ ਕਹਿੰਦਾ ਸਰ ਦੂਣੀ ਤੋਂ ਵੀਹੇ ਤੱਕ ਜਿਥੋਂ ਮਰਜ਼ੀ ਪੁੱਛੋ। ਉਨ੍ਹਾਂ ਪੁੱਛਿਆ, ਸੱਤੂ ਛੀਕ? ਬਖਤੌਰਾ ਕਹਿੰਦਾ ਬਤਾਲੀ। ਡੀ.ਈ.ਉ. ਸਾਹਿਬ ਫਿਰ ਪੁੱਛਿਆ ਤੇ ਕਾਕਾ ਛੇ ਸਾਤ? ਜਵਾਬ ਮਿਲਿਆ ਬਤਾਲੀ, ਡੀ.ਈ.ਉ. ਸਾਹਿਬ ਕਹਿਣ ਲੱਗੇ, ਪਹਿਲਾ ਜਵਾਬ ਸਹੀ ਸੀ, ਇਹ ਗਲਤ ਹੈ। ਬਖਤੌਰਾ ਕਹਿੰਦਾ, ਨਹੀਂ ਸਰ। ਇਹ ਵੀ ਠੀਕ ਐ। ਉਨ੍ਹਾਂ ਨਾਂਹ ਵਿਚ ਸਿਰ ਹਿਲਾਇਆ। ਬਖਤੌਰਾ ਆ ਗਿਆ ਆਪਣੀਆਂ ਕਰਤੂਤ 'ਤੇ, ਕਹਿੰਦਾ (ਝੂਠੇ ਦੀ ..............ਮ.....) ਬਾਕੀ ਲਫ਼ਜ਼ ਅਜੇ ਮੂੰਹ ਵਿਚ ਹੀ ਸਨ, ਮਾਸਟਰ ਜੀ ਦੀ ਤਾੜ ਕਰਦੀ ਏ ਕੇ ਸੰਤਾਲੀ ਵਰਗੀ ਚਪੇੜ ਗੱਲ੍ਹ 'ਤੇ ਛਪ ਗਈ। ਡੀ.ਈ.ਉ. ਸਾਹਿਬ ਨੇ ਮਾਸਟਰ ਜੀ ਨੂੰ ਘੂਰਿਆ, ਮਾਰਨਾ ਨਹੀਂ ਬਿਲਕੁੱਲ। ਮਾਸਟਰ ਜੀ ਨੇ ਯੈੱਸ ਸਰ ਕਹਿ ਕੇ ਬਖਤੌਰੇ ਨੂੰ ਕਿਹਾ, ਚੱਲ ਉਏ, ਮੁਰਗਾ ਬਣ। ਜਿੰਨੀ ਦੇਰ ਅਸੀਂ ਬਾਕੀ ਜਮਾਤਾਂ ਘੁੰਮ ਕੇ ਨਹੀਂ ਆਉਂਦੇ, ਮੁਰਗਾ ਬਣੇ ਰਹਿਣਾ। ਹੁਣ "ਪਤੰਦਰ" ਨੂੰ ਗੁੱਸਾ ਆ ਗਿਆ ਤੇ ਬੈਗ ਵਿਚੋਂ ਕੱਢ ਕੇ ਹੈਲੋਵੀਨ ਵਾਲੇ ਦਿਨ ਪਾਉਣ ਵਾਲਾ ਮੁਖੌਟਾ ਅਤੇ ਬਣ ਗਿਆ ਮੁਰਗਾ। ਸਾਰਾ ਸਕੂਲ ਮਦਾਰੀ ਵੇਖਣ ਵਾਲਿਆਂ ਵਾਂਗ ਉਸ ਦੇ ਦੁਆਲੇ 'ਝੁਰਮਟ' ਬਣਾ ਕੇ ਖੜ੍ਹਾ ਸੀ। ਹੁਣ ਡੀ.ਈ.ਉ. ਸਾਹਿਬ ਨੇ ਸੋਚਿਆ, ਜੇ ਹੁਣ ਪਹਿਲਾਂ ਵਾਲੀ ਗੱਲ ਬਾਹਰ ਨਿਕਲੀ, ਤਾਂ ਬੇਇੱਜ਼ਤ ਹੋਵਾਂਗੇ। ਇਸ ਨਾਲੋਂ ਸਕੀਮ ਲਾਈਏ, ਤਾਂ ਸੋਚ ਉਪਰੰਤ ਦੌਰਾ ਹੀ ਬਦਲ ਦੇਣ ਦੀ ਸਕੀਮ ਲਾਈ ਕਿ ਇਸ ਵਿਚ ਲਾਭ ਰਹੇਗਾ। ਹੈੱਡ ਮਾਸਟਰ ਸਾਹਿਬ ਨੂੰ ਬੁਲਾ ਕੇ ਕਿਹਾ, ਤੁਸੀਂ ਅੱਜ ਦੀ ਵਿਜ਼ਿਟ ਵਿਚ ਇੰਸਪੈਕਸ਼ਨ ਵਿਜ਼ਿਟ ਨਾ ਲਿਖਿਉ। ਤੁਸੀਂ ਇਸ ਸਬੰਧ ਵਿਚ ਲਿਖੋ ਕਿ ਸਕੂਲ ਵਿਚ ਬੱਚਿਆਂ ਦੇ ਫੈਂਸੀ ਡਰੈੱਸ ਮੁਕਾਬਲੇ ਕਰਵਾਉਣ ਵਾਸਤੇ ਡੀ.ਈ.ਉ. ਸਾਹਿਬ ਨੂੰ ਬਿਨੈ ਕੀਤਾ ਸੀ, ਤਾਂ ਉਨ੍ਹਾਂ ਨੇ ਸਾਡੀ ਬੇਨਤੀ 'ਤੇ ਛੋਟੇ ਜਿਹੇ ਫੰਕਸ਼ਨ 'ਤੇ ਸ਼ਿਰਕਤ ਕੀਤੀ, ਜਿਸ ਵਿਚ ਸੱਤਵੀਂ ਜਮਾਤ ਦੇ ਬਖਤੌਰ ਸਿੰਘ ਪੁੱਤਰ ਘੁੱਕਰ ਸਿੰਘ ਨੇ ਮੁਰਗਾ ਫੈਂਸੀ ਡਰੈੱਸ ਵਿਚ ਮੁਰਗਾ ਬਣ ਕੇ ਜ਼ਿਲ੍ਹੇ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਉਸ ਨੂੰ ਬੈੱਸਟ ਸਟੂਡੈਂਟ ਐਵਾਰਡ ਨਾਲ ਸਨਮਾਨਿਤ ਕੀਤਾ।

## ਮਾਂ ਦੀ ਹਿੰਮਤ



ਅੰਨ ਦਾਣਾ ਪੂਰਾ ਪੁੱਤ ਨੂੰ ਕਰਾਵਦੀ,
ਸੀਨੇ ਲਾ ਪੁੱਤ ਨੂੰ ਅੱਖੀ ਬੰਦ ਹੋ ਥਾਪਦੀ।
ਜ਼ਿੰਦਗੀ ਨੂੰ ਵੇਖ ਫੁੱਟ ਰੋਅ ਜਾਪਦੀ,
ਮਾਂ ਦੀ ਹਿੰਮਤ ਨਾ ਝੁੱਕ ਮਿਹਨਤ ਆਖਦੀ।

ਭੁੱਖ ਭਿੱਖ ਮੰਗ ਦੁਨੀਆਂ ਨਾ ਦੇ ਮਾਰਦੀ,
ਰੁੱਲ ਜਾਏ ਜ਼ਿੰਦਗੀ ਨਾਲ ਧੁੱਪ ਨੂੰ ਸਹਾਰਦੀ।
ਇੱਜ਼ਤ ਬਚਾਅ ਹਰ ਮਾਂ ਤਨ ਮਨ ਸਾਂਭਦੀ,
ਸੀਨੇ ਲਾਏ ਪੁੱਤ ਨੂੰ ਜ਼ਮੀਨ 'ਤੇ ਨਾ ਤਾਰਦੀ।

ਮੁਸੀਬਤਾਂ ਦੇ ਪਹਾੜ ਵੇਖ ਮਨ ਨੂੰ ਤਾੜਦੀ,
ਹੱਥ ਜੋੜ ਜ਼ਿੰਦਗੀ ਦੇ ਵੱਲ ਕਦੇ ਨਾ ਹਾਰਦੀ।
ਜੋ ਧੀ ਕੁੱਖ ਜੰਮ ਹੋਣੀ ਜੰਮਦੇ ਨੂੰ ਮਾਰਤੀ,
ਮਾਂ ਕਵੇ ਯਾਦ ਰੱਖਿਓ ਰੱਬ ਕਰੇ ਨਾ ਮਾਫ਼ ਜੀ।

ਬੜੇ ਦੁੱਖ ਸਹਿ ਮਾਂ ਧੀ ਨੂੰ ਨਾ ਪਾ ਸਕੀ,
ਦੁੱਖਾਂ ਦੀ ਪੀੜ੍ਹ ਮਾਂ ਹਿੰਮਤ ਕਰ ਸਮਝਾਂਵਦੀ।
ਅੰਤ ਜੋ ਹੁੰਦਾ ਜ਼ਿੰਦਗੀ ਵੀ ਰੰਗ ਠਾਰਦੀ,
ਫ਼ੈਸਲੇ ਤਕਦੀਰ ਜੁੜੀ ਦੇ ਮਾਂ ਮੰਮਤਾ ਪਾਂਵਦੀ।

ਬੜੀ ਮੁਸ਼ਕਿਲ ਪੀੜ੍ਹ ਤੋਂ ਸੁੱਖ ਲਿਆਂਵਦੀ,
ਦੁੱਖਾਂ ਸਿਰ ਬੋਝ ਪਏ ਨੂੰ ਮਾਂ ਵੇਖ ਪਛਾੜਦੀ।
ਹੰਝੂ ਬਹੁਤ ਵਹਾ ਬੈਠੀ ਹੁਣ ਨਾ ਵ੍ਹਾਵਦੀ,
ਮਾਂ ਜ਼ਿੰਦਗੀ ਵੇਖ ਗੌਰਵ ਤੋਂ ਸੱਚ ਬਿਆਨਦੀ।

ਗੌਰਵ ਧੀਮਾਨ
ਚੰਡੀਗੜ੍ਹ ਜੀਰਕਪੁਰ
ਮੋ: ਨੰ: 7626818016
(Punjab Mail USA)



## ਬਸੰਤ ਰੁੱਤ

ਬਸੰਤ ਰੁੱਤ ਆਉਣ ਲਈ,
ਸੁੱਕੇ ਪੱਤਿਆਂ ਨੂੰ ਝੜਨਾ ਪੈਂਦਾ ਹੈ।
ਟਾਹਣੀ ਨਾਲੋਂ ਟੁੱਟਣਾ ਪੈਂਦਾ ਹੈ,
ਪੈਰਾਂ ਥੱਲੇ ਰੁਲਣਾ ਪੈਂਦਾ ਹੈ।
ਆਵੇ ਹਰ ਪਾਸੇ ਹਰਿਆਲੀ,
ਪੱਤਝੜ ਨੂੰ ਆਉਣਾ ਪੈਂਦਾ ਹੈ।
ਨਵੀਂ ਬਾਹਰ ਲਿਆਉਣ ਲਈ,
ਟਾਹਣੀ ਨੂੰ ਖ਼ਾਲੀ ਕਰਨਾ ਪੈਂਦਾ ਹੈ।
ਨਵਿਆਂ ਦੇ ਉੱਗਣ ਲਈ,
ਸੁੱਕਿਆਂ ਨੂੰ ਝੜਨਾ ਪੈਂਦਾ ਹੈ।
ਕੁਦਰਤ ਦਾ ਨਿਯਮ ਮੰਨਣਾ ਪੈਂਦਾ ਹੈ,
ਰੁੱਖਾਂ ਨੂੰ ਮੌਸਮ ਨਾਲ ਬਦਲਣਾ ਪੈਂਦਾ ਹੈ।
ਰੁੱਖਾਂ ਦੀ ਨਵੀਂ ਪੁਸ਼ਾਕ ਪਾਉਣ ਲਈ,
ਵੀਰਾਨੀ ਛਾਂ ਲਿਆਉਣੀ ਪੈਂਦੀ ਹੈ।
ਜੇਕਰ ਸੁੱਕੇ ਝੜ ਜਾਣਗੇ,
ਤਾਂਹੀਓ ਤਾਂ ਨਵੇਂ ਆਉਣਗੇ।
ਹਵਾ ਪੱਤਿਆਂ ਨੂੰ ਆ ਨਚਾਉਂਦੀ ਹੈ,
ਜਦ ਦੂਰ-ਦੂਰ ਤੱਕ ਭਜਾਉਂਦੀ ਹੈ।
ਹਰ ਪੱਤਾ ਜਦ ਝੜਦਾ ਹੈ,
ਮਸਤੀ ਵਿਚ ਜਾ ਵੜਦਾ ਹੈ।
ਬਸੰਤ ਰੁੱਤ ਆਉਣ ਲਈ,
ਸੁੱਕੇ ਪੱਤਿਆਂ ਨੂੰ ਝੜਨਾ ਪੈਂਦਾ ਹੈ।

-ਬਲਜਿੰਦਰ ਕੌਰ ਸ਼ੇਰਗਿੱਲ
ਮੋਹਾਲੀ : 98785-19278
(Punjab Mail USA)



## ਨਜ਼ਮ: ਚਿੱਟੇ ਹੋਣ ਵਸਤਰ...

ਚਿੱਟੇ ਹੋਣ ਵਸਤਰ ਕਾਲਾ ਦਿਲ ਹੋਵੇ, ਪੋਚੀ ਪੱਗ
ਤੇ ਸੋਹਣਾ ਜਵਾਨ ਹੋਵੇ।
ਸ਼ਕਲ ਮੋਮਨਾ ਦੀ ਕੰਮ ਕਾਫ਼ਰਾਂ ਦੇ, ਕੈਰੀ ਅੱਖ ਤੇ
ਮਿੱਠੀ ਜ਼ੁਬਾਨ ਹੋਵੇ।
ਬੱਗਲੇ ਵਾਂਗ ਸਮਾਧੀਆਂ ਲਾਈ ਰੱਖੇ, ਲੱਗੇ ਦਾਅ
ਨਾ ਜ਼ਰਾ ਗਲਤਾਨ ਹੋਵੇ।
ਬਾਣੀ ਪੜ੍ਹਦਿਆਂ ਵੀ ਕੀਰਤਨ ਕਰਦਿਆਂ ਵੀ,
ਰਹਿੰਦਾ ਮਾਇਆ ਵੱਲ ਸਦਾ ਧਿਆਨ ਹੋਵੇ।
ਆਪ ਨਾਮ ਦੀ ਹੋਏ ਨਾ ਸਾਰ ਸਮਝੀ, ਦੇਂਦਾ
ਸੰਗਤਾਂ ਨੂੰ ਨਾਮਦਾਨ ਹੋਵੇ।
ਬਦਲੇ ਭੇਖ ਜੋ ਵਾਂਗ ਬੌਹ ਰੁਪੀਆ ਦੇ, ਅੱਜਕੱਲ੍ਹ
ਇਹੋ ਜਿਹਾ ਨੇਤਾ ਪਰਵਾਨ ਹੋਵੇ।
ਪੜ੍ਹਿਆ ਪਹਿਲੀ ਨਾ ਹੋਵੇ ਸਕੂਲ ਬੇਸ਼ਕ, ਹੇਰਾ ਫੇਰੀ
ਵਿਚ ਬਣਿਆ ਦਲਾਲ ਹੋਵੇ।
ਖਾਣ ਪੀਣ ਤੋਂ ਕਰੇ ਪਰਹੇਜ ਕੋਈ ਨਾ, ਹੋਵੇ ਝਟਕਾ
ਤੇ ਭਾਵੇ ਹਲਾਲ ਹੋਵੇ।
ਵੰਡੇ ਦੇਗ ਜਦ ਬੜਾ ਧਿਆਨ ਰੱਖੇ, ਗੁੱਡੀ ਹੋਏ
ਕਿਧਰ, ਕਿਧਰ ਲਾਲ ਹੋਵੇ।
ਛੱਡੇ ਗੁਰਦੁਆਰੇ ਦੀ ਚੀਜ਼ ਕੋਈ ਨਾ, ਚੌਰ ਚਾਨਣੀ
ਭਾਵੇਂ ਘੜਿਆਲ ਹੋਵੇ।
ਰਹੇ ਹੋਰਾਂ ਨੂੰ ਨਿਤ ਉਪਦੇਸ਼ ਦੇਂਦਾ, ਪੈਸੇ ਪੈਸੇ ਤੇ
ਸੁੱਟਦਾ ਈਮਾਨ ਹੋਵੇ।
ਹੋਵੇ ਚੋਰ ਪਰ ਲੁੱਟਦਾ ਸਾਧ ਬਣ ਕੇ, ਐਸਾ ਪੁਰਸ਼
ਹਰ ਜਗ੍ਹਾ ਪਰਵਾਨ ਹੋਵੇ।
ਅੰਦਰ ਹੋਰ ਹੋਵੇ ਬਾਹਰੋਂ ਹੋਰ ਹੋਵੇ, ਬਗਲ ਛੁਰੀ
ਹੋਵੇ, ਮੂੰਹ ਵਿਚ ਰਾਮ ਹੋਵੇ।
ਜਮਨਾ ਜਾਏ ਜੇ ਕਰ ਜਮਨਾ ਦਾਸ ਹੋਵੇ, ਗੰਗਾ
ਜਾਏ ਜੇ ਕਰ ਗੰਗਾ ਰਾਮ ਹੋਵੇ।
ਤੜਕੇ ਸੁਖਮਨੀ ਸਾਹਿਬ ਦੀਆ ਲਾਏ ਹੇਕਾਂ, ਸ਼ਾਮੀ
ਠੇਕੇ ਤੇ ਪੀ ਰਿਹਾ ਜਾਮ ਹੋਵੇ।
ਕਦੇ ਰਾਮ ਬਣ ਜਾਏ ਕਦੇ ਦਾਸ ਬਣ ਜਾਏ, ਕਦੀ
ਸਿੰਘ ਹੋਵੇ ਕਦੀ ਸ਼ਾਮ ਹੋਵੇ।
ਖਾਵੇ ਮੰਦਰੋਂ ਭੋਂਕੇ ਮਸੀਤ ਜਾ ਕੇ, ਨਿੰਦੇ ਉਸ ਨੂੰ
ਜਿਹਦਾ ਅਹਿਸਾਨ ਹੋਵੇ।
ਨਿਗਲ ਜਾਏ ਜੋ ਪੂਜਾ ਦਾ ਧਨ ਸਾਰਾ, ਨੇਤਾ ਸਭ
ਨੂੰ ਐਸਾ ਪਰਵਾਨ ਹੋਵੇ।
ਵੋਟਾਂ ਮੰਗ ਕੇ ਪੰਥ ਦੇ ਨਾਮ ਉੱਤੇ, ਆਪ ਜਿੱਤ
ਜਾਏ ਦੂਜੇ ਨੂੰ ਹਾਰ ਦੇਵੇ।
ਬਦਲੇ ਪਾਰਟੀ ਜਾ ਕੇ ਅਸੰਬਲੀ ਵਿਚ, ਧਰਮ ਸ਼ਰਮ
ਸਭ ਦਿਲੋਂ ਵਿਸਾਰ ਦੇਵੇ।
ਆ ਜਾਏ ਹੱਥ ਵਜ਼ੀਰੀ ਦੀ ਡੋਰ ਜੇਕਰ, ਛੱਤੀ
ਕੁੱਲਾਂ ਪਰਿਵਾਰ ਦੀਆਂ ਤਾਰ ਦੇਵੇ।
ਅਪਣੇ ਪੰਥ ਦੀ ਨਿੰਦਆ ਕਰੇ ਮੁੜ ਮੁੜ, ਤਾਹਨੇ
ਤੋਮਤਾਂ ਕਈ ਹਜ਼ਾਰ ਦੇਵੇ।
ਹੋਵੇ ਵੱਡਾ ਸਰਦਾਰ ਸਮਗਲਰਾਂ ਦਾ, ਲੁਟ ਪੁਟ ਕੇ
ਬਣਿਆ ਪ੍ਰਧਾਨ ਹੋਵੇ।
ਗੋਲਕ ਸਭ ਕੁਝ ਕਰ ਜਾਏ ਗੁੱਲ ਜਿਹੜਾ, ਨੇਤਾ
ਜਗ ਨੂੰ ਐਸਾ ਪਰਵਾਨ ਹੋਵੇ।
ਨੀਲੀ ਲਾਹ ਕੇ ਤੇ ਚਿਟੀ ਬੰਨ੍ਹ ਲਏ ਝਟ, ਆਇਆ
ਕੌਮ 'ਤੇ ਜੇ ਇਮਤਿਹਾਨ ਹੋਵੇ।
ਮਹਾ ਸੰਤ ਬਣ ਕੇ ਚੜ੍ਹੇ ਕਾਰਾਂ ਦੇ ਵਿਚ,
ਮਹਾਰਾਜਿਆਂ ਦੇ ਵਰਗੀ ਸ਼ਾਨ ਹੋਵੇ।
ਦੱਸੇ ਆਪਣੇ ਆਪ ਨੂੰ ਭਾਈ ਲਾਲੋ, ਮਲਕ ਭਾਗੋ
ਜਿਹਾ ਸਾਰਾ ਸਮਾਨ ਹੋਵੇ।
ਕਿਸੇ ਡੇਰੇ ਦਾ ਭਾਵੇ ਮਹੰਤ ਬਣ ਕੇ, ਘਰ ਵਿਚ
ਮੀਟ ਦੀ ਖੋਲੀ ਦੁਕਾਨ ਹੋਵੇ।
ਕੌਮ ਆਪਣੀ ਦਾ ਭਾਵੇ ਹੋਏ ਲੀਡਰ, ਜੱਥੇਦਾਰ
ਹੋਵੇ ਜਾ ਪ੍ਰਧਾਨ ਹੋਵੇ।
ਚੂਸੇ ਖ਼ੂਨ ਗ਼ਰੀਬਾਂ ਦਾ ਜੋਕ ਬਣ ਕੇ, ਸਭ ਨੂੰ ਏਹੋ
ਜਿਹਾ ਮੁਖੀ ਪਰਵਾਨ ਹੋਵੇ।
ਚਿੱਟੇ ਹੋਣ ਵਸਤਰ ਕਾਲਾ ਦਿਲ ਹੋਵੇ...।

ਸਤਨਾਮ ਸਿੰਘ ਦਰਦੀ ਚਾਨੀਆਂ,
ਜਲੰਧਰ
92569-73526
(Punjab Mail USA)



## ਕਦੇ ਸੋਚੀਂ

ਕੀ ਭਾਲਦੈਂ ਬਨੇਰਿਆਂ 'ਤੇ ਦੀਵੇ ਜਗਾ ਕੇ,
ਕਦੇ ਅੰਦਰ ਵਾਲਾ ਦੀਵਾ ਜਗਾ ਤਾਂ ਸਹੀ।

ਭਰੀ ਹੈ ਦਿਲ ਵਿਚ ਨਫ਼ਰਤ ਦੀ ਕਾਲਖ਼,
ਕਦੇ ਪਿਆਰਾਂ ਦੀ ਕਲੀ ਕਰਾ ਤਾਂ ਸਹੀ।

ਮਨ ਮੰਦਿਰ ਵਿਚ ਤੇਰੇ ਲੁਕ ਚੋਰ ਬੈਠਾ,
ਕਦੇ ਫੜਕੇ ਅੰਦਰੋਂ ਮਾਰ ਮੁਕਾ ਤਾਂ ਸਹੀ।

ਨਿੰਦਿਆ ਚੁਗਲੀ ਛੱਡ ਲੋਭ ਮੋਹ ਡਾਢੇ,
ਕਦੇ ਹੰਕਾਰ ਹਉਮੈਂ ਦਾ ਭੋਗ ਪਾ ਤਾਂ ਸਹੀ।

ਦੀਨ ਦੁਖੀ ਦੀ ਫੜ ਲੈ ਤੂੰ ਬਾਂਹ ਘੁੱਟ ਕੇ,
ਕਦੇ ਉਨ੍ਹਾਂ ਦੇ ਦਰਦ ਪੀੜ ਵੰਡਾ ਤਾਂ ਸਹੀ।

ਰੰਗ ਨਸਲ ਊਚ ਨੀਚ ਦਾ ਭੇਦ ਛੱਡਕੇ,
ਕਦੇ ਮਨੁੱਖਤਾ ਨੂੰ ਗਲ਼ੇ ਲਗਾ ਤਾਂ ਸਹੀ।

ਮੇਲਾ ਜੱਗ ਵਾਲਾ ਲੱਗੇਗਾ ਹੋਰ ਸੁਹਾਣਾ,
ਅੱਖ ਜ਼ਿੰਦਗੀ ਦੇ ਨਾਲ ਮਿਲਾ ਤਾਂ ਸਹੀ।

-ਸੇਵਾ ਸਿੰਘ "ਨੂਰਪੁਰੀ"
(Punjab Mail USA)



## ਨਾਅਰਾ ਪੰਜਾਬੀ ਦਾ (ਗੀਤ)

ਬਣ ਕੇ ਸੇਵਕ ਤੇ ਹਰਕਾਰਾ ਮੈਂ ਪੰਜਾਬੀ ਦਾ
ਦੁਨੀਆਂ ਦੇ ਵਿਚ ਦੇ ਦਿਆਂ ਨਾਅਰਾ ਮੈਂ ਪੰਜਾਬੀ ਦਾ
ਦੇਸ ਵਿਦੇਸ਼ਾਂ ਦੇ ਵਿਚ ਇਸ ਦੇ ਪਿਆਰੇ ਬੈਠੇ ਨੇ
ਊੜਾ, ਐੜਾ, ਈੜੀ ਦੇ ਵਣਜਾਰੇ ਬੈਠੇ ਨੇ
ਫੜ ਕੇ ਉਂਗਲ ਲਵਾਂ ਸਹਾਰਾ ਮੈਂ ਪੰਜਾਬੀ ਦਾ
ਦੁਨੀਆਂ ਦੇ ਵਿਚ ਦੇ ਦਿਆਂ ਨਾਅਰਾ ਮੈਂ ਪੰਜਾਬੀ ਦਾ
ਗੁਰੂਆਂ ਦੀ ਕਿਰਪਾ ਨਾਲ ਇਸ ਨੇ ਭਰੀ ਉਡਾਰੀ ਜੀ
ਭਾਈ ਕਾਨ੍ਹ ਸਿੰਘ ਵੀਰ ਸਿੰਘ ਹੱਥੀਂ ਪ੍ਰਚਾਰੀ ਜੀ
ਹਾਸ਼ਮ ਨੂੰ ਪੜ੍ਹ ਲਿਆ ਨਜ਼ਾਰਾ ਮੈਂ ਪੰਜਾਬੀ ਦਾ
ਦੁਨੀਆਂ ਦੇ ਵਿਚ ਦੇ ਦਿਆਂ ਨਾਅਰਾ ਮੈਂ ਪੰਜਾਬੀ ਦਾ
ਵਾਰਿਸ, ਬੁੱਲ੍ਹਾ, ਪੀਲੂ ਨੇ ਇਹਨੂੰ ਮਹਿਕਣ ਲਾਇਆ ਏ
ਅੰਮ੍ਰਿਤਾ, ਨਾਨਕ, ਪ੍ਰੀਤਲੜੀ ਨੇ ਜੱਸ ਵਧਾਇਆ ਏ
ਸ਼ਿਵ ਦੇ ਵਾਂਗਰ ਬਣਾਂ ਸਿਤਾਰਾ ਮੈਂ ਪੰਜਾਬੀ ਦਾ
ਦੁਨੀਆਂ ਦੇ ਵਿਚ ਦੇ ਦਿਆਂ ਨਾਅਰਾ ਮੈਂ ਪੰਜਾਬੀ ਦਾ
ਅੱਖਰ ਅੱਖਰ ਇਸਦਾ ਮੈਨੂੰ ਪਿਆ ਬੁਲਾਵੇ ਹੈ
ਮਾਂ ਬੋਲੀ ਮਾਂ ਬਣ ਕੇ ਮੈਨੂੰ ਲਿਆ ਕਲਾਵੇ ਹੈ
ਢਹਿ ਚਰਨੀਂ ਹੋ ਗਿਆਂ ਦੁਲਾਰਾ ਮੈਂ ਪੰਜਾਬੀ ਦਾ
ਦੁਨੀਆਂ ਦੇ ਵਿਚ ਦੇ ਦਿਆਂ ਨਾਅਰਾ ਮੈਂ ਪੰਜਾਬੀ ਦਾ

- ਨਿਰਮਲ ਸਿੰਘ ਰੱਤਾ, ਅੰਮ੍ਰਿਤਸਰ।
84270-07623 (Punjab Mail USA)

## ਗ਼ਜ਼ਲ

ਕੌਣ ਕਿੰਨੇ ਕੱਫ਼ਣਾਂ ਵਿਚ ਜੀ ਰਿਹੈ,
ਜ਼ਿੰਦਗੀ ਬੱਸ ਏਹੋ ਕਿੱਸਾ ਹੀ ਰਿਹੈ।
ਕਿਸ ਖ਼ੁਦਾ ਨੂੰ ਮੈਂ ਸਿਜਦਾ ਕਰਾਂ,
ਹਰ ਖ਼ੁਦਾ ਹੁਣ ਪੱਥਰ ਬਣ ਰਿਹੈ।
ਟੁਕੜੇ ਟੁਕੜੇ, ਲੀਰਾਂ ਲੀਰਾਂ ਆਦਮੀ,
ਮੁੱਦਤਾਂ ਤੋਂ ਬੋਦਾ ਦਾਮਨ ਸੀ ਰਿਹੈ।
ਕਤਰਾ ਕਤਰਾ ਸਾਗਰਾਂ ਦਾ ਬਾਪ ਹੈ,
ਫਿਰ ਵੀ ਸਾਗਰ ਕਤਰਿਆਂ ਨੂੰ ਪੀ ਰਿਹੈ।
ਰਿਸ਼ਤੇ ਨਾਤੇ ਸੋਨਾ ਚਾਂਦੀ ਬਣ ਗਏ,
ਭੈਣ ਭਰਾ ਨਾ ਕੋਈ ਪੁੱਤਰ ਧੀ ਰਿਹੈ।
ਕਲਯੁਗ ਅੰਦਰ ਕਲ ਹੈ ਇੱਕੋ ਦੇਵਤਾ,
ਜੱਗ ਦਾ ਵੈਰੀ ਡੀਜ਼ਲ ਅੰਮ੍ਰਿਤ ਪੀ ਰਿਹੈ।
ਦਿਲ ਦਿਮਾਗ਼ ਤੇ ਰੂਹ ਨੂੰ ਤਾਲ਼ੇ ਲੱਗੇ ਨੇ,
ਬਚਿਆ ਕੀ ਹੈ, ਬੰਦੇ ਪੱਲੇ ਕੀ ਰਿਹੈ?

ਪ੍ਰੋਫ਼ੈਸਰ ਬਸੰਤ ਸਿੰਘ ਬਰਾੜ, ਬਠਿੰਡਾ
ਫੋਨ: 98149-41214
(Punjab Mail USA)



## ਅਪਾਹਜ ਦਰੱਖਤ



ਆ ਤੈਨੂੰ ਦੱਸਾਂ, ਕੀ ਮੇਰੇ ਨਾਲ ਬੀਤੀ,
ਕੀ ਤੇਰੀਆਂ ਨਸਲਾਂ, ਮੇਰੇ ਨਾਲ ਕੀਤੀ।

ਸਦੀਆਂ ਤੋਂ ਮੈਂ ਹਾਂ, ਤੇਰਾ ਰਖਵਾਲਾ,
ਪਰ ਅਫਸੋਸ ਕਿ ਤੂੰ, ਮੇਰੀ ਜਾਣੀ ਨਾ ਕੀਤੀ।

ਤੇਰੇ ਸਾਹਾਂ ਵਿਚ ਸਾਹ, ਸੀ ਮੇਰੇ ਹਮੇਸ਼ਾ,
ਪਰ ਤੂੰ ਮੇਰੀ ਸਾਹ ਰਗ, ਵੱਢਣ ਦੀ ਕੀਤੀ।

ਪਵਣ ਮੇਰਾ ਗੁਰੂ, ਤੇ ਪਾਣੀ ਪਿਤਾ ਸੀ,
ਪਲੀਤ ਜਿਸ ਨੂੰ ਕਰਨ ਦੀ, ਰਹੀ ਤੇਰੀ ਨੀਤੀ।

ਛਪੜੀ ਦੇ ਕੰਢੇ, ਮੈਂ ਖ਼ੁਸ਼ ਸਾਂ ਬੜਾ ਹੀ,
ਫੇਰ ਵੀ ਤੂੰ ਕੀਤੀ, ਮੇਰੇ ਨਾਲ ਵਧੀਕੀ।

ਸੁੱਕਾ 'ਤੇ ਰੁੱਖਾ, ਰਿਹਾ ਤੇਰਾ ਵਤੀਰਾ,
ਪਤਾ ਨਹੀਂ ਕੀ ਸੀ, ਤੇਰੀ ਮੇਰੀ ਸ਼ਰੀਕੀ।

ਮੁੱਕੇ ਨਾ ਲਾਲਚ, ਨਾ ਤੇਰੀਆਂ ਖਾਹਿਸ਼ਾਂ,
ਪਰ ਮੈਂ ਛੱਡੀ ਵਫ਼ਾ, ਨਾ ਮੈਂ ਛੱਡੀ ਸਲੀਕੀ।

ਰੱਬ ਕਰੇ ਵਸਦਾ, ਰਹੇ ਤੇਰਾ ਵਿਹੜਾ,
ਨਾ ਹੋਵੇ ਤੇਰੀ ਦਾਸਤਾਂ, ਸਮੇਂ ਦੀ ਬਾਤ ਬੀਤੀ।

-ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ.ਕੇ.
ਟੈਲੀਫੋਨ: 07748772308
(Punjab Mail USA)




## ਮਾਂ ਪੰਜਾਬੀ

ਲੋਰੀਆਂ ਦੇ ਕੇ ਮਾਂ ਸਵਾਇਆ
ਬਣਵਾ ਟਾਹਲੀ ਦਾ ਪੰਘੂੜਾ
ਪਹਿਲਾ ਅੱਖਰ ਮਾਂ ਪੜ੍ਹਾਇਆ
ਯਾਦ ਹੋ ਗਿਆ ਊੜਾ
ਇੱਕ ਓਂਕਾਰ ਦਾ ਰੰਗ ਚੜ੍ਹਾਇਆ
ਮਾਂ ਨੇ ਬਹੁਤ ਹੀ ਗੂੜ੍ਹਾ
ਗੁਰਮੁਖੀ ਮੇਰੀ ਮਾਂ ਪੰਜਾਬੀ
ਸਿਰ ਸਜਾਇਆ ਜੂੜਾ
ੳ ਤੋਂ ੜ ਤੱਕ ਮਿਠਾਸ ਹੈ ਘੁਲਦੀ
ਜਿਵੇਂ ਸਾਉਣ ਮਹੀਨੇ ਪੂੜਾ
ਇੱਕ ਸਰਦਾਰਨੀ ਮਾਂ ਪੰਜਾਬੀ
ਬਾਕੀ ਸਭ ਨੇ ਕੂੜਾ

-ਸੱਤਪਾਲ ਸਿੰਘ ਦਿਓਲ
98781-70771
(Punjab Mail USA)




REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567